@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Friday, 21 June 2024

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 21 ਜੂਨ 2024, 7 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 213, qpatrika@gmail.com ਫੋਨ : 9971359517 www.qaumipatrika.org

## ਕੇਂਦਰ ਸਰਕਾਰ ਵੱਲੋਂ ਐੱਮ. ਐੱਸ. ਪੀ. ਵਧਾਉਣ ਦੇ ਐਲਾਨ ‘ਤੇ ਕਿਸਾਨਾਂ ਦਾ ਵੱਡਾ ਬਿਆਨ

ਚੰਡੀਗੜ੍ਹ 20 ਜੂਨ। ਕੇਂਦਰ ਸਰਕਾਰ ਵੱਲੋਂ ਬੀਤੇ ਦਿਨੀਂ ਝੋਨੇ ਸਮੇਤ 14 ਫਸਲਾਂ ‘ਤੇ ਵਧਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਐਲਾਨ ਨੂੰ ਅੱਜ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਮੰਗ ਹੈ ਕਿ ‘ਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਇਆ ਜਾਵੇ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਸਰਕਾਰ ਨੇ ਰੂਟੀਨ ਦੀ ਤਰ੍ਹਾਂ ਹੀ ਵਿਚ ਵਾਧਾ ਕੀਤਾ ਹੈ। ਇਸ ਗੱਲ ਨੂੰ ਦੇਸ਼ ਭਰ ਵਿਚ ਬੜਾ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਪਰ ਅਸਲੀਅਤ



ਇਹ ਹੈ ਕਿ ਜੋ ਮਹਿੰਗਾਈ ਦੀ ਦਰ ਵਧੀ ਹੈ, ਉਹ ਤਕਰੀਬਨ ਸਵਾ 5 ਫੀਸਦੀ ਦੇ ਕਰੀਬ ਹੈ। ਸਰਕਾਰ ਵੱਲੋਂ ਬਾਜਰਾ, ਝੋਨਾ ਆਦਿ ਫਸਲਾਂ ‘ਤੇ ਵਿਚ 5 ਤੋਂ ਸਵਾ 5 ਫੀਸਦੀ ਤਕ ਦਾ ਵਾਧਾ ਹੀ ਕੀਤਾ ਗਿਆ ਹੈ, ਇਸ ਵਿਚ ਸਰਕਾਰ ਨੇ ਕਿਹੜਾ ਵੱਡਾ ਕੰਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਐਲਾਨ ਦੇਸ਼ ਭਰ ਦੇ ਕਿਸਾਨਾਂ ਨਾਲ ਧੋਖਾ ਹੈ। ਦੇਣ ਦਾ ਫਾਇਦਾ ਫੇਰ ਹੀ ਹੈ, ਜੇ ਇਸ ‘ਤੇ ਖਰੀਦ ਦੀ ਗਾਰੰਟੀ ਕਿਸਾਨਾਂ ਨੂੰ ਦਿੱਤੀ ਜਾਵੇ। ਡੱਲੇਵਾਲ ਨੇ ਕਿਹਾ ਕਿ ਪਿਛਲੀ ਵਾਰ ਨਰਮੇ ‘ਤੇ 6400-6500 ਦੇ ਕਰੀਬ ਸੀ ਪਰ ਅਸਲ ਵਿਚ ਉਹ 4000-4500 ‘ਚ ਵਿੱਕ ਰਿਹਾ ਸੀ। ਇਸ ਲਈ ਸਿਰਫ ਐਲਾਨ ਨਾਲ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ]

## NEET ਦੇ ਮੁੱਦੇ ’ਤੇ ‘ਆਪ’ ਨੇ ਚੁੱਕੇ ਵੱਡੇ ਸਵਾਲ

ਚੰਡੀਗੜ੍ਹ 20 ਜੂਨ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਡ. ਬਿਕਰਮਜੀਤ ਪਾਸੀ ਵਲੋਂ ਇੱਥੇ ਇਕ ਅਹਿਮ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ਵਿਦਿਆਰਥੀਆਂ ਨਾਲ ਖਿਲਵਾੜ ਕਰ ਰਹੀ ਹੈ। ‘ਨੀਟ’ ਦੇ ਨਤੀਜਿਆਂ ਦੌਰਾਨ ਜੋ ਕੁੱਝ ਹੋਇਆ, ਉਸ ‘ਤੇ ਵੱਡੇ ਪ੍ਰਸ਼ਨ ਖੜ੍ਹੇ ਹੁੰਦੇ ਹਨ। ਇਨ੍ਹਾਂ ਨੂੰ ਬੇਨਿਯਮੀਆਂ ਕਹਿ ਕੇ ਟਾਲਣ ਦੀ ਕੋਸ਼ਿਸ਼ ਨਹੀਂ ਕੀਤੀ ਜਾ ਸਕਦੀ। ਇਸ ਪਿੱਛੇ ਬਹੁਤ ਵੱਡਾ ਘਪਲਾ ਨਜਰ




ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਨੀਟ ਲਈ ਵਿਦਿਆਰਥੀ ਜੀਅ-ਤੋੜ ਮਿਹਨਤ ਕਰਦੇ ਹਨ ਅਤੇ ਮਾਪੇ ਆਪਣੀ ਮਿਹਨਤ ਦੀ ਕਮਾਈ ਲਗਾਉਂਦੇ ਹਨ ਅਤੇ ਚਾਹੁੰਦੇ ਹਨ ਕਿ ਸਾਡੇ ਬੱਚਿਆਂ ਦਾ ਭਵਿੱਖ ਬਣੇ। ਪੇਪਰ ਲੀਕ ਦੀ ਗੱਲ ਸਾਹਮਣੇ ਆਉਣ ‘ਤੇ ਬਿਹਾਰ ਅਤੇ ਗੁਜਰਾਤ ‘ਚ ਗ੍ਰਿਫਤਾਰੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਦਾ ਨਤੀਜਾ 14 ਜੂਨ ਨੂੰ ਆਉਣਾ ਸੀ ਪਰ ਇਸ ਤੋਂ ਪਹਿਲਾਂ ਹੀ ਚੋਣਾਂ ਦੇ ਸ਼ੋਰ ‘ਚ ਨਤੀਜਾ ਐਲਾਨ ਦਿੱਤਾ ਜਾਂਦਾ ਹੈ। ਇਸ ਦਾ ਕੀ ਕਾਰਨ ਸੀ? ਨਤੀਜੇ ਸਾਹਮਣੇ ਆਉਣ ਤੋਂ ਬਾਅਦ 67 ਬੱਚੇ 720 ‘ਚੋਂ 720 ਨੰਬਰ ਲੈ ਗਏ ਪਰ ਇਸ ਤੋਂ ਪਹਿਲਾਂ ਹਮੇਸ਼ਾ 2 ਜਾਂ 3 ਬੱਚੇ ਅਜਿਹੇ ਨੰਬਰ ਲੈ ਕੇ ਆਉਂਦੇ ਰਹੇ ਹਨ। ਇਹ ਇਸ ਗੱਲ ਵੱਲ ਇਸ਼ਾਰਾ ਕਰ ਰਿਹਾ ਹੈ ਕਿ ਪਰਦੇ ਪਿੱਛੇ ਬਹੁਤ ਵੱਡਾ ਘਪਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਬੱਚਿਆਂ ਨਾਲ ਬਹੁਤ ਵੱਡਾ ਖਿਲਵਾੜ ਹੋ ਰਿਹਾ ਹੈ ਪਰ ਕੇਂਦਰ ਸਰਕਾਰ ਅਤੇ ਐੱਨ. ਟੀ. ਏ. ਅੱਖਾਂ ਬੰਦ ਕਰਕੇ ਬੈਠੀ ਹੋਈ ਹੈ। ਇਨ੍ਹਾਂ ਦੀ ਚੁੱਪੀ ਪਿੱਛੇ ਕੀ ਕਾਰਨ ਹੈ? ਬਿਕਰਮਜੀਤ ਪਾਸੀ ਨੇ ਕਿਹਾ ਕਿ ਅੱਜ ਭਾਰਤ ‘ਚ ਬੱਚਿਆਂ ਨੂੰ ਇਹ ਲੱਗ ਰਿਹਾ ਹੈ ਕਿ ਸਾਡੇ ਟੈਲੇਂਟ ਦਾ ਕੀ ਬਣੇਗਾ।

## ਜਲੰਧਰ ਵੈਸਟ ਹਲਕੇ ਦੀ ਜਿਮਨੀ ਚੋਣ ਲਈ ਹੁਣ ਤੱਕ 3 ਨਾਮਜ਼ਦਗੀਆਂ ਹੋਈਆਂ ਦਾਖਲ

ਚੰਡੀਗੜ੍ਹ/ਜਲੰਧਰ 20 ਜੂਨ। ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜਿ?ਮਨੀ ਚੋਣ ਲਈ ਬੁੱਧਵਾਰ ਨੂੰ 3 ਨਾਮਜ਼ਦਗੀਆਂ ਦਾਖਲ ਹੋਈਆਂ। ਜਿ?ਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੁੱਧਵਾਰ ਨੂੰ ਲੋਕਤੰਤਰਿਕ ਲੋਕ ਰਾਜਿਅਮ ਪਾਰਟੀ ਵੱਲੋਂ ਇੰਦਰਜੀਤ ਸਿੰਘ ਅਤੇ 2 ਆਜ਼ਾਦ ਉਮੀਦਵਾਰਾਂ ਰਾਜ ਕੁਮਾਰ ਅਤੇ ਵਿਸ਼ਾਲ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ। ਜਲੰਧਰ ਪੱਛਮੀ ਦੀ ਜਿ?ਮਨੀ ਚੋਣ ਲਈ ਹੁਣ ਤਕ ਕੁੱਲ 3 ਨਾਮਜਦਗੀ ਪੱਤਰ ਦਾਖਲ ਕੀਤੇ ਗਏ ਹਨ।

# ਅਰਵਿੰਦ ਕੇਜਰੀਵਾਲ ਨੂੰ ਮਿਲੀ ਜਮਾਨਤ, ਭਲਕੇ ਆ ਸਕਦੇ ਹਨ ਜੇਲ੍ਹ ‘ਚੋਂ ਬਾਹਰ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 20 ਜੂਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ‘ਚ ਵੀਰਵਾਰ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਨੂੰ ਇੱਕ ਲੱਖ ਰੁਪਏ ਦੀ ਜਮਾਨਤ ਰਾਸੀ ’ਤੇ ਇਹ ਰਾਹਤ ਮਿਲੀ ਹੈ। ਈ.ਡੀ. ਨੇ ਜਮਾਨਤ ਦਾ ਵਿਰੋਧ ਕਰਨ ਲਈ 48 ਘੰਟੇ ਦਾ ਸਮਾਂ ਮੰਗਿਆ ਹੈ। ਅਦਾਲਤ ਨੇ ਕਿਹਾ ਕਿ ਭਲਕੇ ਡਿਊਟੀ ਜੱਜ ਅੱਗੇ ਇਹ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ। ਰਾਊਜ ਐਵੇਨਿਊ ਕੋਰਟ ਨੇ ਕਿਹਾ ਕਿ ਕੇਜਰੀਵਾਲ ਭਲਕੇ ਸੁੱਕਰਵਾਰ ਨੂੰ 1 ਲੱਖ ਰੁਪਏ ਦੇ ਬਾਂਡ ‘ਤੇ ਤਿਹਾੜ ਜੇਲ੍ਹ ਤੋਂ ਬਾਹਰ ਆ ਸਕਦੇ ਹਨ। ਦੱਸ ਦੇਈਏ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਮੁਲਜਮ ਬਣਾਇਆ ਗਿਆ ਸੀ। ਉਨ੍ਹਾਂ ਨੂੰ ਈ.ਡੀ. ਨੇ ਮੁਲਜਮ ਬਣਾਇਆ ਸੀ ਅਤੇ ਸਰਾਬ ਘੁਟਾਲੇ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਇਸ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਨੂੰ ਮਈ ਵਿੱਚ ਲੋਕ ਸਭਾ ਚੋਣਾਂ ਦੇ ਪ੍ਰਚਾਰ ਲਈ ਜੇਲ੍ਹ ਤੋਂ ਬਾਹਰ ਆਉਣ ਦੀ ਇਜਾਜਤ ਦਿੱਤੀ ਗਈ ਸੀ



ਅਤੇ ਚੋਣਾਂ ਖਤਮ ਹੁੰਦੇ ਹੀ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿੱਚ ਆਤਮ ਸਮਰਪਣ ਕਰਨ ਦਾ ਹੁਕਮ ਦਿੱਤਾ ਗਿਆ ਸੀ। ਹੁਣ ਉਨ੍ਹਾਂ ਨੂੰ ਰੈਗੂਲਰ ਜਮਾਨਤ ਮਿਲ ਗਈ ਹੈ। ਇਸ ਫੈਸਲੇ ਨੂੰ ਲੈ ਕੇ ਆਮ ਆਦਮੀ ਪਾਰਟੀ ਵਿੱਚ ਵੀ ਖੁਸੀ ਦਾ ਮਾਹੌਲ ਹੈ।

## ਚੈੱਕ ਹੋਣਗੀਆਂ ਮਸ਼ੀਨਾਂ ! ਭਾਜਪਾ ਵਲੋਂ ਜਿੱਤੀਆਂ 2 ਸੀਟਾਂ ‘ਤੇ ਚੋਣ ਕਮਿਸ਼ਨ ਕਰਵਾਏਗਾ ਜਾਂਚ

ਹਰਿਆਣਾ 20 ਜੂਨ। ਹਰਿਆਣਾ ‘ਚ ਖਰਾਬ ਹੋਣ ਦੀ ਸ?ਿਕਾਇਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਾਰਤੀ ਚੋਣ ਕਮਿਸਨ () ਨੇ ਵੱਡਾ ਫੈਸਲਾ ਲਿਆ ਹੈ। ਦਰਅਸਲ ਚੋਣਾਂ ਦੌਰਾਨ ਗੜਬੜੀ ਦੀ ਸੰਭਾਵਨਾ ਨੂੰ ਲੈ ਕੇ ਕਾਂਗਰਸੀ ਉਮੀਦਵਾਰਾਂ ਦੀ ਸ?ਿਕਾਇਤ ਤੋਂ ਬਾਅਦ ਨੇ ਹਰਿਆਣਾ ਦੀਆਂ ਕਰਨਾਲ ਅਤੇ ਫਰੀਦਾਬਾਦ ਲੋਕ ਸਭਾ ਸੀਟਾਂ ‘ਤੇ ਦੀ ਜਾਂਚ ਕਰਵਾਉਣ ਦਾ ਫੈਸਲਾ ਕੀਤਾ ਹੈ। ਦੱਸ ਦੇਈਏ ਕਿ ਕਰਨਾਲ ਲੋਕ ਸਭਾ ਸੀਟ ਤੋਂ ਕਾਂਗਰਸ ਉਮੀਦਵਾਰ ਦਿਵਯਾਂਸ਼ੂ ਬੁੱਧੀਰਾਜਾ ਵਲੋਂ ਚੋਣ ਕਮਿਸਨ ਨੂੰ ਪੱਤਰ ਲਿਖ ਕੇ ਦੀ ਜਾਂਚ ਦੀ ਮੰਗ ਕੀਤੀ ਗਈ ਸੀ। ਇਸ ਦੇ ਨਾਲ ਹੀ ਫਰੀਦਾਬਾਦ ਤੋਂ ਕਾਂਗਰਸੀ ਉਮੀਦਵਾਰ ਮਹਿੰਦਰ ਪ੍ਰਤਾਪ ਸਿੰਘ ਨੇ ਵੀ ਗੜਬੜੀ ਦਾ ਖਦਸਾ ਪ੍ਰਗਟਾਇਆ ਸੀ। ਭਾਰਤੀ ਚੋਣ ਕਮਿਸਨ ਦੀ ਵਲੋਂ ਕਿਹਾ ਗਿਆ ਹੈ ਕਿ ਵਿਚ ਖਰਾਬੀ ਦੀ ਸ?ਿਕਾਇਤ ਕਰਨ ਵਾਲੀਆਂ 8 ਅਰਜੀਆਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਵਿਚ ਹਰਿਆਣਾ ਦੀਆਂ ਕਰਨਾਲ ਅਤੇ ਫਰੀਦਾਬਾਦ ਲੋਕ ਸਭਾ ਸੀਟਾਂ ਦੇ ਨਾਂ ਸਾਮਲ ਹਨ। ਲੋਕ ਸਭਾ ਤੋਂ ਇਲਾਵਾ ਵਿਧਾਨ ਸਭਾ ਚੋਣਾਂ ਲਈ ਵੀ 3 ਅਰਜੀਆਂ ਨਤੀਜੇ ਐਲਾਨਣ ਤੋਂ ਬਾਅਦ ਆਈਆਂ ਸਨ। ਇਨ੍ਹਾਂ ਵਿਚ ਦੀ ਬਰਨ ਮੈਮੋਰੀ, ਮਾਈਕ੍ਰੋਕੰਟਰੋਲਰ ਦੀ ਜਾਂਚ ਅਤੇ ਵੈਰੀਫਿਕੇਸਨ ਦੀਆਂ ਸ?ਿਕਾਇਤਾਂ ਸਾਮਲ ਸਨ। ਹਰਿਆਣਾ ਦੀ ਕਰਨਾਲ ਅਤੇ ਫਰੀਦਾਬਾਦ ਲੋਕ ਸਭਾ ਸੀਟਾਂ ‘ਤੇ ਭਾਜਪਾ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਜਿਸ ਵਿਚ ਸਾਢੇ ਨੌਂ ਸਾਲ ਤੱਕ ਹਰਿਆਣਾ ਦੇ ਮੁੱਖ ਮੰਤਰੀ ਰਹੇ ਮਨੋਹਰ ਲਾਲ ਨੇ ਕਰਨਾਲ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਦਿਵਯਾਂਸ਼ੂ ਬੁੱਧੀਰਾਜਾ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਅਤੇ ਹੁਣ ਮੋਦੀ ਕੈਬਨਿਟ ਵਿਚ ਊਰਜਾ ਮੰਤਰੀ ਬਣ ਗਏ ਹਨ।

## ਪ੍ਰਧਾਨ ਮੰਤਰੀ ਮੋਦੀ ਨੇ ਯੂਕਰੇਨ ਜੰਗ ਰੁਕਵਾ ‘ਤੀ ਪਰ ਪੇਪਰ ਲੀਕ ਨਹੀਂ ਰੋਕ ਪਾਏ : ਰਾਹੁਲ ਗਾਂਧੀ

**ਏਜੰਸੀਆਂ**

ਨਵੀਂ ਦਿੱਲੀ 20 ਜੂਨ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ - ਅਤੇ - ਪ੍ਰੀਖਿਆਵਾਂ ‘ਚ ਕਥਿਤ ਪੇਪਰ ਲੀਕ ਦੇ ਮੁੱਦੇ ‘ਤੇ ਸਰਕਾਰ ‘ਤੇ ਨਿਸਾਨਾ ਸਾਧਿਆ ਅਤੇ ਦੋਸ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੇਪਰ ਲੀਕ ਨੂੰ ਰੋਕ ਨਹੀਂ ਪਾ ਰਹੇ ਜਾਂ ਫਿਰ ਰੋਕਣਾ ਨਹੀਂ ਚਾਹੁੰਦੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਵਿਦਿਅਕ ਸੰਸਥਾਵਾਂ ‘ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਇਸ ਦੇ ਮਾਤਵਾਦੀ ਸੰਗਠਨ ਨਾਲ ਜੁੜੇ ਲੋਕਾਂ ਨੇ ਕਬਜਾ ਕਰ ਲਿਆ ਹੈ ਅਤੇ ਜਦੋਂ ਤੱਕ ਇਹ ਸਥਿਤੀ ਨਹੀਂ ਬਦਲੀ ਜਾਂਦੀ ਉਦੋਂ ਤੱਕ ਪੇਪਰ ਲੀਕ ਨਹੀਂ ਰੁਕਣਗੇ। ਰਾਹੁਲ ਗਾਂਧੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਵਿਰੋਧੀ ਧਿਰ ਇਸ ਮੁੱਦੇ ਨੂੰ ਸੰਸਦ ਦੇ ਆਗਾਮੀ ਸੈਸਨ ਵਿੱਚ ਉਠਾਏਗੀ। ਉਨ੍ਹਾਂ ਕਿਹਾ, “ਇਹ ਕਿਹਾ ਜਾ ਰਿਹਾ ਸੀ ਕਿ ਨਰਿੰਦਰ ਮੋਦੀ ਨੇ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਨੂੰ ਰੋਕ ਦਿੱਤਾ ਸੀ... ਪਰ ਉਹ ਭਾਰਤ ਵਿੱਚ ਪੇਪਰ ਲੀਕ ਨੂੰ ਰੋਕ ਨਹੀਂ ਪਾ ਰਹੇ ਜਾਂ ਰੋਕਣਾ ਹੀ ਨਹੀਂ ਚਾਹੁੰਦੇ।“ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ ਲਾਇਆ ਕਿ ਮੱਧ ਪ੍ਰਦੇਸ ਵਿੱਚ ਹੋਏ ‘ਵਿਆਪਮ’ ਘੁਟਾਲੇ ਨੂੰ ਦੇਸ ਭਰ ਵਿੱਚ ਫੈਲਾਉਣ ਦੀ ਕੋਸ?ਿਸ ਕੀਤੀ ਜਾ ਰਹੀ ਹੈ। ਕਾਂਗਰਸੀ ਆਗੂ ਨੇ ਕਿਹਾ, “ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ... ਕੋਈ ਤਾਂ ਜ?ਿਮੇਵਾਰ ਹੈ। ਉਨ੍ਹਾਂ ਨੂੰ ਫੜਿਆ ਜਾਣਾ ਚਾਹੀਦਾ ਹੈ।“ ਮੈਡੀਕਲ ਦਾਖਲਾ ਪ੍ਰੀਖਿਆ “ ਨੂੰ ਲੈ ਕੇ ਪੈਦਾ ਹੋਏ ਵਿਵਾਦ ਦੇ ਵਿਚਕਾਰ, ਸਿੱਖਿਆ ਮੰਤਰਾਲੇ ਨੇ ਬੁੱਧਵਾਰ ਨੂੰ ਨੈਸਨਲ ਟੈਸਟਿੰਗ ਏਜੰਸੀ () ਦੁਆਰਾ ਆਯੋਜਿਤ - ਪ੍ਰੀਖਿਆ ਨੂੰ ਰੱਦ ਕਰਨ ਦੇ ਆਦੇਸ ਦਿੱਤੇ ਅਤੇ ਮਾਮਲੇ ਦੀ ਜਾਂਚ ਲਈ ਕੇਂਦਰੀ ਜਾਂਚ ਬਿਊਰੋ () ਨੂੰ ਸੌਂਪ ਦਿੱਤਾ।



## ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਜਨਮ ਦਿਨ ਦੀ ਦਿੱਤੀ ਵਧਾਈ

ਨਵੀਂ ਦਿੱਲੀ 20 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਜਨਮ ਦਿਨ ‘ਤੇ ਬੁੱਧਵਾਰ ਨੂੰ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ‘ਐਕਸ’ ‘ਤੇ ਇਕ ਪੋਸਟ ਵਿਚ ਕਿਹਾ ਕਿ ਰਾਸਟਰਪਤੀ ਜੀ ਨੂੰ ਜਨਮ ਦਿਨ ਦੀਆਂ ਵਧਾਈਆਂ। ਉਨ੍ਹਾਂ ਦੀ ਮਿਸਾਲੀ ਸੇਵਾ ਅਤੇ ਸਾਡੇ ਦੇਸ ਪ੍ਰਤੀ ਸਮਰਪਣ ਸਾਨੂੰ ਸਾਰਿਆਂ ਨੂੰ ਪ੍ਰੇਰਿਤ ਕਰਦੇ ਹਨ। ਗਰੀਬ ਲੋਕਾਂ ਦੀ ਸੇਵਾ ਕਰਨ ਬਾਰੇ ਉਨ੍ਹਾਂ ਦੀ ਸੋਚ ਸਾਡੀ ਮਾਰਗਦਰਸਕ ਹੈ। ਉਨ੍ਹਾਂ ਦੀ ਜੀਵਨ ਯਾਤਰਾ ਕਰੋੜਾਂ ਲੋਕਾਂ ਨੂੰ ਉਮੀਦ ਦਿੰਦੀ ਹੈ। ਭਾਰਤ ਉਨ੍ਹਾਂ ਦੇ ਅਣਥੱਕ ਯਤਨਾਂ ਅਤੇ ਦੂਰਦਰਸੀ ਅਗਵਾਈ ਲਈ ਹਮੇਸਾ ਧੰਨਵਾਦੀ ਰਹੇਗਾ। ਉਨ੍ਹਾਂ ਦੀ ਲੰਬੀ ਉਮਰ ਅਤੇ ਸਿਹਤਮੰਦ ਜ?ਿੰਦਗੀ ਦੀ ਕਾਮਨਾ ਕਰਦਾ ਹਾਂ। ਦੱਸ ਦੇਈਏ ਕਿ ਰਾਸ਼ਟਰਪਤੀ ਮੁਰਮੂ ਦਾ ਜਨਮ 20 ਜੂਨ 1958 ਨੂੰ ਓਡੀਸ਼ਾ ਦੇ ਮਯੂਰਭੰਜ ਜ?ਿਲ੍ਹੇ ਦੇ ਉਪਰਬੇੜਾ ਪਿੰਡ ਵਿਚ ਇੱਕ ਸੰਥਾਲੀ ਆਦਿਵਾਸੀ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਨੇ 25 ਜੁਲਾਈ 2022 ਨੂੰ ਰਾਸਟਰਪਤੀ ਵਜੋਂ ਸਹੁੰ ਚੁੱਕੀ। ਇਸ ਤੋਂ ਪਹਿਲਾਂ ਉਹ ਝਾਰਖੰਡ ਦੀ ਰਾਜਪਾਲ ਸੀ।



## ਜਲੰਧਰ ਪੱਛਮੀ ਜਿਮਨੀ ਚੋਣ ਬਾਰੇ ਬਸਪਾ ਦਾ ਵੱਡਾ ਐਲਾਨ

ਬਲਾਚੌਰ 20 ਜੂਨ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਲਖਨਊ ਵਿਖੇ ਬਹੁਜਨ ਸਮਾਜ ਪਾਰਟੀ ਦੇ ਰਾਸਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਦਿਸਾ-ਨਿਰਦੇਸਾਂ ‘ਤੇ ਇਹ ਐਲਾਨ ਕੀਤਾ ਹੈ ਕਿ ਬਹੁਜਨ ਸਮਾਜ ਪਾਰਟੀ ਜਲੰਧਰ ਪੱਛਮੀ ਵਿਧਾਨ ਸਭਾ ਦੀ ਜ?ਿਮਨੀ ਚੋਣ ਨੂੰ ਲੜੇਗੀ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਸਮੁੱਚੇ ਵਰਕਰ ਅਤੇ ਸਮਰਥਕ ਇਸ ਚੋਣ ਦੇ ਵਿਚ ਹਿੱਸਾ ਲੈਣਗੇ। ਬੀਤੇ ਦਿਨੀਂ ਬਸਪਾ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬਹੁਜਨ ਸਮਾਜ ਪਾਰਟੀ ਦੇ ਰਾਸਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਾਲ ਲਖਨਊ ਵਿਖੇ ਮੀਟਿੰਗ ਕੀਤੀ ਅਤੇ ਪੰਜਾਬ ਦੇ ਰਾਜਨੀਤਿਕ ਹਾਲਾਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਗੜ੍ਹੀ ਨੇ ਅੱਗੇ ਕਿਹਾ ਕਿ ਪੰਜਾਬ ਵਿਚ ਅਤੇ ਰਾਸਟਰੀ ਪੱਧਰ ਉੱਤੇ ਅਨੁਸੂਚਿਤ ਜਾਤੀ ਵਰਗਾਂ ਦੇ ਨਾਲ ਹੁੰਦੇ ਧੱਕੇਸਾਹੀ ਦੇ ਮੁੱਦੇ ‘ਤੇ ਇਹ ਜ?ਿਮਨੀ ਚੋਣ ਲੜੀ ਜਾਵੇਗੀ। ਗੜ੍ਹੀ ਨੇ ਕਿਹਾ ਕਿ 75 ਸਾਲ ਦੇਸ ਵਿਚ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਪਿਛਲੱਗੂ ਬਣਾਕੇ ਰੱਖਿਆ ਗਿਆ। ਗੜ੍ਹੀ ਨੇ ਕਿਹਾ ਕਿ ਜਲੰਧਰ ਪੱਛਮੀ ਵਿਧਾਨ ਸਭਾ ਦੀ ਉਪਚੋਣ ਵਿਚ ਘਰ-ਘਰ ਜਾ ਕੇ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਲਾਮਬੰਦ ਕਰਕੇ ਮਜਬੂਤ ਮੁਹਿੰਮ ਚਲਾਈ ਜਾਵੇਗੀ।

## ਨਿਤੀਸ਼ ਸਰਕਾਰ ਨੂੰ ਹਾਈ ਕੋਰਟ ਤੋਂ ਝਟਕਾ, ਰਾਖਵੇਂਕਰਨ ਦਾ ਦਾਇਰਾ ਵਧਾਉਣ ਦਾ ਫੈਸਲਾ ਕੀਤਾ ਰੱਦ

**ਨਵਦੀਪ ਸਿੰਘ ਸਾਹਨੀ**

ਪਟਨਾ 20 ਜੂਨ। ਬਿਹਾਰ ਦੀ ਨਿਤੀਸ਼ ਸਰਕਾਰ ਨੂੰ ਪਟਨਾ ਹਾਈ ਕੋਰਟ ਤੋਂ ਝਟਕਾ ਲੱਗਾ ਹੈ। ਪਟਨਾ ਹਾਈ ਕੋਰਟ ਨੇ ਰਾਖਵੇਂਕਰਨ ਦਾ ਦਾਇਰਾ 50 ਫੀਸਦੀ ਤੋਂ ਵਧਾ ਕੇ 65 ਫੀਸਦੀ ਕਰਨ ਦੇ ਸੂਬਾ ਸਰਕਾਰ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਪਟਨਾ ਹਾਈ ਕੋਰਟ ਦੇ ਚੀਫ ਜਸਟਿਸ ਦੀ ਬੈਂਚ ਨੇ ਇਹ ਫੈਸਲਾ ਸੂਬਾ ਸਰਕਾਰ ਵੱਲੋਂ ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਨੌਕਰੀਆਂ ਵਿਚ ਐੱਸ. ਸੀ., ਐੱਸ.ਟੀ., ਈ. ਬੀ. ਸੀ ਅਤੇ ਹੋਰ ਪੱਛੜੀਆਂ ਸ੍ਰੇਣੀਆਂ ਲਈ 65 ਫੀਸਦੀ ਰਾਖਵੇਂਕਰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸਨਾਂ ਦੀ ਸੁਣਵਾਈ ਕਰਦਿਆਂ ਦਿੱਤਾ। ਅਦਾਲਤ ਨੇ ਸੂਬਾ ਸਰਕਾਰ ਵੱਲੋਂ ਲਿਆਂਦੇ ਕਾਨੂੰਨ ਨੂੰ ਰੱਦ ਕਰਨ ਦੇ ਹੁਕਮ ਦਿੱਤੇ ਹਨ। ਦਰਅਸਲ ਪਟੀਸਨਕਰਤਾ ਗੌਰਵ ਕੁਮਾਰ ਅਤੇ ਹੋਰਨਾਂ ਵੱਲੋਂ ਦਾਇਰ ਪਟੀਸਨਾਂ ‘ਤੇ ਸੁਣਵਾਈ ਪੂਰੀ ਕਰਨ ਤੋਂ ਬਾਅਦ 11 ਮਾਰਚ ਨੂੰ ਫੈਸਲਾ ਰਾਖਵਾਂ ਰੱਖ ਲਿਆ ਗਿਆ ਸੀ, ਜਿਸ ‘ਤੇ ਅੱਜ ਯਾਨੀ ਕਿ ਵੀਰਵਾਰ ਨੂੰ ਪਟਨਾ ਹਾਈ ਕੋਰਟ ਨੇ ਫੈਸਲਾ ਸੁਣਾਇਆ। ਚੀਫ ਜਸਟਿਸ ਕੇ. ਵਿਨੋਦ ਚੰਦਰਨ ਦੀ ਅਗਵਾਈ ਵਾਲੀ ਡਿਵੀਜਨ ਬੈਂਚ ਨੇ ਕਈ ਪਟੀਸਨਾਂ ਦੀ ਸੁਣਵਾਈ ਤੋਂ ਬਾਅਦ ਇਹ ਹੁਕਮ ਦਿੱਤਾ ਹੈ। ਇਨ੍ਹਾਂ ਪਟੀਸਨਾਂ ਵਿੱਚ ਰਾਜ ਦੀ ਨਿਤੀਸ ਕੁਮਾਰ ਸਰਕਾਰ ਵੱਲੋਂ ਨਵੰਬਰ 2023 ਵਿਚ ਲਿਆਂਦੇ ਕਾਨੂੰਨਾਂ ਦਾ ਵਿਰੋਧ ਕੀਤਾ ਗਿਆ ਸੀ। ਦੱਸ ਦੇਈਏ ਕਿ ਪਿਛਲੇ ਸਾਲ 21 ਨਵੰਬਰ ਨੂੰ ਨਿਤੀਸ ਕੁਮਾਰ ਸਰਕਾਰ ਨੇ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿਚ ਵਾਂਝੀਆਂ ਜਾਤੀਆਂ ਲਈ ਰਾਖਵਾਂਕਰਨ 50 ਤੋਂ ਵਧਾ ਕੇ 65 ਫੀਸਦੀ ਕਰਨ ਦਾ ਸਰਕਾਰੀ ਨੋਟੀਫਿਕੇਸਨ ਜਾਰੀ ਕੀਤਾ ਸੀ। ਫਿਲਹਾਲ ਦੇਸ਼ ਵਿਚ 49.5 ਫੀਸਦੀ ਰਾਖਵਾਂਕਰਨ ਹੈ। ਓ. ਬੀ. ਸੀ. ਨੂੰ 27 ਫੀਸਦੀ, ਐੱਸ. ਸੀ. ਨੂੰ 15 ਫੀਸਦੀ ਅਤੇ ਐੱਸ. ਟੀ. ਨੂੰ 7.5 ਫੀਸਦੀ ਰਾਖਵਾਂਕਰਨ ਮਿਲਦਾ ਹੈ। ਇਸ ਤੋਂ ਇਲਾਵਾ ਆਰਥਿਕ ਤੌਰ ‘ਤੇ ਪੱਛੜੇ ਆਮ ਵਰਗ ਦੇ ਲੋਕਾਂ ਨੂੰ ਵੀ 10 ਫੀਸਦੀ ਰਾਖਵਾਂਕਰਨ ਮਿਲਦਾ ਹੈ। ਇਸ ਹਿਸਾਬ ਨਾਲ ਰਾਖਵਾਂਕਰਨ ਦਾ ਦਾਇਰਾ 50 ਫੀਸਦੀ ਤੋਂ ਪਾਰ ਜਾ ਚੁੱਕਿਆ ਹੈ। ਹਾਲਾਂਕਿ ਸਾਲ 2022 ਵਿਚ ਸੁਪਰੀਮ ਕੋਰਟ ਨੇ ਆਰਥਿਕ ਤੌਰ ‘ਤੇ ਪੱਛੜੇ ਵਰਗ ਦੇ ਲੋਕਾਂ ਨੂੰ ਰਾਖਵਾਂਕਰਨ ਦੇਣ ਨੂੰ ਸਹੀ ਠਹਿਰਾਇਆ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਕੋਟਾ ਸੰਵਿਧਾਨ ਦੇ ਮੂਲ ਢਾਂਚੇ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਹੈ। ਬਿਹਾਰ ਵਿਚ ਰਾਖਵਾਂਕਰਨ ਦਾ ਦਾਇਰਾ 50 ਫੀਸਦੀ ਹੀ ਸੀ ਪਰ ਸੂਬਾ ਸਰਕਾਰ ਨੇ ਇਸ ਨੂੰ 65 ਫੀਸਦੀ ਤੱਕ ਵਧਾਉਣ ਦਾ ਫੈਸਲਾ ਲਿਆ ਸੀ।




## ਅੱਤ ਦੀ ਗਰਮੀ ਦੌਰਾਨ ਪੰਜਾਬ ਵਾਸੀਆਂ ਲਈ ਅਹਿਮ ਖਬਰ

ਚੰਡੀਗੜ੍ਹ 20 ਜੂਨ। ਪੰਜਾਬ ਵਿਚ ਮੌਸਮ ਦਾ ਮਿਜਾਜ ਬਦਲਣ ਨਾਲ ਲੋਕਾਂ ਨੂੰ ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਗਰਮੀ ਤੋਂ ਮਾਮੂਲੀ ਰਾਹਤ ਮਿਲੀ ਹੈ। ਪੱਛਮੀ ਗੜਬੜੀ ਦੇ ਚੱਲਦਿਆਂ ਬੁੱਧਵਾਰ ਸ਼ਾਮ ਨੂੰ ਪੰਜਾਬ ਦੇ ਮਾਝੇ ਅਤੇ ਦੋਆਬੇ ’ਚ ਹਨੇਰੀ ਚੱਲੀ ਅਤੇ ਉਸ ਤੋਂ ਬਾਅਦ ਕੁਝ ਇਲਾਕਿਆਂ ਵਿਚ ਹਲਕਾ ਮੀਂਹ ਵੀ ਪਿਆ। ਇਸ ਦਾ ਅਸਰ ਮਾਲਵੇ ਵਿਚ ਵੀ ਦੇਖਣ ਨੂੰ ਮਿਲਿਆ ਹੈ। ਦੂਜੇ ਪਾਸੇ ਮੌਸਮ ਵਿਭਾਗ ਦਾ ਕਹਿਣਾ ਹੈ ਕਿ ਆਉਂਦੇ ਕੁਝ ਦਿਨਾਂ ਤੱਕ ਮੌਸਮ ਇਸੇ ਤਰ੍ਹਾਂ ਬਣਿਆ ਰਹੇਗਾ ਜਦਕਿ ਮਾਨਸੂਨ ਪੰਜਾਬ ਵਿਚ ਆਪਣੇ ਤੈਅ ਸਮੇਂ ਅਨੁਸਾਰ 27-28 ਜੂਨ ਦੇ ਨਜ਼ਦੀਕ ਦਸਤਕ ਦੇ ਸਕਦਾ ਹੈ। ਪੱਛਮੀ ਗੜਬੜੀ ਦੇ ਚੱਲਦਿਆਂ ਮਾਨਸੂਨ ਤੋਂ ਪਹਿਲਾਂ ਪਏ ਮੀਂਹ ਕਰਕੇ ਲੋਕਾਂ ਨੂੰ 20-21 ਜੂਨ ਤੱਕ ਮੌਸਮ ਖੁਸ਼ਗਵਾਰ ਰਹਿਣ ਨਾਲ ਗਰਮੀ ਤੋਂ ਕੁਝ ਰਾਹਤ ਮਿਲ ਸਕਦੀ ਹੈ। ਬੁੱਧਵਾਰ ਸ਼ਾਮ ਨੂੰ ਮਾਝੇ ਤੇ ਦੋਆਬੇ ’ਚ ਚੱਲੀ ਹਨੇਰੀ ਅਤੇ ਉਸ ਤੋਂ ਬਾਅਦ ਪਏ ਹਲਕੇ ਮੀਂਹ ਨਾਲ ਲੋਕਾਂ ਨੇ ਕੁਝ ਰਾਹਤ ਜ਼ਰੂਰ ਮਹਿਸੂਸ ਕੀਤੀ ਹੈ। ਇਸ ਦਾ ਅਸਰ ਮਾਲਵੇ ਵਿਚ ਵੀ ਦੇਖਣ ਨੂੰ ਮਿਲਿਆ ਹੈ। ਅੰਮ੍ਰਿਤਸਰ ਦੇ ਕੁਝ ਇਲਾਕਿਆਂ ’ਚ ਮੀਂਹ ਦੇ ਨਾਲ ਗੜੇਮਾਰੀ ਵੀ ਹੋਈ ਹੈ। ਜਲੰਧਰ, ਹੁਸ਼ਿਆਰਪੁਰ, ਪਠਾਨਕੋਟ, ਰੋਪੜ, ਆਨੰਦਪੁਰ ਸਾਹਿਬ, ਲੁਧਿਆਣਾ, ਮੋਹਾਲੀ ਤੇ ਪਟਿਆਲਾ ਦੇ ਕੁਝ ਇਲਾਕਿਆਂ ’ਚ ਹਨੇਰੀ ਤੋਂ ਬਾਅਦ ਮੀਂਹ ਪੈਣ ਕਾਰਨ ਤਾਪਮਾਨ ’ਚ ਵੀ ਗਿਰਾਵਟ ਦਰਜ ਕੀਤੀ ਗਈ ਹੈ।

# ਯੂ. ਪੀ. ’ਚ ਹਾਰ ਦੀ ਸਮੀਖਿਆ ਲਈ ਭਾਜਪਾ ਨੇ ਤਾਇਨਾਤ ਕੀਤੇ ਸੀਨੀਅਰ ਨੇਤਾ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 20 ਜੂਨ। ਉੱਤਰ ਪ੍ਰਦੇਸ ’ਚ ਪਾਰਟੀ ਦੇ ਖਰਾਬ ਪ੍ਰਦਰਸਨ ਤੋਂ ਬਾਅਦ ਭਾਜਪਾ ਇਸ ਗੱਲ ’ਤੇ ਮੰਥਨ ਕਰ ਰਹੀ ਹੈ ਕਿ ਆਖਿਰ ਚੋਣਾਂ ’ਚ ਗਲਤੀ ਕਿੱਥੇ ਹੋਈ, ਜਿਸ ਕਾਰਨ 2019 ’ਚ ਉਸ ਦੀਆਂ ਸੀਟਾਂ ਦੀ ਗਿਣਤੀ 62 ਤੋਂ ਘਟ ਕੇ ਇਸ ਵਾਰ 33 ਰਹਿ ਗਈ, ਜਦਕਿ ਉਸ ਦਾ ਵੋਟ ਸੇਅਰ 49.98 ਫੀਸਦੀ ਤੋਂ ਘਟ ਕੇ 41.37 ਫੀਸਦੀ ਰਹਿ ਗਿਆ। ਪਾਰਟੀ ਇਹ ਪਤਾ ਲਾਉਣ ਦੀ ਕੋਸ?ਿਸ ਕਰ ਰਹੀ ਹੈ ਕਿ ਵਾਰਾਣਸੀ ਅਤੇ ਲਖਨਊ ਨੂੰ ਛੱਡ ਕੇ ਇੰਨੇ ਸਾਰੇ ਹਲਕੇ ਕਿਉਂ ਗੁਆ ਦਿੱਤੇ। ਇਹ ਉਨ੍ਹਾਂ ਸੀਟਾਂ ’ਤੇ ਵੀ ਨਜਰ ਰੱਖੇਗੀ, ਜਿਨ੍ਹਾਂ ਨੂੰ ਉਸ ਨੇ ਅਤੇ ਉਸ ਦੇ ਸਹਿਯੋਗੀਆਂ ਨੇ ਬਰਕਰਾਰ ਰੱਖਿਆ ਪਰ ਜਿੱਥੇ ਉਨ੍ਹਾਂ ਦੀ ਜਿੱਤ ਦਾ ਫਰਕ ਘਟ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੀਜੀ ਵਾਰ ਵਾਰਾਣਸੀ ਨੂੰ ਬਰਕਰਾਰ ਰੱਖਿਆ, ਜਦਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਲਖਨਊ ਤੋਂ ਜਿੱਤੇ ਹਨ। ਹਾਲਾਂਕਿ ਉਸ ਦੀ ਜਿੱਤ ਦਾ ਫਰਕ ਘਟ ਗਿਆ ਹੈ। ਇਕ ਮੀਡੀਆ ਰਿਪੋਰਟ ਅਨੁਸਾਰ ਭਾਜਪਾ ਨੇ ਸਮੀਖਿਆ ਪ੍ਰਕਿਰਿਆ ਲਈ ਸੂਬੇ ਦੇ ਸੀਨੀਅਰ ਨੇਤਾਵਾਂ ਨੂੰ ਨਿਯੁਕਤ ਕੀਤਾ ਹੈ, ਉਨ੍ਹਾਂ ਨੂੰ ਹਰ ਵਿਧਾਨ ਸਭਾ ਹਲਕੇ ਦਾ ਦੌਰਾ ਕਰਨ ਦੇ ਨਿਰਦੇਸ ਦਿੱਤੇ ਹਨ। ਉਨ੍ਹਾਂ ਨੇ ਆਪਣੀ ਰਿਪੋਰਟ 25 ਜੂਨ ਤੱਕ ਸੂਬਾਈ ਲੀਡਰਸ?ਿਪ ਨੂੰ ਸੌਂਪਣੀ ਹੈ। ਇਸ ਤੋਂ ਬਾਅਦ ਸੂਬਾਈ ਲੀਡਰਸ?ਿਪ ਰਿਪੋਰਟ ਕੇਂਦਰੀ




ਲੀਡਰਸ?ਿਪ ਨੂੰ ਭੇਜੇਗੀ। ਭਾਜਪਾ ਨੇ ਯੂ. ਪੀ. ਹਾਰ ਦੇ ਕਾਰਨਾਂ ਦਾ ਪਤਾ ਲਾਉਣ ਲਈ 16 ਸਵਾਲਾਂ ਦੀ ਸੂਚੀ ਤਿਆਰ ਕੀਤੀ ਹੈ। ਪਾਰਟੀ ਇਹ ਜਾਣਨ ਦੀ ਕੋਸ?ਿਸ ਕਰ ਰਹੀ ਹੈ ਕਿ ਪਾਰਟੀ ਵਰਕਰ ਜਮੀਨ ’ਤੇ ਕਿੰਨੇ ਸਰਗਰਮ ਸਨ। ਇਸ ਤੋਂ ਇਲਾਵਾ ਇਹ ਵੀ ਪਤਾ ਲਾਉਣ ਦੀ ਕੋਸ?ਿਸ ਕੀਤੀ ਜਾ ਰਹੀ ਹੈ ਕਿ ਸੂਬਾ ਅਤੇ ਕੇਂਦਰ ਸਰਕਾਰ ਦੇ ਫੈਸਲਿਆਂ ਨੇ ਹਾਰ ਵਿਚ ਕਿੰਨੀ ਭੂਮਿਕਾ ਨਿਭਾਈ ਸੀ। ਰਣਨੀਤੀ ’ਚ ਅਸਫਲਤਾਵਾਂ ਨੂੰ ਲੈ ਕੇ ਵੀ ਚਰਚਾ ਹੋਵੇਗੀ। ਇਸ ਤੋਂ ਇਲਾਵਾ ਜਾਤੀ ਅਤੇ ਭਾਈਚਾਰੇ ਦੇ ਲੋਕਾਂ ’ਚ ਪਾਰਟੀ ਨੇਤਾਵਾਂ ਦੇ ਰੁਝਾਨ ਦੀ ਵੀ ਸਮੀਖਿਆ ਕੀਤੀ ਜਾਵੇਗੀ। ਇਸ ’ਚ ਇਹ ਜਾਣਨ ਦੀ ਕੋਸ?ਿਸ ਕੀਤੀ ਜਾਵੇਗੀ ਕਿ ਕਿਸੇ ਭਾਈਚਾਰੇ ਦੇ ਵੋਟਰ ਪਾਰਟੀ ਤੋਂ ਦੂਰ ਕਿਉਂ ਹੋਏ। ਹਿੰਦੂ ਵੋਟਰਾਂ ਨੂੰ ਜਾਤੀ ਦੇ ਆਧਾਰ ’ਤੇ ਵੰਡਣ ਦੇ ਕਾਰਨਾਂ ’ਤੇ ਵੀ ਚਰਚਾ ਕੀਤੀ ਜਾਵੇਗੀ। ਪ੍ਰਚਾਰ ਸਮੱਗਰੀ ਦੀ ਵਰਤੋਂ, ਸੰਗਠਨ ਅਤੇ ਉਮੀਦਵਾਰਾਂ ਵਿਚਕਾਰ ਤਾਲਮੇਲ, ਵੱਖ-ਵੱਖ ਭਾਈਚਾਰਿਆਂ ’ਤੇ ਨੇਤਾਵਾਂ ਦੇ ਦੌਰਿਆਂ ਦੇ ਪ੍ਰਭਾਵ ਅਤੇ ਬੂਥ ਪ੍ਰਬੰਧਨ ਵਿਚ ਕਮੀਆਂ ਬਾਰੇ ਵੀ ਪਾਰਟੀ ਪਤਾ ਲਾਏਗੀ। ਭਾਜਪਾ ਵਿਧਾਨ ਸਭਾ ਹਲਕਿਆਂ ’ਚ ਵੋਟ ਸੇਅਰ ’ਚ ਗਿਰਾਵਟ ਦਾ ਵੀ ਮੁਲਾਂਕਣ ਕਰੇਗੀ ਅਤੇ ਇਹ ਜਾਣਨ ਦੀ ਕੋਸ?ਿਸ ਕਰੇਗੀ ਕਿ ਵਿਰੋਧੀ ਧਿਰ ਨੂੰ ਕਿੰਨਾ ਫਾਇਦਾ ਹੋਇਆ। ਭਾਜਪਾ ਨੂੰ ਹਰਾਉਣ ਲਈ ਵਿਰੋਧੀ ਧਿਰ ਨੇ ਕਿਹੜਾ ਬਿਰਤਾਂਤ ਸਿਰਜਿਆ ਅਤੇ ਜਮੀਨੀ ਪੱਧਰ ’ਤੇ ਵਿਰੋਧੀ ਧਿਰ ਨੇ ਕਿਵੇਂ ਕੰਮ ਕੀਤਾ, ਇਸ ਬਾਰੇ ਵਿਸਥਾਰਤ ਰਿਪੋਰਟ ਤਿਆਰ ਕੀਤੀ ਜਾਵੇਗੀ। ਰਿਪੋਰਟ ’ਚ ਕਿਹਾ ਗਿਆ ਹੈ ਕਿ ਜਮੀਨੀ ਦੌਰੇ ਦੌਰਾਨ ਭਾਜਪਾ ਨੇਤਾ ਮੰਡਲ ਇਕਾਈ ਦੇ ਨੇਤਾਵਾਂ, ਜ?ਿਲਾ ਅਧਿਕਾਰੀਆਂ, ਚੁਣੇ ਹੋਏ ਜਨਤਕ ਨੁਮਾਇੰਦਿਆਂ ਅਤੇ ਪਾਰਟੀ ਦੇ ਉਮੀਦਵਾਰਾਂ ਕੋਲੋਂ 16 ਨੁਕਤਿਆਂ ’ਤੇ ਫੀਡਬੈਕ ਲੈਣਗੇ। ਇਸ ਤੋਂ ਇਲਾਵਾ ਭਾਜਪਾ ਨੇਤਾਵਾਂ ਅਤੇ ਵਿਰੋਧੀ ਉਮੀਦਵਾਰਾਂ ਨੇ ਕੀ ਕੀਤਾ। ਉਨ੍ਹਾਂ ਨੇ ਕਿਸ ਤਰ੍ਹਾਂ ਦਾ ਪ੍ਰਚਾਰ ਕੀਤਾ ਅਤੇ ਉਨ੍ਹਾਂ ਕੋਲ ਕਿਹੜੇ ਸਰੋਤ ਸਨ, ਇਸ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਸਮੀਖਿਆ ਪ੍ਰਕਿਰਿਆ ਨਾਲ ਜੁੜੇ ਇਕ ਭਾਜਪਾ ਨੇਤਾ ਦੇ ਹਵਾਲੇ ਨਾਲ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਨੂੰ ਵੱਖ-ਵੱਖ ਮੁੱਦਿਆਂ ’ਤੇ ਵਿਰੋਧੀ ਧਿਰ ਵੱਲੋਂ ਸਥਾਪਿਤ ਕੀਤੇ ਬਿਰਤਾਂਤ ਅਤੇ ਸੰਵਿਧਾਨ ਅਤੇ ਰਾਖਵੇਂਕਰਨ ’ਤੇ ਉਨ੍ਹਾਂ ਦੀ ਮੁਹਿੰਮ ਦੇ ਪ੍ਰਭਾਵ ਬਾਰੇ ਵੀ ਪੁੱਛਣਾ ਹੋਵੇਗਾ। ਪਾਰਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਤਰ੍ਹਾਂ ਦੀ ਸਮੀਖਿਆ ਇਸ ਲਈ ਜ਼ਰੂਰੀ ਹੈ ਕਿਉਂਕਿ ਸਾਨੂੰ ਤਿੰਨ ਸਾਲਾਂ (2027) ’ਚ ਉੱਤਰ ਪ੍ਰਦੇਸ ’ਚ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰਨਾ ਹੈ। ਕਾਨੂੰਨ ਵਿਵਸਥਾ ਤਾਂ ਠੀਕ ਹੈ ਪਰ ਭਰਤੀ ਪ੍ਰੀਖਿਆਵਾਂ ’ਚ ਪੇਪਰ ਲੀਕ ਹੋਣਾ ਅਤੇ ਬੇਰੁਜਗਾਰੀ ਚਿੰਤਾ ਦਾ ਵਿਸਾ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਸਪਾ ਉਤਸਾਹਿਤ ਹੈ।

## ਡਰੱਗਜ ਕੰਟਰੋਲ ਅਫਸਰ ਨੇ ਮੈਡੀਕਲ ਸਟੋਰਾਂ ਦੀ ਚੈਕਿੰਗ ਦੌਰਾਨ 100 ਦੇ ਕਰੀਬ ਨਸ਼ੀਲੇ ਕੈਪਸੂਲ ਕੀਤੇ ਬਰਾਮਦ

ਗੁਰਦਾਸਪੁਰ 20 ਜੂਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ ਤੋਂ ਖਤਮ ਕਰਨ ਸਬੰਧੀ ਸ਼ੁਰੂ ਕੀਤੀ ਮੁਹਿੰਮ ਤਹਿਤ ਅੱਜ ਡਰੱਗਜ ਕੰਟਰੋਲ ਅਫਸਰ ਨੇ ਜ?ਿਲ੍ਹਾ ਗੁਰਦਾਸਪੁਰ ਦੇ ਪਿੰਡਾਂ ’ਚ ਸਥਿਤ ਮੈਡੀਕਲ ਸਟੋਰਾਂ ਦੀ ਅਚਨਚੇਤ ਚੈਕਿੰਗ ਕੀਤੀ, ਜਿਸ ਦੌਰਾਨ 100 ਦੇ ਕਰੀਬ ਨਸ਼ੀਲੇ ਕੈਪਸੂਲ ਬਰਾਮਦ ਕੀਤੇ। ਡਰੱਗਜ ਕੰਟਰੋਲ ਅਫਸਰ ਬਬਲੀਨ ਕੌਰ ਨੇ ਦੱਸਿਆ ਕਿ ਅੱਜ ਚੈਕਿੰਗ ਦੌਰਾਨ ਤਹਿਸੀਲ ਬਟਾਲਾ ਦੇ ਇਕ ਪਿੰਡ ਵਿਖੇ ਮੈਡੀਕਲ ਸਟੋਰ ’ਤੇ ਛਾਪੇਮਾਰੀ ਕੀਤੀ ਤਾਂ 100 ਦੇ ਕਰੀਬ ਨਸ਼ੀਲੇ ਕੈਪਸੂਲ ਬਰਾਮਦ ਕੀਤੇ। ਇਸ ਦੌਰਾਨ ਮੈਡੀਕਲ ਸਟੋਰ ’ਤੇ ਬੈਠਾ ਵਿਅਕਤੀ ਕੁਆਲੀਫਾਈਡ ਵਿਅਕਤੀ ਨਹੀਂ ਸੀ ਅਤੇ ਮੈਡੀਕਲ ਸਟੋਰ ਉਪਰ ਸੇਲ ਪਰਚੇਜ ਦਾ ਰਿਕਾਰਡ ਵੀ ਪੂਰਾ ਨਹੀਂ ਸੀ। ਇਸੇ ਤਰ੍ਹਾਂ ਨਿਮਰ ਮੈਡੀਕਲ ਸਟੋਰ ਪਿੰਡ ਰਿਆਲੀਕਲਾਂ ਦੀ ਚੈਕਿੰਗ ਕੀਤੀ ਤਾਂ ਮੈਡੀਕਲ ਸਟੋਰ ਉਪਰ ਵੀ ਅਧਿਕਾਰਤ ਵਿਅਕਤੀ ਨਹੀਂ ਬੈਠਾ ਸੀ ਅਤੇ ਸਟੋਰ ਦਾ ਰਿਕਾਰਡ ਵੀ ਮੇਲ ਨਹੀਂ ਖਾ ਰਿਹਾ ਸੀ ਅਤੇ ਸਡਿਉਲਡ ਐੱਚ-1 ਰਜਿਸਟਰ ਵੀ ਕੰਪਲੀਟ ਨਹੀਂ ਕੀਤਾ ਗਿਆ ਸੀ। ਸਵਾਮੀ ਮੈਡੀਕਲ ਸਟੋਰ ਪਿੰਡ ਸੂਰਪਵਾਲੀ ਕਲਾਂ ਅਤੇ ਅਜੇ ਮੈਡੀਕਲ ਸਟੋਰ ਪਿੰਡ ਘਸੀਟਪੁਰਾ ਵਿਖੇ ਸਥਿਤ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਤਾਂ ਉਥੇ ਸਾਰਾ ਕੁਝ ਠੀਕ ਪਾਇਆ ਗਿਆ। ਉਨ੍ਹਾ ਦੱਸਿਆ ਕਿ ਚੈਕਿੰਗ ਦੌਰਾਨ ਜਿਨ੍ਹਾਂ ਦੁਕਾਨਾਂ ਤੋਂ ਨਸ਼ੇ ਦੇ ਕੈਪਸੂਲ ਬਰਾਮਦ ਹੋਏ ਹਨ, ਉਨ੍ਹਾਂ ਸਬੰਧੀ ਅਗਲੇਰੀ ਕਾਰਵਾਈ ਕਰਦੇ ਹੋਏ ਜਬਤ ਕੀਤੀਆ ਨਸ਼ੀਲੀ ਦਵਾਈਆਂ ਕੋਰਟ ’ਚ ਪੇਸ਼ ਕੀਤੀਆਂ ਗਈਆਂ ਅਤੇ ਸਾਰੀ ਚੈਕਿੰਗ ਤੇ ਕਾਰਵਾਈ ਦੀ ਰਿਪੋਰਟ ਉੱਚ ਅਫਸਰਾਂ ਨੂੰ ਅਗਲੇਰੀ ਕਾਰਵਾਈ ਵਾਸਤੇ ਭੇਜ ਦਿੱਤੀ ਗਈ ਹੈ। ਉਨ੍ਹਾਂ ਜ਼ਿਲਾ ਗੁਰਦਾਸਪੁਰ ਦੇ ਸਾਰੇ ਮੈਡੀਕਲ ਸਟੋਰ ਵਾਲਿਆ ਨੂੰ ਨਿਰਦੇਸ਼ ਦਿੱਤੇ ਕਿ ਡਾਕਟਰ ਦੀ ਪਰਚੀ ਤੋਂ ਬਿਨਾਂ ਪ੍ਰਤੀਬੰਧਿਤ ਦਵਾਈ ਨੂੰ ਨਾ ਵੇਚਿਆ ਜਾਵੇ ਅਤੇ ਜੇਕਰ ਕੋਈ ਵੀ ਮੈਡੀਕਲ ਸਟੋਰ ਮਾਲਕ ਸਰਕਾਰ ਵੱਲੋਂ ਪਾਬੰਧੀਸ਼ੁਦਾ ਦਵਾਈ ਦੀ ਵਿਕਰੀ ਕਰਦਾ ਫੜਿਆ ਗਿਆ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਾਰੇ ਮੈਡੀਕਲ ਸਟੋਰ ਮਾਲਿਕਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਮੈਡੀਕਲ ਸਟੋਰਾਂ ਉਪਰ ਸੀ. ਸੀ. ਟੀ. ਵੀ. ਕੈਮਰੇ ਲਗਾਉਣ।

# ਭਾਰਤ 'ਚ ਨਵੇਂ ਅਪਰਾਧਿਕ ਕਾਨੂੰਨ 1 ਜੁਲਾਈ ਤੋਂ ਹੋਣਗੇ ਲਾਗੂ

ਜੈਤੋ 20 ਜੂਨ। ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰਾਲੇ ਨੇ ਸਨੀਵਾਰ ਨੂੰ ਕਿਹਾ ਕਿ ਰਾਸਟਰਪਤੀ ਨੇ 25 ਦਸੰਬਰ, 2023 ਨੂੰ "ਭਾਰਤੀ ਨਿਆਂਇਕ ਕੋਡ 2023", "ਭਾਰਤੀ ਸਿਵਲ ਡਿਫੈਂਸ ਕੋਡ 2023" ਅਤੇ "ਇੰਡੀਅਨ ਐਵੀਡੈਂਸ ਐਕਟ, 2023" ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਜਿਵੇਂ ਕਿ ਨੋਟੀਫਾਈ ਕੀਤਾ ਗਿਆ ਹੈ, ਇਹ ਨਵੇਂ ਅਪਰਾਧਿਕ ਕਾਨੂੰਨ 1 ਜੁਲਾਈ, 2024 ਤੋਂ ਲਾਗੂ ਹੋਣਗੇ। ਪਿਛਲੇ ਦੋ ਮਹੀਨਿਆਂ ਦੌਰਾਨ, ਕਾਨੂੰਨੀ ਮਾਮਲਿਆਂ ਦੇ ਵਿਭਾਗ, ਕਾਨੂੰਨ ਅਤੇ ਨਿਆਂ ਮੰਤਰਾਲੇ ਨੇ ਇਨ੍ਹਾਂ ਨਵੇਂ ਕਾਨੂੰਨਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸੇਸ ਤੌਰ 'ਤੇ ਸਟੇਕਹੋਲਡਰਾਂ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਸਰਕਾਰੀ ਵਕੀਲਾਂ, ਜਿ਼ਲ੍ਹਾ ਪ੍ਰਸਾਸਨ ਦੇ ਨਾਲ ਕਈ ਸਮਾਗਮਾਂ ਦਾ ਆਯੋਜਨ ਕੀਤਾ ਹੈ ਅਧਿਕਾਰੀਆਂ, ਸਿੱਖਿਆ ਸਾਸਤਰੀਆਂ ਅਤੇ ਕਾਨੂੰਨ ਦੇ ਵਿਦਿਆਰਥੀਆਂ ਦੇ ਨਾਲ-ਨਾਲ ਨਾਗਰਿਕਾਂ ਵਿਚਕਾਰ ਦੋ ਵੱਡੀਆਂ ਕਾਨਫਰੰਸਾਂ ਦਾ ਆਯੋਜਨ ਕੀਤਾ। ਇਸ ਕੋਸਿ਼ਸ ਨੂੰ ਜਾਰੀ ਰੱਖਦੇ ਹੋਏ, ਮੰਤਰਾਲੇ ਨੇ ਜੂਨ 2024 ਦੌਰਾਨ ਕੋਲਕਾਤਾ, ਚੇਨਈ ਅਤੇ ਮੁੰਬਈ ਵਿੱਚ ਤਿੰਨ ਹੋਰ ਸਮਾਨ ਕਾਨਫਰੰਸਾਂ ਆਯੋਜਿਤ ਕਰਨ ਦਾ ਪ੍ਰਸਤਾਵ ਰੱਖਿਆ ਹੈ। ਕੋਲਕਾਤਾ ਵਿੱਚ ਕਾਨਫਰੰਸ - 'ਕ੍ਰਿਮੀਨਲ ਨਿਆਂ ਪ੍ਰਣਾਲੀ ਪ੍ਰਦਾਨ ਕਰਨ ਵਿੱਚ ਭਾਰਤ ਦੇ ਪ੍ਰਗਤੀਸੀਲ ਰਾਹ' 'ਤੇ ਕਾਨਫਰੰਸਾਂ ਦੀ ਲੜੀ ਵਿੱਚ ਤੀਜੀ - ਭਲਕੇ ਹਲਡੇਨ ਐਵੇਨਿਊ, ਆਈਟੀਸੀ ਰਾਇਲ ਬੰਗਾਲ, ਕੋਲਕਾਤਾ ਵਿੱਚ ਆਯੋਜਿਤ ਕੀਤੀ ਜਾਵੇਗੀ। ਕਾਨਫਰੰਸ ਦੇ ਉਦਘਾਟਨੀ ਸੈਸਨ ਵਿੱਚ ਕਲਕੱਤਾ ਹਾਈ ਕੋਰਟ ਦੇ ਚੀਫ ਜਸਟਿਸ ਟੀ.ਐਸ.



ਸਿ਼ਵਗਨਨਮ ਮੁੱਖ ਮਹਿਮਾਨ ਵਜੋਂ ਸਿ਼ਰਕਤ ਕਰਨਗੇ। ਇਸ ਮੌਕੇ ਮਾਨਯੋਗ ਅਰਜੁਨ ਰਾਮ ਮੇਘਵਾਲ, ਮਾਨਯੋਗ ਰਾਜ ਮੰਤਰੀ (ਸੁਤੰਤਰ ਚਾਰਜ), ਕਾਨੂੰਨ ਅਤੇ ਨਿਆਂ ਮੰਤਰਾਲੇ, ਭਾਰਤ ਸਰਕਾਰ ਵੀ ਸੰਬੋਧਨ ਕਰਨਗੇ। ਇਸ ਕਾਨਫਰੰਸ ਦਾ ਉਦੇਸ ਅਰਥਪੂਰਨ ਗੱਲਬਾਤ, ਵਿਚਾਰ-ਵਟਾਂਦਰੇ ਅਤੇ ਸਵਾਲ-ਜਵਾਬ ਸੈਸਨਾਂ ਰਾਹੀਂ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਦੀਆਂ ਮੁੱਖ ਵਿਸੇਸਤਾਵਾਂ ਨੂੰ ਸਾਹਮਣੇ ਲਿਆਉਣਾ ਹੈ। ਕਾਨਫਰੰਸ ਵਿੱਚ ਵੱਖ-ਵੱਖ ਹਾਈ ਕੋਰਟਾਂ, ਪੱਛਮੀ ਬੰਗਾਲ, ਉੜੀਸਾ, ਬਿਹਾਰ, ਉੱਤਰ ਪ੍ਰਦੇਸ, ਝਾਰਖੰਡ ਅਤੇ ਕੇਂਦਰ ਸਾਸਿਤ ਪ੍ਰਦੇਸ ਅੰਡੇਮਾਨ ਅਤੇ ਨਿਕੋਬਾਰ ਆਈਲੈਂਡਜ ਦੀਆਂ ਜਿ਼ਲ੍ਹਾ ਅਤੇ ਹੇਠਲੀਆਂ ਅਦਾਲਤਾਂ ਦੇ ਮਾਣਯੋਗ ਜੱਜਾਂ ਅਤੇ ਸਾਬਕਾ ਜੱਜਾਂ, ਵਕੀਲਾਂ, ਸਿੱਖਿਆ ਸਾਸਤਰੀਆਂ, ਪੁਲਸ ਅਫਸਰਾਂ ਵਰਗੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨੁਮਾਇੰਦੇ ਸਾਮਲ ਹੋਣਗੇ। ਕਾਨਫਰੰਸ ਵਿੱਚ ਹੋਰਨਾਂ ਜਾਂਚ ਏਜੰਸੀਆਂ ਦੇ ਅਧਿਕਾਰੀਆਂ ਤੋਂ ਇਲਾਵਾ ਸਰਕਾਰੀ ਵਕੀਲ, ਜਿ਼ਲ੍ਹਾ ਪ੍ਰਸਾਸਨ, ਨੈਸਨਲ ਲਾਅ ਯੂਨੀਵਰਸਿਟੀਆਂ ਅਤੇ ਹੋਰ ਲਾਅ ਕਾਲਜਾਂ ਦੇ ਕਾਨੂੰਨ ਦੇ ਵਿਦਿਆਰਥੀ ਵੀ ਹਿੱਸਾ ਲੈਣਗੇ। ਉਦਘਾਟਨੀ ਸੈਸਨ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਦੇ ਵਿਆਪਕ ਉਦੇਸਾਂ ਨੂੰ ਉਜਾਗਰ ਕਰੇਗਾ, ਜੋ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਢਾਂਚੇ ਨੂੰ ਮੁੜ ਪਰਿਭਾਸਿ਼ਤ ਕਰਨਗੇ ਅਤੇ ਨਾਗਰਿਕਾਂ ਦੇ ਜੀਵਨ 'ਤੇ ਡੂੰਘੇ ਪ੍ਰਭਾਵ ਪਾਉਣਗੇ। ਉਦਘਾਟਨੀ ਸੈਸਨ 'ਤੇ ਵਿਚਾਰ-ਵਟਾਂਦਰੇ ਤੋਂ ਇਲਾਵਾ, ਹਰੇਕ ਨਵੇਂ ਕਾਨੂੰਨ 'ਤੇ ਤਿੰਨ ਤਕਨੀਕੀ ਸੈਸਨ ਹੋਣਗੇ, ਜਿਵੇਂ ਕਿ ਹੇਠਾਂ ਵੇਰਵੇ ਦਿੱਤੇ ਗਏ ਹਨ। ਤਕਨੀਕੀ ਸੈਸਨ- ਵਿੱਚ ਭਾਰਤੀ ਨਿਆਂ ਸੰਹਿਤਾ, 2023 () ਦੇ ਲਾਗੂ ਹੋਣ ਦਾ ਮੁਲਾਂਕਣ ਕਰਨ ਲਈ ਤੁਲਨਾਤਮਕ ਪਹੁੰਚ ਅਪਣਾਉਣ 'ਤੇ ਕੇਂਦਰਿਤ ਇੱਕ ਡੂੰਘਾਈ ਨਾਲ ਚਰਚਾ ਹੋਵੇਗੀ।

## ਘਰ 'ਚ ਬੱਕਰੇ ਦੀ ਬਲੀ ਦੇਣ ਦੇ ਦੋਸ਼ 'ਚ ਅਹਿਮਦੀਆਂ ਫਿਰਕੇ ਦੇ ਵਿਅਕਤੀ ਵਿਰੁੱਧ ਕੇਸ ਦਰਜ

ਗੁਰਦਾਸਪੁਰ 20 ਜੂਨ। ਤਹਿਰੀਕ-ਏ-ਲਬੈਕ ਪਾਕਿਸਤਾਨ (ਟੀ. ਐੱਲ. ਪੀ.) ਦੇ ਅਧਿਕਾਰੀ ਦੀ ਸਿ਼ਕਾਇਤ 'ਤੇ ਟੋਭਾ ਟੇਕ ਸਿੰਘ ਦੇ ਗੋਜਰਾ 'ਚ ਈਦ-ਉਲ-ਅਜਹਾ 'ਤੇ ਬੱਕਰੇ ਦੀ ਬਲੀ ਦੇਣ ਦੇ ਦੋਸ ਵਿਚ ਅਹਿਮਦੀਆ ਭਾਈਚਾਰੇ ਦੇ ਇਕ ਮੈਂਬਰ 'ਤੇ ਧਾਰਾ 298-ਸੀ ਤਹਿਤ ਕੇਸ ਦਰਜ ਕੀਤਾ ਹੈ। ਪੀ. ਪੀ. ਸੀ. ਦੀ ਧਾਰਾ 298-ਸੀ ਅਹਿਮਦੀਆ ਭਾਈਚਾਰੇ ਨਾਲ ਸਬੰਧਤ ਕਿਸੇ ਵਿਅਕਤੀ ਨੂੰ ਆਪਣੇ ਆਪ ਨੂੰ ਮੁਸਲਮਾਨ ਕਹਿਣ ਜਾਂ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਸਜਾ ਦਾ ਵੇਰਵਾ ਦਿੰਦੀ ਹੈ। ਸਰਹੱਦੀ ਸੂਤਰਾਂ ਮੁਤਾਬਕ ਸਿ਼ਕਾਇਤਕਰਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਗੋਜਰਾ ਦੇ ਇਕ ਪਿੰਡ 'ਚ ਅਹਿਮਦੀਆ ਭਾਈਚਾਰੇ ਨਾਲ ਸਬੰਧਤ ਵਿਅਕਤੀ ਬੱਕਰੇ ਦੀ ਬਲੀ ਦੇ ਰਿਹਾ ਹੈ। ਐੱਫ. ਆਈ. ਆਰ. 'ਚ ਸਿ਼ਕਾਇਤਕਰਤਾ ਨੇ ਕਿਹਾ ਕਿ ਜਦੋਂ ਉਸ ਨੂੰ ਚਿਤਾਵਨੀ ਦਿੱਤੀ ਤਾਂ ਉਹ ਅੜਿਆ ਰਿਹਾ ਅਤੇ ਆਪਣੇ ਆਪ ਨੂੰ ਮੁਸਲਮਾਨ ਦੱਸਦਾ ਰਿਹਾ।

## ਤਨਖਾਹ ਨੂੰ ਤਰਸੇ ਸਿਵਲ ਹਸਪਤਾਲ 'ਚ ਤਾਇਨਾਤ ਠੇਕੇ 'ਤੇ ਭਰਤੀ 38 ਸਫਾਈ-ਸੇਵਕ

ਜਲੰਧਰ 20 ਜੂਨ। ਸਿਵਲ ਹਸਪਤਾਲ 'ਚ ਤਾਇਨਾਤ ਠੇਕੇ 'ਤੇ ਭਰਤੀ ਸਫਾਈ ਸੇਵਕਾਂ 'ਚ ਇਨ੍ਹੀਂ ਦਿਨੀਂ ਰੋਸ ਦੇਖਣ ਨੂੰ ਮਿਲ ਰਿਹਾ ਹੈ। ਦੱਸਣਯੋਗ ਹੈ ਕਿ ਸਫਾਈ ਸੇਵਕਾਂ ਨੂੰ ਲਗਭਗ 10,000 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਦੀ ਹੈ। ਇੰਨੇ ਥੋੜ੍ਹੇ ਪੈਸਿਆਂ ਨਾਲ ਉਹ ਆਪਣੇ ਪਰਿਵਾਰਾਂ ਦਾ ਗੁਜਾਰਾ ਚਲਾਉਂਦੇ ਹਨ। ਸਫਾਈ ਕਰਮਚਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਰ ਮਹੀਨੇ ਦੀ 7 ਤਰੀਕ ਦੇ ਆਸ-ਪਾਸ ਤਨਖਾਹ ਮਿਲਦੀ ਹੈ ਪਰ ਉਨ੍ਹਾਂ ਨੂੰ ਪਿਛਲੇ ਮਹੀਨੇ ਤੇ ਹੁਣ ਤੱਕ ਵੀ ਤਨਖਾਹ ਨਹੀਂ ਮਿਲੀ। ਉਨ੍ਹਾਂ ਦੀ 8 ਘੰਟੇ ਸਖਤ ਡਿਊਟੀ ਲਈ ਜਾਂਦੀ ਹੈ



ਅਤੇ ਉਹ ਪੂਰੀ ਮਿਹਨਤ ਨਾਲ ਆਪਣਾ ਕੰਮ ਕਰਦੇ ਹਨ ਪਰ ਇਸ ਦੇ ਬਾਵਜੂਦ ਜੇਕਰ ਉਨ੍ਹਾਂ ਨੂੰ ਤਨਖਾਹ ਨਾ ਮਿਲੇ ਤਾਂ ਉਨ੍ਹਾਂ ਦੇ ਦਿਲਾਂ 'ਤੇ ਕੀ ਬੀਤਦੀ ਹੋਵੇਗੀ? ਘਰ ਦਾ ਰਾਸ਼ਨ ਅਤੇ ਹੋਰ ਖਰਚਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਵਿਆਜ 'ਤੇ ਕਿਸੇ ਤੋਂ ਪੈਸੇ ਉਧਾਰ ਲੈਣੇ ਪੈਂਦੇ ਹਨ। ਹੁਣ ਵਿਆਜ ਦੀ ਰਕਮ ਅਦਾ ਕਰਨਾ ਅਤੇ ਘਰ ਦਾ ਗੁਜਾਰਾ ਚਲਾਉਣਾ ਦੋਵੇਂ ਹੀ ਮੁਸਕਲ ਹਨ। ਸੰਪਰਕ ਕਰਨ 'ਤੇ ਇਕ ਸਫਾਈ ਕਰਮਚਾਰੀ ਨੇ ਦੱਸਿਆ ਕਿ ਉਹ ਕੋਈ ਸਰਕਾਰੀ ਮੁਲਾਜਮ ਨਹੀਂ ਹੈ, ਜੇਕਰ ਹੁੰਦਾ ਤਾਂ ਉਸ ਦੀ ਤਨਖਾਹ ਵੀ ਸਮੇਂ ਸਿਰ ਆ ਜਾਂਦੀ। ਫਿਰ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ? ਸਫਾਈ ਕਰਮਚਾਰੀਆਂ ਦੀ ਮੰਗ ਹੈ ਕਿ ਉਨ੍ਹਾਂ ਦੀਆਂ ਤਨਖਾਹਾਂ ਉਨ੍ਹਾਂ ਦੇ ਖਾਤਿਆਂ 'ਚ ਜਲਦੀ ਜਮ੍ਹਾਂ ਕਰਵਾਈਆਂ ਜਾਣ। ਗੌਰਤਲਬ ਹੈ ਕਿ ਹਸਪਤਾਲ 'ਚ ਸਫਾਈ ਦਾ ਠੇਕਾ 2 ਪ੍ਰਾਈਵੇਟ ਕੰਪਨੀਆਂ ਕੋਲ ਹੈ ਤੇ 38 ਦੇ ਕਰੀਬ ਸਫਾਈ ਕਰਮਚਾਰੀ ਠੇਕੇ 'ਤੇ ਕੰਮ ਕਰਦੇ ਹਨ।

## ਵਿਆਹ ਦੇ ਬੰਧਨ 'ਚ ਬੱਝੇ ਮੰਤਰੀ ਅਨਮੋਲ ਗਗਨ ਮਾਨ, ਆਨੰਦ ਕਾਰਜ ਮਗਰੋਂ ਰੱਖੀ ਰਿਸੈਪਸ਼ਨ ਪਾਰਟੀ

ਚੰਡੀਗੜ੍ਹ 20 ਜੂਨ। ਕੈਬਨਿਟ ਮੰਤਰੀ ਅਤੇ ਗਾਇਕ ਅਨਮੋਲ ਗਗਨ ਮਾਨ ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ। ਜੀਰਕਪੁਰ ਦੇ ਗੁਰਦੁਆਰਾ ਨਾਭਾ ਸਾਹਿਬ ਵਿਚ ਐਡਵੋਕੇਟ ਸ਼ਾਹਬਾਜ ਸਿੰਘ ਨਾਲ ਉਨ੍ਹਾਂ ਦੀਆਂ ਲਾਵਾਂ (ਆਨੰਦ ਕਾਰਜ) ਹੋਈਆਂ। ਦੋਵੇਂ ਵਿਆਹ ਵਾਲੇ ਜੋੜੇ 'ਚ ਬੇਹੱਦ ਖੂਬਸੂਰਤ ਲੱਗ ਰਹੇ ਹਨ। ਇਸ ਮੌਕੇ ਦੋਵਾਂ ਪਰਿਵਾਰਾਂ ਦੇ ਮੈਂਬਰ ਹਾਜਰ ਸਨ। ਹੁਣ ਨਵਾਂ ਵਿਆਹਿਆ ਜੋੜਾ ਮੈਰਿਜ ਪੈਲੇਸ ਚਲੇ ਗਏ ਹਨ, ਜਿੱਥੇ ਰਿਸੈਪਸਨ ਪਾਰਟੀ ਰੱਖੀ ਗਈ ਹੈ। ਜਾਣਕਾਰੀ ਮੁਤਾਬਕ ਜਿਸ ਪਰਿਵਾਰ ਵਿੱਚ ਅਨਮੋਲ ਗਗਨ ਮਾਨ ਦਾ ਵਿਆਹ ਹੋਣ ਜਾ ਰਿਹਾ ਹੈ। ਉਸ ਦਾ



ਆਪਣੇ ਇਲਾਕੇ ਵਿਚ ਵੀ ਚੰਗਾ ਪ੍ਰਭਾਵ ਹੈ। ਉਨ੍ਹਾਂ ਦਾ ਪਤੀ ਸਾਹਬਾਜ ਸਿੰਘ ਦੀ ਮਾਂ ਸੀਲਮ ਸੋਹੀ ਸਿਆਸਤ ਵਿੱਚ ਹੈ। ਦੱਸ ਦੇਈਏ ਅਨਮੋਲ ਗਗਨ ਮਾਨ ਦਾ ਪਰਿਵਾਰ ਮੂਲ ਤੌਰ 'ਤੇ ਮਾਨਸਾ ਜਿ਼ਲ੍ਹੇ ਦਾ ਰਹਿਣ ਵਾਲਾ ਹੈ। ਹਾਲਾਂਕਿ ਉਨ੍ਹਾਂ ਦਾ ਜਿ਼ਆਦਾਤਰ ਸਮਾਂ ਚੰਡੀਗੜ੍ਹ ਅਤੇ ਮੋਹਾਲੀ ਵਿੱਚ ਹੀ ਬੀਤਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਪੜ੍ਹਾਈ ਚੰਡੀਗੜ੍ਹ ਤੋਂ ਕੀਤੀ। ਇਸ ਤੋਂ ਬਾਅਦ ਉਹ ਪੰਜਾਬੀ ਮਿਊਜਿ਼ਕ ਇੰਡਸਟਰੀ 'ਚ ਆਈ। ਉਨ੍ਹਾਂ ਨੇ ਇੱਕ ਤੋਂ ਬਾਅਦ ਇੱਕ ਕਈ ਪੰਜਾਬੀ ਐਲਬਮਾਂ ਵਿੱਚ ਕੰਮ ਕੀਤਾ। ਇਸ ਦੇ ਨਾਲ ਹੀ ਪੰਜਾਬੀ ਮਿਊਜਿ਼ਕ ਇੰਡਸਟਰੀ ਅਤੇ ਸਿਆਸਤ ਦੇ ਖੇਤਰ ਦੀਆਂ ਕਈ ਮਸਹੂਰ ਹਸਤੀਆਂ ਦੇ ਇਸ ਵਿੱਚ ਸਾਮਲ ਹੋਣ ਦੀ ਉਮੀਦ ਹੈ। ਇਸ ਤੋਂ ਬਾਅਦ ਸਾਮ ਪੰਜ ਵਜੇ ਡੋਲੀ ਰਵਾਨਾ ਹੋਵੇਗੀ। ਅਨਮੋਲ ਗਗਨ ਮਾਨ ਨੇ ਸਾਲ 2022 ਵਿੱਚ ਪਹਿਲੀ ਵਾਰ ਖਰੜ ਤੋਂ ਵਿਧਾਨ ਸਭਾ ਚੋਣ ਜਿੱਤੀ ਸੀ।

# ਕਰਜ 'ਚ ਡੁੱਬੇ ਨੌਜਵਾਨ ਦਾ ਬੇਰਹਿਮ ਕਾਰਾ, ਫਿਰੌਤੀ ਲਈ 13 ਸਾਲਾ ਮੁੰਡੇ ਦਾ ਕੀਤਾ ਕਤਲ

ਫਰੀਦਾਬਾਦ 20 ਜੂਨ। ਕਰਜ 'ਚ ਡੁੱਬੇ ਨੌਜਵਾਨ ਨੂੰ ਪੈਸੇ ਦੇ ਲਾਲਚ ਨੇ ਆਪਣੇ ਹੀ ਗੁਆਂਢ ਰਹਿਣ ਵਾਲੇ 13 ਸਾਲਾ ਮੁੰਡੇ ਦਾ ਕਾਤਲ ਬਣਾ ਦਿੱਤਾ। ਤਾਜਾ ਮਾਮਲਾ ਹਰਿਆਣਾ ਦੇ ਫਰੀਦਾਬਾਦ ਦੇ ਸੈਕਟਰ-62 ਹਾਊਸਿੰਗ ਬੋਰਡ ਕਾਲੋਨੀ ਦਾ ਹੈ, ਜਿੱਥੇ 13 ਸਾਲਾ ਮਾਸੂਮ ਨੂੰ 24 ਘੰਟੇ ਪਹਿਲਾਂ ਅਗਵਾ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਪਰਿਵਾਰ ਵਾਲਿਆਂ ਦੇ ਬਿਆਨਾਂ ਦੇ ਆਧਾਰ 'ਤੇ ਕੁਝ ਲੋਕਾਂ ਲੋਕਾਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ, ਜਿਨ੍ਹਾਂ ਦੀ ਨਿਸ਼ਾਨਦੇਹੀ 'ਤੇ ਪਤਾ ਲੱਗਾ ਕਿ ਬੱਚੇ ਨੂੰ ਅਗਵਾ ਕਰ ਕੇ ਕਤਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਬੱਚੇ ਨੂੰ ਅਗਵਾ ਕਰ ਕੇ ਉਸ ਨੂੰ ਜਿ਼ਆਦਾ ਨਸ਼ੀਲੀਆਂ ਦਵਾਈਆਂ ਖੁਆ ਦਿੱਤੀਆਂ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਆਦਰਸ਼ ਨਗਰ ਥਾਣੇ ਦੇ ਦੀ ਮੰਨੀਏ ਤਾਂ ਉਨ੍ਹਾਂ ਨੇ ਦੱਸਿਆ ਕਿ ਦੋਸ਼ੀ ਉੱਪਰ ਕਰਜ ਸੀ, ਜਿਸ ਕਾਰਨ ਉਸ ਨੇ ਬੱਚੇ ਦੇ ਪਿਤਾ ਤੋਂ ਫਿਰੌਤੀ ਮੰਗਣ ਲਈ ਬੱਚੇ ਨੂੰ ਅਗਵਾ ਕੀਤਾ ਸੀ। ਇਸ ਦੌਰਾਨ ਬੱਚੇ ਨੂੰ ਜਿ਼ਆਦਾ ਨਸ਼ੀਲੀਆਂ ਦਵਾਈਆਂ ਦੇਣ ਕਾਰਨ ਉਸ ਦੀ ਮੌਤ ਹੋ ਗਈ। ਦੋਸ਼ੀ ਨੇ ਕਤਲ ਦੀ ਵਾਰਦਾਤ ਨੂੰ ਲੁਕਾਉਣ ਲਈ ਲਾਸ਼ ਨੂੰ ਆਗਰਾ ਕੈਨਾਲ ਨਹਿਰ ਵਿਚ ਸੁੱਟ ਦਿੱਤਾ ਪਰ ਲਾਸ਼ ਨਹਿਰ 'ਚ ਤੈਰ ਕੇ ਕਿਨਾਰੇ 'ਤੇ ਆ ਗਈ। ਫਿ਼ਲਹਾਲ ਪੁਲਸ ਨੇ ਬੱਚੇ ਦੀ ਲਾਸ਼ ਨੂੰ ਆਗਰਾ ਕੈਨਾਲ ਨਹਿਰ ਵਿਚੋਂ ਬਰਾਮਦ ਕਰ ਕੇ ਪੋਸਟਮਾਰਟਮ ਲਈ ਫਰੀਦਾਬਾਦ ਦੇ ਬਾਦਸ਼ਾਹ ਖਾਨ ਹਸਪਤਾਲ 'ਚ ਪਹੁੰਚਾ ਦਿੱਤਾ, ਜਿੱਥੇ ਲਾਸ਼ ਦਾ ਪੋਸਟਮਾਰਟਮ ਹੋਣ ਮਗਰੋਂ ਖੁਲਾਸਾ ਹੋਵੇਗਾ। ਉੱਥੇ ਹੀ 13 ਸਾਲਾ ਮਾਸੂਮ ਦੀ ਲਾਸ਼ ਮਿਲਣ ਮਗਰੋਂ ਪਰਿਵਾਰ ਵਾਲਿਆਂ ਦਾ ਗੁੱਸਾ ਫੁਟਿਆ ਹੈ



ਅਤੇ ਪਰਿਵਾਰ ਨੇ ਥਾਣੇ 'ਚ ਪਹੁੰਚ ਕੇ ਜੰਮ ਕੇ ਹੰਗਾਮਾ ਕੀਤਾ। ਮੋਹਨਾ ਰੋਡ 'ਤੇ ਜਾਮ ਲਾ ਦਿੱਤਾ। ਪਰਿਵਾਰ ਵਾਲਿਆਂ ਨੇ ਪੁਲਸ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਪੁਲਸ ਦੀ ਲਾਪ੍ਰਵਾਹੀ ਦੇ ਚੱਲਦੇ ਹੀ ਉਨ੍ਹਾਂ ਦੇ ਬੱਚੇ ਦਾ ਕਤਲ ਹੋਇਆ ਹੈ। ਜੇਕਰ ਪੁਲਸ ਸਮੇਂ ਰਹਿੰਦੇ ਐਕਸ਼ਨ ਲੈਂਦੀ ਤਾਂ ਸ਼ਾਇਦ ਉਨ੍ਹਾਂ ਦਾ ਬੱਚਾ ਬਚ ਜਾਂਦਾ।

## ਜਿਲ੍ਹਾ ਪ੍ਰਧਾਨਾਂ ਨਾਲ ਮੀਟਿੰਗ ਮਗਰੋਂ ਬੋਲੇ ਰਾਜਾ ਵੜਿੰਗ-ਪੰਜਾਬੀਆਂ ਨੇ ਆਉਣ ਵਾਲੇ ਸਮੇਂ ਦੇ ਸੰਕੇਤ ਦਿੱਤੇ

ਚੰਡੀਗੜ੍ਹ 20 ਜੂਨ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਇੱਥੇ ਸਾਰੇ ਜਿ਼ਲ੍ਹਾ ਪ੍ਰਧਾਨਾਂ ਨਾਲ ਅਹਿਮ ਮੀਟਿੰਗ ਕੀਤੀ। ਮੀਟਿੰਗ ਮਗਰੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਜਿ਼ਲ੍ਹਾ ਪ੍ਰਧਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ ਜਿ਼ਲ੍ਹਾ ਪ੍ਰਧਾਨਾਂ ਨੇ ਹੀ ਸਾਰੀ ਲੜਾਈ ਲੜੀ ਹੈ। ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਨੇ ਇਨ੍ਹਾਂ ਚੋਣਾਂ ਦੌਰਾਨ ਕੁੱਝ ਨਹੀਂ ਕੀਤਾ, ਇਹ ਸਾਰਾ ਜਿੱਤ ਦਾ ਸਿਹਰਾ ਕਾਂਗਰਸ ਦੇ ਸੀਨੀਅਰ ਲੀਡਰਾਂ, ਜੂਨੀਅਰ ਲੀਡਰਾਂ ਅਤੇ ਬੂਥਾਂ 'ਤੇ ਕੰਮ ਕਰ ਰਹੇ ਸਾਥੀਆਂ, ਜਿ਼ਲ੍ਹਾ ਪ੍ਰਧਾਨਾਂ ਅਤੇ ਬਲਾਕ ਪ੍ਰਧਾਨਾਂ ਨੂੰ ਜਾਂਦਾ ਹੈ। ਪੰਜਾਬ 'ਚ ਕਾਂਗਰਸ ਪਾਰਟੀ ਨੂੰ 7 ਸੀਟਾਂ ਇਨ੍ਹਾਂ ਲੋਕਾਂ ਦੀ ਬਦੌਲਤ ਹੀ ਮਿਲੀਆਂ ਹਨ ਅਤੇ ਪਾਰਟੀ ਨੂੰ ਬਹੁਤ ਵੱਡੀ ਜਿੱਤ ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਹੈ। ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਿੱਧਾ-ਸਿੱਧਾ ਆਉਣ ਵਾਲੇ ਸਮੇਂ ਦੇ ਸੰਕੇਤ ਦਿੱਤੇ ਹਨ ਕਿ ਲੋਕ ਕਾਂਗਰਸ ਪਾਰਟੀ ਨੂੰ ਚਾਹੁੰਦੇ ਹਨ।

## ਮੋਗਾ ਪੁਲਸ ਵੱਲੋ ਹੈਰੋਇਨ ਤੇ ਚੂਰਾ-ਪੋਸਤ ਸਮੇਤ 2 ਕਾਬੂ

ਮੋਗਾ 20 ਜੂਨ। ਨਸ਼ਿਆਂ ਦੇ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਮੋਗਾ ਪੁਲਸ ਨੇ ਭਾਰੀ ਮਾਤਰਾ 'ਚ ਹੈਰੋਇਨ ਅਤੇ ਚੂਰਾ-ਪੋਸਤ ਬਰਾਮਦ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਸਿਟੀ ਰਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਫੋਕਲ ਪੁਆਇੰਟ ਪੁਲਸ ਚੌਂਕੀ ਦੇ ਇੰਚਾਰਜ ਮੋਹਕਮ ਸਿੰਘ ਦੀ ਅਗਵਾਈ 'ਚ ਸਹਾਇਕ ਥਾਣੇਦਾਰ ਸੁਰਜੀਤ ਸਿੰਘ ਪੁਲਸ ਪਾਰਟੀ ਸਮੇਤ ਇਲਾਕੇ 'ਚ ਗਸ਼ਤ ਕਰਦੇ ਹੋਏ ਟੀ-ਪੁਆਇੰਟ ਕੱਚਾ ਦੁਸਾਂਝ ਰੋਡ ਮੋਗਾ



'ਤੇ ਪੁੱਜੇ ਤਾਂ ਗੁਪਤ ਸੂਚਨਾਂ ਦੇ ਆਧਾਰ 'ਤੇ ਰਾਮਜੋਧ ਸਿੰਘ ਉਰਫ ਜੋਤ ਨਿਵਾਸੀ ਪਿੰਡ ਬੀੜ ਰਾਊਕੇ ਹਾਲ ਅਬਾਦ ਅਪੈਕਸ ਕਾਲੋਨੀ ਪੱਕਾ ਦੁਸਾਂਝ ਰੋਡ ਮੋਗਾ ਨੂੰ ਰੋਕਿਆ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 30 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਦੇ ਖ਼ਿਲਾਫ ਥਾਣਾ ਸਿਟੀ ਮੋਗਾ ਵਿਚ ਐੱਨ. ਡੀ. ਪੀ. ਐੱਸ ਐਕਟ ਦੇ ਤਹਿਤ ਮਾਮਲਾ ਦਰਜ ਕਰਨ ਦੇ ਬਾਅਦ ਉਸ ਨੂੰ ਅੱਜ ਅਦਾਲਤ 'ਚ ਪੇਸ਼ ਕਰ ਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਇਸੇ ਤਰ੍ਹਾਂ ਪੁਲਸ ਚੌਂਕੀ ਦੋਲੇਵਾਲਾ ਦੇ ਇੰਚਾਰਜ ਸਹਾਇਕ ਥਾਣੇਦਾਰ ਰਘੁਵਿੰਦਰ ਪ੍ਰਸਾਦ ਜਦੋਂ ਪੁਲਸ ਪਾਰਟੀ ਸਮੇਤ ਮਸੀਤਾਂ ਰੋਡ ਪਿੰਡ ਦੋਲੇਵਾਲਾ ਦੇ ਕੋਲ ਜਾ ਰਹੇ ਸੀ ਤਾਂ ਸ਼ੱਕ ਦੇ ਆਧਾਰ 'ਤੇ ਨਿਸ਼ਾਨ ਸਿੰਘ ਉਰਫ ਸਾਨਾਂ ਨਿਵਾਸੀ ਪਿੰਡ ਦੋਲੇਵਾਲਾ ਨੂੰ ਰੋਕਿਆ ਅਤੇ ਤਲਾਸ਼ੀ ਲੈਣ 'ਤੇ ਉਸ ਕੋਲੋਂ 8 ਕਿੱਲੋ ਚੂਰਾ-ਪੋਸਤ ਬਰਾਮਦ ਕੀਤਾ ਗਿਆ

# 4 ਮਰਲੇ ਦਾ ਪਲਾਟ ਤੇ ਗਰਾਉਂਡ ਫਲੋਰ ਬਣਾਉਣ ਦਾ ਝਾਂਸਾ ਦੇ ਕੇ ਠੇਕੇਦਾਰ ਨੇ ਠੱਗੇ ਸਾਢੇ 5 ਲੱਖ ਰੁਪਏ

ਜਲੰਧਰ 20 ਜੂਨ। ਵੇਰਕਾ ਮਿਲਕ ਪਲਾਂਟ ਕੋਲ ਸਲੇਮਪੁਰ ਵਿਚ ਇਕ ਪਰਿਵਾਰ ਨੂੰ 4 ਮਰਲੇ ਦਾ ਪਲਾਂਟ ਅਤੇ ਗਰਾਊਂਡ ਫਲੋਰ ਬਣਾ ਕੇ ਦੇਣ ਦਾ ਝਾਂਸਾ ਦੇ ਕੇ ਠੇਕੇਦਾਰ ਨੇ ਲੱਗਭਗ ਸਾਢੇ 5 ਲੱਖ ਰੁਪਏ ਠੱਗ ਲਏ। ਇਕ ਸਾਲ ਬੀਤਣ 'ਤੇ ਮੁਲਜਮ ਠੇਕੇਦਾਰ ਨੇ ਪਲਾਟ ਦਾ ਕੋਈ ਵੀ ਕੰਮ ਨਾ ਕੀਤਾ ਤਾਂ ਪਰਿਵਾਰ ਵੱਲੋਂ ਪੈਸੇ ਮੋੜਨ 'ਤੇ ਉਹ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗਾ, ਜਿਸ ਦੀ ਸ਼ਿਕਾਇਤ ਪੀੜਤ ਪਰਿਵਾਰ ਨੇ ਪੁਲਸ ਨੂੰ ਦਿੱਤੀ ਤਾਂ ਥਾਣਾ ਨੰਬਰ 1 ਵਿਚ ਮੁਲਜਮ ਠੇਕੇਦਾਰ ਅਜੈ ਕੁਮਾਰ ਪੁੱਤਰ ਸਾਧੂ ਰਾਮ ਨਿਵਾਸੀ ਬਾਗ ਬਾਹਰੀਆਂ ਜਲੰਧਰ ਖਿ਼ਲਾਫ ਕੇਸ ਦਰਜ ਕਰ ਲਿਆ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਸ਼ਾਂਤੀ ਦੇਵੀ ਪਤਨੀ ਦਲ ਬਹਾਦੁਰ ਨਿਵਾਸੀ ਪਿਡ ਸ਼ਾਹੀ ਮਾਜਰਾ ਐੱਸ. ਏ. ਐੱਸ. ਨਗਰ ਨੇ ਦੱਸਿਆ ਕਿ ਮਈ 2022 ਵਿਚ ਉਹ ਠੇਕੇਦਾਰ ਅਜੈ ਨੂੰ ਮਿਲੇ ਸੀ। ਅਜੇ ਨੇ ਉਨ੍ਹਾਂ ਨੂੰ ਸਲੇਮਪੁਰ ਇਲਾਕੇ ਵਿਚ 4 ਮਰਲੇ ਦਾ ਪਲਾਟ ਦਿਖਾਇਆ ਸੀ, ਜਿਸ ਦੀ ਇਕ ਮੰਜਿ਼ਲ ਤਿਆਰ ਕਰਨ 'ਤੇ 15.50 ਲੱਖ ਰੁਪਏ ਦਾ ਸੌਦਾ ਹੋਇਆ ਸੀ। ਉਨ੍ਹਾਂ ਵਿਚ ਐਗਰੀਮੈਂਟ ਵੀ ਹੋ ਗਿਆ। ਠੇਕੇਦਾਰ ਨੇ ਭਰੋਸਾ ਦਿੱਤਾ ਕਿ ਉਹ ਇਸੇ ਪਲਾਟ 'ਤੇ ਉਨ੍ਹਾਂ ਦਾ 12 ਲੱਖ ਰੁਪਏ ਦਾ ਲੋਨ ਵੀ ਕਰਵਾ ਦੇਵੇਗਾ, ਜਿਸ ਕਾਰਨ ਉਸਨੇ ਸ਼ਾਂਤੀ




ਦੇਵੀ ਤੋਂ 15 ਸਾਈਨ ਕਰਵਾ ਕੇ ਚੈੱਕ ਲੈ ਲਏ। ਮਈ 2022 ਨੂੰ ਸ਼ਾਂਤੀ ਦੇਵੀ ਨੇ 5 ਲੱਖ ਰੁਪਏ ਐਡਵਾਂਸ ਵਿਚ ਦਿੱਤੇ, ਜਦੋਂ ਕਿ 30 ਹਜਾਰ ਰੁਪਏ ਉਸਨੇ ਵੱਖ ਤੋਂ ਆਪਣੇ ਬੈਂਕ ਖਾਤੇ ਵਿਚ ਟਰਾਂਸਫਰ ਕਰਵਾ ਲਏ। ਬਿਨਾਂ ਕੋਈ ਕੰਮ ਕੀਤੇ ਕੁਝ ਦਿਨਾਂ ਬਾਅਦ ਠੇਕੇਦਾਰ ਨੇ ਲੋਨ ਵਾਸਤੇ ਲਏ ਚੈੱਕਾਂ ਵਿਚੋਂ ਇਕ ਚੈੱਕ ਭਰ ਕੇ ਬੈਂਕ ਖਾਤੇ ਵਿਚੋਂ 12 ਹਜਾਰ ਅਤੇ ਫਿਰ 2500 ਰੁਪਏ ਕਢਵਾ ਲਏ, ਜਦੋਂ ਕਿ ਪਰਿਵਾਰ ਨੂੰ ਪੁੱਛਿਆ ਤਕ ਨਹੀਂ। ਜਿਉਂ ਹੀ ਸ਼ਾਂਤੀ ਦੇਵੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਬੈਂਕ ਖਾਤੇ ਵਿਚ ਹੋਰ ਪੈਸੇ ਪਏ ਹੋਣ ਕਾਰਨ ਆਪਣਾ ਖਾਤਾ ਫ੍ਰੀਜ ਕਰਵਾ ਦਿੱਤਾ। ਕੰਮ ਨਾ ਕਰਨ ਦਾ ਕਾਰਨ ਪੁੱਛਣ 'ਤੇ ਠੇਕੇਦਾਰ ਪਹਿਲਾਂ ਤਾਂ ਟਾਲ-ਮਟੋਲ ਕਰਦਾ ਰਿਹਾ ਤੇ ਬਾਅਦ ਵਿਚ ਕੁਝ ਹਫਤਿਆਂ ਵਿਚ ਮਕਾਨ ਤਿਆਰ ਕਰ ਕੇ ਦੇਣ ਦਾ ਝਾਂਸਾ ਦਿੰਦਾ ਰਿਹਾ। ਸ਼ਾਂਤੀ ਨੇ ਕਿਹਾ ਕਿ ਮੁਲਜਮ ਨੇ ਜਦੋਂ ਕੰਮ ਹੀ ਸ਼ੁਰੂ ਨਾ ਕੀਤਾ ਤਾਂ ਉਨ੍ਹਾਂ ਆਪਣੇ ਪੈਸੇ ਵਾਪਸ ਮੰਗਣੇ ਸ਼ੁਰੂ ਕਰ ਦਿੱਤੇ ਪਰ ਠੇਕੇਦਾਰ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗਾ।

## ਪੰਜਾਬ 'ਚ ਸਰਕਾਰੀ ਬੱਸਾਂ ਦਾ ਸਫਰ ਕਰਨ ਵਾਲੇ ਦੇਣ ਧਿਆਨ

ਲੁਧਿਆਣਾ 20 ਜੂਨ। ਪੰਜਾਬ 'ਚ ਸਰਕਾਰੀ ਬੱਸਾਂ ਦਾ ਸਫਰ ਕਰਨ ਵਾਲਿਆਂ ਲਈ ਜਰੂਰੀ ਖਬਰ ਹੈ। ਦਰਅਸਲ ਅੱਜ ਸਰਕਾਰੀ ਬੱਸਾਂ ਦਾ ਚੱਕਾ ਜਾਮ ਰਹੇਗਾ। ਇਸ ਲਈ ਜੇਕਰ ਅੱਜ ਤੁਹਾਡਾ ਸਫਰ ਕਰਨ ਦਾ ਕੋਈ ਪ੍ਰੋਗਰਾਮ ਹੈ ਤਾਂ ਜਰਾ ਸੋਚ-ਸਮਝ ਕੇ ਹੀ ਘਰੋਂ ਨਿਕਲੋ। ਜਾਣਕਾਰੀ ਮੁਤਾਬਕ ਪਨਬੱਸ, ਪੀ. ਆਰ. ਟੀ. ਸੀ. ਕਾਨਟਰੈਕਟ ਵਰਕਰਜ ਯੂਨੀਅਨ ਵਲੋਂ ਅੱਜ ਬੱਸਾਂ ਦਾ ਚੱਕਾ ਜਾਮ ਕੀਤਾ ਗਿਆ ਹੈ। ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਤਨਖਾਹ ਨਾ ਆਉਣ ਕਾਰਨ ਕੋਈ ਵੀ ਡਿਪੂ ਨਹੀਂ ਖੋਲ੍ਹਿਆ ਜਾਵੇਗਾ। ਵਰਕਰਾਂ ਨੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੂਰੇ ਜੋਰ-ਸ਼ੋਰ ਨਾਲ ਨਾਅਰੇ ਲਾਏ ਅਤੇ ਆਪਣੀਆਂ ਮੰਗਾਂ ਨੂੰ ਨਾ ਪੂਰੀਆਂ ਹੋਣ ਲਈ ਸਰਕਾਰ ਨੂੰ ਜਿ਼ੰਮੇਵਾਰ ਠਹਿਰਾਇਆ। ਉਨ੍ਹਾਂ ਦਾ ਕਹਿਣਾ ਹੈ ਕਿ ਮੁਲਾਜਮਾਂ ਦੀਆਂ ਤਨਖਾਹਾਂ ਇਸ ਵਾਰ ਵੀ ਨਹੀਂ ਆਈਆਂ, ਜਿਸ ਕਾਰਨ ਉਨ੍ਹਾਂ ਨੂੰ ਘਰਾਂ ਦਾ ਗੁਜਾਰਾ ਕਰਨਾ ਔਖਾ ਹੋ ਰਿਹਾ ਹੈ। ਡਿਪੂ ਦੇ ਗੇਟ 'ਤੇ ਵਰਕਰਾਂ ਨੂੰ ਡਿਊਟੀ ਦੌਰਾਨ ਤੰਗ-ਪਰੇਸ਼ਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਓਵਰਟਾਈਮ ਦਾ ਬਕਾਇਆ ਵੀ ਨਹੀਂ ਦਿੱਤਾ ਜਾਂਦਾ, ਇਸ ਕਾਰਨ ਉਨ੍ਹਾਂ ਵਲੋਂ ਚੱਕਾ ਜਾਮ ਕੀਤਾ ਗਿਆ ਹੈ।

# ਪੰਜਾਬ 'ਚ ਭਿਆਨਕ ਗਰਮੀ ਦੌਰਾਨ ਵੱਡੀ ਘਟਨਾ, ਚੱਲਦੀ ਕਾਰ ਨੂੰ ਲੱਗੀ ਅੱਗ

ਤਪਾ ਮੰਡੀ 20 ਜੂਨ। ਪੰਜਾਬ 'ਚ ਲਗਾਤਾਰ ਵੱਧ ਰਹੇ ਤਾਪਮਾਨ 'ਚ ਅੱਜ ਦੁਪਹਿਰ ਸਮੇਂ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਹੰਡਿਆਇਆ ਨੇੜੇ ਪਿੰਡ ਦਰਾਜ 'ਚ ਇਕ ਚੱਲਦੀ ਕਾਰ ਨੂੰ ਅੱਗ ਲੱਗ ਗਈ। ਇਸ ਕਾਰਨ ਕਾਰ ਚਾਲਕ ਦੀ ਅੱਗ 'ਚ ਝੁਲਸਣ ਕਾਰਨ ਮੌਤ ਹੋਣ ਦੀ ਦੁਖਦਾਈ ਖਬਰ ਪ੍ਰਾਪਤ ਹੋਈ ਹੈ। ਇਸ ਸਬੰਧੀ ਪਤਾ ਲੱਗਾ ਹੈ ਕਿ ਪਿੰਡ ਦਰਾਜ ਦਾ ਵਿਅਕਤੀ ਪਿੰਡ ਤੋਂ ਬਰਨਾਲਾ ਵਿਖੇ ਕੋਈ ਘਰੇਲੂ ਕੰਮ ਜਾ ਰਿਹਾ ਸੀ। ਜਦੋਂ ਵਿਅਕਤੀ ਹੰਡਿਆਇਆ ਨੇੜੇ ਹੋਟਲ ਕੋਲ ਪੁੱਜਾ ਤਾਂ ਚੱਲਦੀ ਕਾਰ ਨੂੰ ਅੱਗ ਲੱਗ ਗਈ ਤਾਂ ਪਿੱਛੋਂ ਵੀ ਲੋਕਾਂ ਨੇ ਆਵਾਜਾਂ ਮਾਰੀਆਂ। ਜਦੋਂ ਚਾਲਕ ਨੇ ਹੈਂਡਬ੍ਰੇਕ ਮਾਰੇ ਤਾਂ ਕਾਰ ਨੂੰ ਜਬਰਦਸਤ ਅੱਗ ਲੱਗ ਗਈ। ਨਜਦੀਕੀ ਵੱਡੀ ਗਿਣਤੀ 'ਚ ਲੋਕਾਂ ਨੇ ਅੱਗ ਬੁਝਾਉਣ ਦੀ ਕੋਸ਼ਿਸ ਕੀਤੀ ਪਰ ਭਾਂਬੜ ਨਿਕਲਦੇ ਦੇਖ ਚਾਲਕ ਵੀ ਕਾਰ 'ਚ ਝੁਲਸ ਕੇ ਮਰ ਗਿਆ। ਇਸ ਘਟਨਾ ਦਾ ਪਤਾ ਲੱਗਦੇ ਹੀ



ਫਾਇਰ ਬ੍ਰਿਗੇਡ ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ ਅਤੇ ਕਾਰ ਨੂੰ ਲੱਗੀ ਅੱਗ 'ਤੇ ਕਾਬੂ ਪਾਇਆ। ਮ੍ਰਿਤਕ ਵਿਅਕਤੀ ਦੀ ਪਛਾਣ ਹਰਚਰਨ ਸਿੰਘ ਉਰਫ ਜਗਤਾਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਦਰਾਜ (ਤਪਾ) ਵਜੋਂ ਹੋਈ ਹੈ। ਘਟਨਾ ਦਾ ਪਤਾ ਲੱਗਦੇ ਹੀ ਪਿੰਡ 'ਚ ਸੋਗ ਦੀ ਲਹਿਰ ਫੈਲ ਗਈ ਅਤੇ ਵੱਡੀ ਗਿਣਤੀ ਪਿੰਡ ਨਿਵਾਸੀ ਅਤੇ ਪਰਿਵਾਰਕ ਮੈਂਬਰਾਂ ਨੇ ਪਹੁੰਚ ਦੇ ਦੇਖਿਆ ਕਿ ਕਾਰ ਅਤੇ ਹਰਚਰਨ ਸਿੰਘ ਪੂਰੀ ਤਰ੍ਹਾਂ ਨਾਲ ਸੜ ਕੇ ਸੁਆਹ ਹੋ ਗਏ ਹਨ। ਫਿਲਹਾਲ ਕਾਰ ਨੂੰ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਆਪਣੇ ਪਿੱਛੇ 2 ਬੱਚੇ ਛੱਡ ਗਿਆ ਹੈ।

## ਪੰਜਾਬ 'ਚ ਆਈ ਤੇਜ ਹਨੇਰੀ ਨੌਜਵਾਨ ਲਈ ਬਣੀ ਕਾਲ ! ਮਾਂ ਦੀ ਦਵਾਈ ਲੈਣ ਗਏ ਪੁੱਤ ਨਾਲ ਵਾਪਰਿਆ ਭਾਣਾ

ਫਤਿਹਗੜ੍ਹ ਸਾਹਿਬ 20 ਜੂਨ। ਫਤਿਹਗੜ੍ਹ ਸਾਹਿਬ ਵਿਖੇ ਬੁੱਧਵਾਰ ਨੂੰ ਚੱਲੀ ਤੇਜ ਹਨੇਰੀ ਦੇ ਕਾਰਨ ਇਕ ਦਰੱਖਤ ਦੇ ਨਾਲ ਬਿਜਲੀ ਦਾ ਖੰਭਾ ਟੁੱਟ ਗਿਆ, ਜਿਸ ਦੇ ਥੱਲੇ ਆ ਕੇ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸਤਪਾਲ ਕੁਮਾਰ ਨਿਵਾਸੀ ਸਰਹਿੰਦ ਦੇ ਤੌਰ 'ਤੇ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਭਰਾ ਚਰਨਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਸਤਪਾਲ ਕੁਮਾਰ ਆਪਣੀ ਮਾਤਾ ਦੀ ਦਵਾਈ ਲੈਣ ਲਈ ਗਿਆ ਸੀ। ਚਰਨਜੀਤ ਨੇ ਦੱਸਿਆ ਕਿ ਤੇਜ ਹਨੇਰੀ ਦੇ ਕਾਰਨ ਸਰਹਿੰਦ ਰੇਲਵੇ ਸਟੇਸਨ ਦੇ ਨਜਦੀਕ ਇਕ ਦਰਖਤ ਬਿਜਲੀ ਦੇ ਖੰਬੇ 'ਤੇ ਡਿੱਗ ਗਿਆ ਅਤੇ ਇਹ ਖੰਭਾ ਉਸ ਦੇ ਭਰਾ 'ਤੇ ਡਿੱਗ ਗਿਆ। ਉਸ ਦੇ ਭਰਾ ਨੂੰ ਬਿਜਲੀ ਦੇ ਖੰਭੇ ਥੱਲਿਓਂ ਲੋਕਾਂ ਵੱਲੋਂ ਬਾਹਰ ਕੱਢਿਆ ਗਿਆ ਤੇ ਇਲਾਜ ਦੇ ਲਈ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਲਿਜਾਇਆ ਗਿਆ। ਡਾਕਟਰਾਂ ਨੇ ਉਸ ਦੀ ਹਾਲਤ ਦੇਖਦੇ ਹੋਏ ਪੀ.ਜੀ.ਆਈ. ਚੰਡੀਗੜ੍ਹ ਰੈਫਰ ਕਰ ਦਿੱਤਾ, ਪਰ ਰਾਹ ਵਿਚ ਹੀ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਜੇਕਰ ਐਂਬੂਲੈਂਸ ਜਲਦੀ ਨਾਲ ਆ ਜਾਂਦੀ ਤਾਂ ਸਤਪਾਲ ਬਚ ਸਕਦਾ ਸੀ।

# ਖਿਡੌਣਾ ਪਿਸਤੌਲ ਦੇ ਬਲ 'ਤੇ ਬਦਮਾਸ਼ਾਂ ਵਲੋਂ ਦੁਕਾਨ ਨੂੰ ਲੁੱਟਣ ਦੀ ਕੋਸਿਸ, ਝੜਪ 'ਚ ਦੁਕਾਨਦਾਰ ਹੋਇਆ ਗੰਭੀਰ ਜਖਮੀ

ਭਵਾਨੀਗੜ੍ਹ 20 ਜੂਨ। ਇੱਥੇ ਦੇ ਨਵੇਂ ਬੱਸ ਸਟੈਂਡ ਨੇੜੇ ਬੀਤੀ ਰਾਤ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਬਦਮਾਸ਼ਾਂ ਨੇ ਇਕ ਦੁਕਾਨਦਾਰ ਨੂੰ ਖਿਡੌਣਾ ਪਿਸਤੌਲ ਦਿਖਾ ਕੇ ਲੁੱਟਣ ਦੀ ਕੋਸਿ਼ਸ ਕੀਤੀ। ਘਟਨਾ ਦੌਰਾਨ ਹੋਈ ਝੜਪ ਵਿੱਚ ਬਦਮਾਸਾਂ ਨੇ ਦੁਕਾਨਦਾਰ ਨੂੰ ਇੱਟ ਮਾਰ ਕੇ ਜਖਮੀ ਕਰ ਦਿੱਤਾ ਤੇ ਮੌਕੇ ਤੋਂ ਫਰਾਰ ਹੋ ਗਏ। ਘਟਨਾ ਸਬੰਧੀ ਸੂਚਨਾ ਮਿਲਦਿਆਂ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਸੂਰੂ ਕਰ ਦਿੱਤੀ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਸ਼ਹਿਰ ਦੇ ਵਾਰਡ ਨੰਬਰ 11 ਦੀ ਮਹਿਲਾ ਕੌਂਸਲਰ ਨੇਹਾ ਸਲਦੀ ਦੇ ਪਤੀ ਭਾਜਪਾ ਆਗੂ ਸੁਦਰਸਨ ਕੁਮਾਰ ਨੇ ਦੱਸਿਆ ਕਿ ਉਸਦਾ ਭਤੀਜਾ ਵਿਕਰਾਂਤ ਕੁਮਾਰ ਜੋ ਕਿ ਨਵੇਂ ਬੱਸ ਸਟੈਂਡ ਤੋਂ ਥੋੜ੍ਹਾ ਅੱਗੇ ਕਰਿਆਨੇ ਦੀ ਦੁਕਾਨ ਕਰਦਾ ਹੈ ਜਦੋਂ ਉਹ ਸ਼ਨੀਵਾਰ ਰਾਤ ਕਰੀਬ 9 ਵਜੇ ਆਪਣੀ ਦੁਕਾਨ 'ਤੇ ਇਕੱਲਾ ਬੈਠਾ ਸੀ ਤਾਂ ਮੋਟਰਸਾਈਕਲ ਸਵਾਰ ਦੋ ਨਕਾਬਪੋਸ ਬਦਮਾਸਾਂ ਨੇ ਦੁਕਾਨ 'ਤੇ ਆਉਂਦਿਆਂ ਹੀ ਵਿਕਰਾਂਤ ਦੇ ਕੰਨ ਤੇ ਮੱਥੇ 'ਤੇ ਖਿਡਾਉਣਾ ਪਿਸਤੌਲ ਤਾਣ ਕੇ ਸਭ ਕੁੱਝ ਉਨ੍ਹਾਂ ਨੂੰ ਦੇਣ ਲਈ ਕਿਹਾ, ਜਿਨ੍ਹਾਂ ਦਾ ਵਿਰੋਧ ਕਰਦਿਆਂ ਵਿਕਰਾਂਤ ਨੇ ਦਲੇਰੀ ਨਾਲ ਬਦਮਾਸਾਂ ਦਾ ਮੁਕਾਬਲਾ ਕੀਤਾ ਤੇ ਹੱਥੋਪਾਈ ਮਗਰੋਂ ਬਦਮਾਸ ਮੋਟਰਸਾਈਕਲ 'ਤੇ ਭੱਜਣ ਲੱਗੇ। ਸਲਦੀ ਨੇ ਦੱਸਿਆ ਕਿ ਭਤੀਜੇ ਵਿਕਰਾਂਤ ਨੇ ਮੋਟਰਸਾਈਕਲ ਰੋਕ ਕੇ ਬਦਮਾਸ਼ਾਂ ਨੂੰ ਫੁਰਤੀ ਨਾਲ ਹੇਠਾਂ ਸੁੱਟ ਲਿਆ ਤਾਂ ਘਬਰਾਏ ਬਦਮਾਸ਼ਾਂ ਨੇ ਉਸਨੂੰ ਇੱਟ ਮਾਰ ਕੇ ਜਖਮੀ ਕਰ ਦਿੱਤਾ ਤੇ ਬਾਈਕ 'ਤੇ ਬੈਠ ਕੇ ਟਰੱਕ ਯੂਨੀਅਨ ਵੱਲ ਨੂੰ ਭੱਜ ਨਿਕਲੇ। ਸਲਦੀ ਨੇ ਦੱਸਿਆ ਕਿ ਭੱਜਦੇ ਸਮੇਂ ਬਦਮਾਸਾਂ ਦਾ ਖਿਡੌਣਾ ਪਿਸਤੌਲ ਘਟਨਾ ਸਥਾਨ 'ਤੇ ਹੀ ਡਿੱਗ ਪਿਆ ਜਿਸ ਨੂੰ ਮੌਕੇ 'ਤੇ ਪਹੁੰਚੀ ਪੁਲਸ ਨੇ ਆਪਣੇ ਕਬਜੇ 'ਚ ਲੈ ਕੇ ਕਾਰਵਾਈ ਸੁਰੂ ਕਰ



ਦਿੱਤੀ। ਦੂਜੇ ਪਾਸੇ, ਭਵਾਨੀਗੜ੍ਹ ਥਾਣਾ ਇੰਚਾਰਜ ਗੁਰਨਾਮ ਸਿੰਘ ਨੇ ਦੱਸਿਆ ਕਿ ਬਦਮਾਸ਼ ਉਕਤ ਘਟਨਾ ਵਿੱਚ ਕੁੱਝ ਵੀ ਲੈ ਜਾਣ 'ਚ ਸਫਲ ਨਹੀਂ ਹੋਏ। ਇਸ ਸਬੰਧੀ ਪਰਚਾ ਦਰਜ ਕਰ ਕੇ ਪੁਲਸ ਨੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬਦਮਾਸਾਂ ਵੱਲੋਂ ਵਰਤੀ ਗਈ ਖਿਡੌਣਾ ਪਿਸਤੌਲ ਨੂੰ ਪੁਲਸ ਨੇ ਬਰਾਮਦ ਕਰਦਿਆਂ ਆਪਣੇ ਕਬਜੇ 'ਚ ਲੈ ਲਿਆ ਹੈ। ਘਟਨਾ ਮਗਰੋਂ ਸ਼ਹਿਰ ਵਾਸੀਆਂ ਨੇ ਨਾਰਾਜਗੀ ਜਾਹਿਰ ਕਰਦਿਆਂ ਆਖਿਆ ਕਿ ਸਹਿਰ ਦੇ ਹਾਈਵੇਅ 'ਤੇ ਲੱਗੀਆਂ ਲਾਈਟਾਂ ਅਕਸਰ ਹੀ ਬੰਦ ਰਹਿੰਦੀਆਂ ਹਨ ਤੇ ਜਿਸ ਕਰਕੇ ਸਰਾਰਤੀ ਅਨਸਰਾਂ ਲਈ ਹਨੇਰੇ ਦਾ ਫਾਇਦਾ ਲੈ ਕੇ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇਣਾ ਹੋਰ ਹੀ ਆਸਾਨ ਹੋ ਜਾਂਦਾ ਹੈ। ਭਾਜਪਾ ਆਗੂ ਸੁਦਰਸਨ ਸਲਦੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਹਾਈਵੇ 'ਤੇ ਲਾਈਟਾਂ ਲਗਾਤਾਰ ਚੱਲ ਰਹੀਆਂ ਸਨ ਪਰੰਤੂ ਨਤੀਜਿਆਂ ਤੋਂ ਬਾਅਦ ਅੱਜਕਲ੍ਹ ਲਾਈਟਾਂ ਬੰਦ ਹੋਣ ਕਾਰਨ ਹਾਈਵੇ ਦੇ ਦੋਵੇਂ ਪਾਸੇ ਘੁੱਪ ਹਨੇਰਾ ਛਾਇਆ ਰਹਿੰਦਾ ਹੈ ਤੇ ਹਾਈਵੇ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਵੀ ਬੰਦ ਪਏ ਜਿਸ ਤੋਂ ਪ੍ਰਸਾਸਨ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।

## ਦੇਸ਼ ਦੇ ਸਭ ਤੋਂ ਮਹਿੰਗੇ ਟੋਲ ਤੋਂ ਮੁਫਤ 'ਚ ਨਿਕਲ ਰਹੀਆਂ ਗੱਡੀਆਂ

ਲੁਧਿਆਣਾ 20 ਜੂਨ। ਨੈਸ਼ਨਲ ਹਾਈਵੇ 'ਤੇ ਸਥਿਤ ਦੇਸ਼ ਦੇ ਸਭ ਤੋਂ ਮਹਿੰਗੇ ਟੋਲ ਪਲਾਜੇ 'ਤੇ ਕਿਸਾਨ ਸੰਗਠਨਾਂ ਦਾ ਧਰਨਾ ਪ੍ਰਦਰਸ਼ਨ ਲਗਾਤਾਰ ਪੰਜਵੇਂ ਦਿਨ ਵੀ ਜਾਰੀ ਰਿਹਾ। ਲਾਡੋਵਾਲ ਟੋਲ ਪਲਾਜਾ 'ਤੇ ਭਾਰਤੀ ਕਿਸਾਨ ਮਜਦੂਰ ਯੂਨੀਅਨ ਦੇ ਪੰਜਾਬ ਪ੍ਰਧਾਨ ਦਿਲਬਾਗ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੋਲ ਪਲਾਜਾ ਦੇ ਵਧੇ ਹੋਏ ਰੇਟਾਂ ਦੇ ਵਿਰੋਧ ਵਿਚ ਸਾਡਾ ਧਰਨਾ 5ਵੇਂ ਦਿਨ ਵੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਹਾਈਵੇ ਅਥਾਰਟੀ ਜਦੋਂ ਤਕ ਟੋਲ ਰੇਟ ਵਿਚ ਕੀਤਾ ਗਿਆ ਵਾਧਾ ਵਾਪਸ ਨਹੀਂ ਲੈਂਦੀ, ਉਦੋਂ ਤਕ ਸਾਡਾ ਇਹ ਧਰਨਾ ਇਸੇ ਤਰ੍ਹਾਂ ਚੱਲਦਾ ਰਹੇਗਾ। ਭਾਰਤੀ ਕਿਸਾਨ ਯੂਨੀਅਨ ਨੂੰ ਅੱਜ ਲੁਧਿਆਣਾ ਟੈਕਸੀ ਯੂਨੀਅਨ ਅਤੇ ਫਿ਼ਲੌਰ ਜਲੰਧਰ ਟਰੱਕ ਆਪਰੇਟਰ ਯੂਨੀਅਨ ਦਾ ਵੀ ਸਮਰਥਨ ਹਾਸਲ ਹੋਇਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇਕ ਪੁਲਸ ਮੁਲਾਜਮ ਗ੍ਰਿਫਤਾਰ

ਸੂਰਤ 20 ਜੂਨ। ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ (ਡੀ.ਆਰ.ਆਈ.) ਨੇ ਸੂਰਤ ਦੇ ਅੰਤਰਰਾਸਟਰੀ ਹਵਾਈ ਅੱਡੇ ਤੋਂ ਕਰੀਬ 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇੱਕ ਪੁਲਸ ਮੁਲਾਜਮ



ਨੂੰ ਗ੍ਰਿਫਤਾਰ ਕੀਤਾ ਹੈ। ਡੀ.ਆਰ.ਆਈ. ਦੇ ਸਰਕਾਰੀ ਵਕੀਲ ਨਯਨ ਸੁਖਦਾਵਾਲਾ ਨੇ ਮੰਗਲਵਾਰ ਦੱਸਿਆ ਕਿ ਸਬ-ਇੰਸਪੈਕਟਰ ਪਰਾਗ ਦਵੇ ਜੋ ਸੂਰਤ ਹਵਾਈ ਅੱਡੇ 'ਤੇ ਇਮੀਗ੍ਰੇਸਨ ਦਫਤਰ 'ਚ ਕੰਮ ਕਰਦਾ ਹੈ, ਹਵਾਈ ਅੱਡੇ ਦੀ ਇਕ ਟਾਇਲਟ 'ਚ ਤਿੰਨ ਮੁਸਾਫਰਾਂ ਵਲੋਂ ਲਿਆਂਦੇ ਗਏ 48.2 ਕਿਲੋ ਸੋਨੇ ਦੀ ਸਮੱਗਲਿੰਗ ਦੀ ਕੋਸ਼ਿਸ ਕਰ ਰਿਹਾ ਸੀ। ਸਥਾਨਕ ਅਦਾਲਤ ਨੇ ਦਵੇ ਨੂੰ ਦੋ ਦਿਨਾਂ ਲਈ ਡੀ.ਆਰ.ਆਈ. ਦੀ ਹਿਰਾਸਤ ਵਿਚ ਭੇਜ ਦਿੱਤਾ ਹੈ। ਸਾਰਜਾਹ ਤੋਂ ਆਏ ਉਕਤ ਯਾਤਰੀਆਂ ਨੂੰ 7 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਿਵੇਂ ਹੀ ਦਵੇ ਨੂੰ ਤਿੰਨਾਂ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਾ ਤਾਂ ਉਹ ਢਿੱਡ ਦਰਦ ਦੀ ਸ਼ਿਕਾਇਤ ਕਰਦਾ ਹੋਇਆ ਏਅਰਪੋਰਟ ਛੱਡ ਕੇ ਚਲਾ ਗਿਆ। ਪੁਲਸ ਨੇ ਉਸ ਦੇ ਘਰ ਛਾਪਾ ਮਾਰ ਕੇ 12 ਲੱਖ ਰੁਪਏ ਦਾ 'ਬਲੈਂਕ ਚੈੱਕ' ਬਰਾਮਦ ਕੀਤਾ।

# ਪਤੀ ਦੇ ਜਖਮੀ ਹੋਣ ਮਗਰੋਂ ਲੁਧਿਆਣਾ ਦੀ ਬਲਵਿੰਦਰ ਨੇ ਨਹੀਂ ਹਾਰੀ ਹਿੰਮਤ, ਮਨਰੇਗਾ ਦਾ ਕੰਮ ਕਰ ਘਰ ਦੀ ਕੀਤੀ ਦੇਖਭਾਲ

ਲੁਧਿਆਣਾ 20 ਜੂਨ। ਲੁਧਿਆਣਾ ਸ਼ਹਿਰ ਦੇ ਡੇਹਲੋ ਦੀ ਵਾਸੀ ਬਲਵਿੰਦਰ ਕੌਰ ਦੇ ਘਰ ਦੀ ਆਰਥਿਕ ਹਾਲਤ ਖਰਾਬ ਹੋਣ ਦੇ ਬਾਵਜੂਦ ਉਸ ਨੇ ਹਿੰਮਤ ਨਹੀਂ ਹਾਰੀ। ਇਕ ਸੜਕ ਹਾਦਸੇ 'ਚ ਪਤੀ ਦੇ ਗੰਭੀਰ ਜਖਮੀ ਹੋਣ ਤੋਂ ਬਾਅਦ ਬਾਵਜੂਦ ਬਲਵਿੰਦਰ ਆਪਣੀਆਂ ਮਜਬੂਰੀਆਂ ਨਾਲ ਲੜ ਰਹੀ ਹੈ। ਬਲਵਿੰਦਰ ਘਰ ਚਲਾਉਣ ਲਈ ਮਨਰੇਗਾ 'ਚ ਮਜਦੂਰ ਵਜੋਂ ਕੰਮ ਕੀਤਾ ਸੀ। ਕੰਮ ਸਿੱਖਣ ਦੇ ਨਾਲ ਉਹ ਹੁਣ ਮਨਰੇਗਾ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ। ਲੁਧਿਆਣਾ ਮਨਰੇਗਾ ਪ੍ਰਸਾਸਨ ਨੇ ਬਲਵਿੰਦਰ ਕੌਰ ਦੀ ਸਫਲਤਾ ਦੀ ਕਹਾਣੀ ਦੇ ਰੂਪ 'ਚ ਚੋਣ ਕਰਕੇ ਕੇਂਦਰ ਸਰਕਾਰ ਨੂੰ ਰਿਪੋਰਟ ਭੇਜੀ ਹੈ। ਮਨਰੇਗਾ ਜ਼ਿਲ੍ਹਾ ਨੋਡਲ ਅਫਸਰ ਸੋਨੀਆ ਸਰਮਾ ਨੇ ਦੱਸਿਆ ਕਿ 2 ਜਨਵਰੀ 1980 ਨੂੰ ਜਨਮੀ ਬਲਵਿੰਦਰ ਕੌਰ ਨੇ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਸੀ। 2004 'ਚ ਬਲਵਿੰਦਰ ਨੇ ਸਿਲਾਈ, ਕਢਾਈ ਅਤੇ ਪੇਂਟਿੰਗ ਸਿੱਖੀ। 2017-2018 ਉਸ ਦੇ ਪਤੀ ਲਖਵੀਰ ਸਿੰਘ ਇਕ ਹਾਦਸੇ 'ਚ ਜਖਮੀ ਹੋ



ਗਏ। ਉਸ ਦੇ ਇਲਾਜ 'ਚ ਕਾਫੀ ਪੈਸਾ ਖਰਚ ਹੋ ਗਿਆ ਸੀ। ਜਿਸ ਤੋਂ ਬਾਅਦ ਪਰਿਵਾਰ ਦਾ ਗੁਜਾਰਾ ਕਰਨਾ ਔਖਾ ਹੋ ਗਿਆ। ਇਸ ਬਾਰੇ ਬਲਵਿੰਦਰ ਨੇ ਸਰਪੰਚ ਨੂੰ ਸਮੱਸਿਆ ਦੱਸੀ। ਜਿਸ ਤੋਂ ਬਾਅਦ ਮੇਟ ਦੇ ਅਹੁਦੇ 'ਤੇ ਬਲਵਿੰਦਰ ਦੇ ਕੰਮ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਅਤੇ ਬਲਵਿੰਦਰ ਦੀ ਜ਼ਿੰਦਗੀ 'ਚ ਬਦਲਾਅ ਆਇਆ। ਜਦੋਂ ਮਨਰੇਗਾ ਅਧੀਨ ਕੰਮ ਮਨਜੂਰ ਹੁੰਦਾ ਹੈ ਤਾਂ ਉਹ ਨਿਗਰਾਨੀ ਦੇ ਨਾਲ-ਨਾਲ ਸਾਰਾ ਕੰਮ ਸੰਭਾਲਦੀ ਹੈ। ਘਰ ਦੀਆਂ ਚੁਣੌਤੀਆਂ ਦੇ ਵਿਚਕਾਰ ਬਲਵਿੰਦਰ ਨੇ ਮਨਰੇਗਾ ਤਹਿਤ ਕੀਤੇ ਕੰਮਾਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਕੀਤਾ। ਸਰਕਾਰੀ ਸਕੀਮਾਂ ਅਤੇ ਫੰਡਾਂ ਬਾਰੇ ਜਾਣਕਾਰੀ ਹਾਸਲ ਕੀਤੀ। ਬਲਵਿੰਦਰ ਨੇ ਅਧਿਕਾਰੀਆਂ ਦੇ ਦਿਸਾ-ਨਿਰਦੇਸਾਂ ਤਹਿਤ ਪਾਰਕਾਂ ਦੀ ਉਸਾਰੀ ਅਤੇ ਸੁੰਦਰੀਕਰਨ, ਛੱਪੜਾਂ ਦੀ ਮੁਰੰਮਤ, ਗਲੀਆਂ-ਨਾਲੀਆਂ ਦੇ ਕੰਮ, ਸਿੰਚਾਈ ਆਦਿ ਦੇ ਕੰਮ ਮੁਕੰਮਲ ਕੀਤੇ। ਇਨ੍ਹਾਂ ਕੰਮਾਂ ਲਈ ਅਧਿਕਾਰੀਆਂ ਨੇ ਬਲਵਿੰਦਰ ਦੀ ਕਈ ਵਾਰ ਤਾਰੀਫ ਵੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਘਰ ਦੇ ਕੰਮ ਦੌਰਾਨ ਲਖਵੀਰ ਛੱਤ ਤੋਂ ਹੇਠਾਂ ਡਿੱਗ ਗਿਆ ਸੀ, ਜਿਸ ਕਾਰਨ ਉਸ ਨੂੰ ਸੱਟਾਂ ਲੱਗੀਆਂ ਸਨ। ਜਦੋਂ ਲਖਵੀਰ ਜਖਮੀ ਹੋ ਗਿਆ ਤਾਂ ਘਰ ਦੀ ਜ਼ਿੰਮੇਵਾਰੀ ਬਲਵਿੰਦਰ ਦੇ ਮੋਢਿਆਂ 'ਤੇ ਆ ਗਈ। 2022 'ਚ ਬਲਵਿੰਦਰ ਨੂੰ ਇਸ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਚੰਡੀਗੜ੍ਹ 'ਚ ਮਹਿਲਾ ਦਿਵਸ 'ਤੇ ਸਨਮਾਨਿਤ ਕੀਤਾ ਗਿਆ। ਉਸ ਨੂੰ ਸਰਵੋਤਮ ਸਾਥੀ ਦਾ ਪੁਰਸਕਾਰ ਮਿਲਿਆ। ਬਲਵਿੰਦਰ ਦੀ ਧੀ ਪ੍ਰਵਨੀਤ 8ਵੀਂ ਅਤੇ ਪੁੱਤਰ ਜਸਮੀਤ 9ਵੀਂ 'ਚ ਪੜ੍ਹਦਾ ਹੈ। ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਹਾਦਸੇ 'ਚ ਜਖਮੀ ਹੋ ਗਿਆ, ਜਿਸ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਉਸ 'ਤੇ ਆ ਗਈ। ਉਹ ਸਮਾਂ ਬਹੁਤ ਚੁਣੌਤੀਪੂਰਨ ਸੀ। ਉਸ ਨੇ ਦੱਸਿਆ ਕਿ ਪਰਿਵਾਰ ਦਾ ਗੁਜਾਰਾ ਚਲਾਉਣਾ ਮੁਸਕਿਲ ਹੋ ਗਿਆ ਸੀ। ਮੈਂ 12ਵੀਂ ਤੱਕ ਪੜ੍ਹੀ ਸੀ, ਜਿਸ ਦਾ ਮੈਨੂੰ ਫਾਇਦਾ ਹੋਇਆ। ਮੈਂ ਪਿਛਲੇ ਤਿੰਨ ਸਾਲਾਂ ਤੋਂ ਮਨਰੇਗਾ 'ਚ ਕੰਮ ਕਰ ਰਹੀ ਹਾਂ, ਜਿਸ ਨਾਲ ਮੇਰੀ ਜ਼ਿੰਦਗੀ ਵਿੱਚ ਬਹੁਤ ਬਦਲਾਅ ਆਇਆ ਹੈ। ਉਸ ਨੇ ਕਿਹਾ ਹੁਣ ਮੇਰਾ ਬੱਚਿਆਂ ਨੂੰ ਕਾਬਲ ਬਣਾਉਣ ਦਾ ਸੁਫਨਾ ਹੈ।

# ਮੁੰਡੇ ਨੇ ਕੁੜੀ ਨੂੰ ਧੱਕੇ ਨਾਲ ਜਹਿਰੀਲੀ ਚੀਜ ਪਿਲਾ ਕੇ ਮਾਰਿਆ, ਪਰਿਵਾਰਕ ਮੈਂਬਰਾਂ ਨੇ ਥਾਣੇ ਅੱਗੇ ਲਗਾਇਆ ਧਰਨਾ

ਨਿਹਾਲ ਸਿੰਘ ਵਾਲਾ 20 ਜੂਨ। ਨਿਹਾਲ ਸਿੰਘ ਵਾਲਾ ਦੇ ਜੀਵਨ ਸਿੰਘ ਨਗਰ ਵਿਖੇ ਇੱਕ ਲੜਕੀ ਦੀ ਜਹਿਰੀਲੀ ਦਵਾਈ ਪੀਣ ਤੋਂ ਬਾਅਦ ਹੋਈ ਮੌਤ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਅਤੇ ਲੋਕਾਂ ਵੱਲੋਂ ਇਸ ਮੌਤ ਲਈ ਜ਼ਿੰਮੇਵਾਰ ਇੱਕ ਨੌਜਵਾਨ ਖਿਲਾਫ ਮਾਮਲਾ ਦਰਜ ਕਰਵਾਉਣ ਦੀ ਮੰਗ ਨੂੰ ਲੈ ਕੇ ਥਾਣੇ ਅੱਗੇ ਧਰਨਾ ਲਗਾਇਆ ਗਿਆ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਇਸ ਤੋਂ ਬਾਅਦ ਪੁਲਸ ਨੇ ਕਥਿਤ ਦੋਸੀ ਗੁਰਵਿੰਦਰ ਸਿੰਘ ਉਰਫ ਹਨੀ ਖਿਲਾਫ ਮਾਮਲਾ ਦਰਜ ਕਰ ਲਿਆ ਪਰ ਪ੍ਰਦਰਸਨਕਾਰੀ ਦੋਸੀ ਦੀ ਮਾਂ, ਭੂਆ ਅਤੇ ਮਾਮੇ ਖਿਲਾਫ ਮਾਮਲਾ ਦਰਜ ਕਰਨ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਸਨ ਅਤੇ ਧਰਨਾ ਜਾਰੀ ਸੀ। ਗਗਨਦੀਪ ਕੌਰ ਪੁੱਤਰੀ ਗੁਰਮੇਲ ਸਿੰਘ ਵਾਸੀ ਜੀਵਨ ਨਗਰ ਨਿਹਾਲ ਸਿੰਘ ਵਾਲਾ ਨੂੰ ਜਹਿਰੀਲੀ ਦਵਾਈ ਨਿਗਲਣ ਤੋਂ ਬਾਅਦ ਨਿਹਾਲ ਸਿੰਘ ਵਾਲਾ ਦੇ ਇਕ ਪ੍ਰਾਈਵੇਟ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਸੀ ਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਲੋਕਾਂ ਨੇ ਲੜਕੀ ਦੀ ਮ੍ਰਿਤਕ ਦੇਹ ਨੂੰ ਥਾਣੇ ਅੱਗੇ ਰੱਖ ਕੇ ਧਰਨਾ ਲਗਾ ਦਿੱਤਾ। ਮ੍ਰਿਤਕ ਲੜਕੀ ਦੇ ਭਰਾ ਜਗਜੀਤ ਸਿੰਘ ਨੇ ਦੱਸਿਆ ਕਿ ਉਸ ਦੀ 17 ਸਾਲਾ ਭੈਣ ਗਗਨਦੀਪ ਕੌਰ ਜਿਸ ਨੂੰ ਗੁਰਵਿੰਦਰ ਸਿੰਘ ਉਰਫ ਹਨੀ ਪੁੱਤਰ ਸੀਰਾ ਸਿੰਘ ਬਾਸੀ ਜੀਵਨ ਨਗਰ ਨਿਹਾਲ ਸਿੰਘ ਵਾਲਾ ਨੇ ਆਪਣੇ ਮਾਮੇ ਦੇ ਘਰ ਲਿਜਾ ਕੇ ਧੱਕੇ ਨਾਲ ਜਹਿਰੀਲੀ



ਦਵਾਈ ਪਿਆ ਦਿੱਤੀ। ਇਸ ਦਾ ਪਤਾ ਲੜਕੀ ਦੇ ਪਰਿਵਾਰ ਨੂੰ ਲੱਗਿਆ ਤਾਂ ਉਨ੍ਹਾਂ ਨੇ ਲੜਕੇ ਦੇ ਮਾਮੇ ਦੇ ਘਰ ਤੋਂ ਲੜਕੀ ਨੂੰ ਗੰਭੀਰ ਹਾਲਤ 'ਚ ਚੁੱਕਿਆ ਅਤੇ ਨਿਹਾਲ ਸਿੰਘ ਵਾਲਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਭਰਤੀ ਕਰਵਾਇਆ, ਜਿੱਥੇ ਕਿ ਇਲਾਜ ਦੌਰਾਨ ਲੜਕੀ ਦਮ ਤੋੜ ਗਈ। ਪ੍ਰਦਰਸਨਕਾਰੀ ਮੰਗ ਕਰ ਰਹੇ ਸਨ ਕਿ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਪੁਲਸ ਨੇ ਗੁਰਵਿੰਦਰ ਸਿੰਘ ਉਰਫ ਹਨੀ ਪੁੱਤਰ ਸੀਰਾ ਸਿੰਘ ਵਾਸੀ ਜੀਵਨ ਸਿੰਘ ਨਗਰ ਨਿਹਾਲ ਸਿੰਘ ਵਾਲਾ ਖਿਲਾਫ ਮਾਮਲਾ ਦਰਜ ਕਰ ਲਿਆ ਪਰ ਪ੍ਰਦਰਸਨਕਾਰੀ ਮੰਗ ਕਰ ਰਹੇ ਸਨ ਕਿ ਇਸ ਮੌਤ ਲਈ ਜਿਮੇਵਾਰ ਦੋਸੀ ਦੀ ਮਾਂ, ਭੂਆ ਅਤੇ ਮਾਮੇ ਖਿਲਾਫ ਵੀ ਮਾਮਲਾ ਦਰਜ ਕੀਤਾ ਜਾਵੇ ਨਹੀਂ ਤਾਂ ਮ੍ਰਿਤਕਾ ਦਾ ਸੰਸਕਾਰ ਨਹੀਂ ਕੀਤਾ ਜਾਵੇਗਾ ਅਤੇ ਧਰਨਾ ਜਾਰੀ ਰਹੇਗਾ। ਪ੍ਰਦਰਸਨਕਾਰੀਆਂ ਵਿੱਚ ਪੰਜਾਬ ਕਿਰਤੀ ਮਜਦੂਰ ਯੂਨੀਅਨ ਪੰਜਾਬ ਦੇ ਆਗੂ ਪਰਮਜੀਤ ਸਿੰਘ ਸੇਖੋਂ, ਚਰਨਜੀਤ ਸਿੰਘ ਭਦੌੜ, ਪ੍ਰਧਾਨ ਗੁਰਮੇਲ ਸਿੰਘ, ਸੁਰਜੀਤ ਸਿੰਘ ਧੂੜਕੋਟ, ਸੇਵਕ ਸਿੰਘ, ਬਲਜਿੰਦਰ ਸਿੰਘ, ਰੂਪਾ ਸਿੰਘ, ਬਾਬਾ ਪਾਲ ਸਿੰਘ, ਜਥੇਦਾਰ ਪਰਮਜੀਤ ਸਿੰਘ, ਬਾਬਾ ਸੁਖਦੇਵ ਸਿੰਘ, ਨਿਰਭੈ ਸਿੰਘ, ਜਸਵਿੰਦਰ ਸਿੰਘ ਭੱਲਾ, ਗੁਰਦੀਪ ਸਿੰਘ ਖਾਲਸਾ ਆਦਿ ਹਾਜਰ ਸਨ।

# ਪਾਦਰੀ ਨੇ ਪਹਿਲਾਂ ਕੁੜੀ ਨੂੰ ਕੀਤਾ ਗਰਭਵਤੀ, ਫਿਰ ਨਰਸ ਨਾਲ ਮਿਲ ਕਰਾਇਆ ਗਰਭਪਾਤ, ਮੌਤ

ਗੁਰਦਾਸਪੁਰ 20 ਜੂਨ। ਪੁਲਸ ਥਾਣਾ ਦੀਨਾਨਗਰ ਦੇ ਅਧੀਨ ਪੈਂਦੇ ਇਕ ਪਿੰਡ 'ਚ ਚਰਚ 'ਚ ਆਉਣ ਵਾਲੀ ਕੁੜੀ ਦੇ ਨਾਲ ਪਾਦਰੀ ਨੇ ਪਹਿਲਾਂ ਸਰੀਰਿਕ ਸਬੰਧ ਬਣਾਏ ਅਤੇ ਜਦ ਕੁੜੀ ਗਰਭਪਤੀ ਹੋ ਗਈ ਤਾਂ ਪਾਦਰੀ ਨੇ ਨਰਸ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਨੂੰ ਇੰਨਫੈਕਸ਼ਨ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਦੋਸ਼ੀ ਪਾਦਰੀ ਵਿਕਰਮ ਮਸੀਹ ਪੁੱਤਰ ਅਬਦੁਲ ਮਸੀਹ ਪਿੰਡ ਅਬਲਖੈਰ ਅਤੇ ਪਿੰਡ ਗੋਹਤ ਪੋਕਰ ਦੀ ਰਹਿਣ ਵਾਲੀ ਨਰਸ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਪਰ ਦੋਵੇਂ ਦੋਸ਼ੀ ਅਜੇ ਫਰਾਰ ਹਨ। ਸਬ ਇੰਸਪੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਕੁੜੀ ਦੇ ਪਰਿਵਾਰ ਵੱਲੋਂ ਦਿੱਤੀ ਸ਼ਿਕਾਇਤ ਦੀ ਜਾਂਚ 'ਚ ਪਾਇਆ ਕਿ ਦੋਸ਼ੀ ਪਾਦਰੀ ਵਿਕਰਮ ਮਸੀਹ ਨੇ ਆਪਣੇ ਘਰ 'ਚ ਚਰਚ ਖੋਲ੍ਹ ਰੱਖਿਆ ਸੀ ਅਤੇ ਮ੍ਰਿਤਕ ਕੁੜੀ ਦਾ ਪਰਿਵਾਰ ਉਸ ਚਰਚ 'ਚ ਜਾਇਆ ਕਰਦਾ ਸੀ। ਇਸ ਕਾਰਨ ਪਾਦਰੀ ਵਿਕਰਮ ਮਸੀਹ ਦਾ ਸ਼ਿਕਾਇਤਕਰਤਾਂ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ। ਇਸ ਦੌਰਾਨ ਦੋਸ਼ੀ ਪਾਦਰੀ ਨੇ ਉਸ ਪਰਿਵਾਰ ਦੀ 21 ਸਾਲਾ ਕੁੜੀ ਨਾਲ ਸਰੀਰਿਕ ਸਬੰਧ ਬਣਾ ਲਏ, ਜਿਸ ਕਾਰਨ ਕੁੜੀ ਗਰਭਵਤੀ ਹੋ ਗਈ। ਆਪਣੇ ਘਿਨੌਣੇ ਅਪਰਾਧ ਨੂੰ ਲੋਕਾਂ ਅਤੇ ਪਰਿਵਾਰ ਤੋਂ ਲੁਕਾਉਣ ਦੇ ਲਈ ਪਾਦਰੀ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ



ਦੀ ਇਕ ਹੋਰ ਘਿਨੌਣੀ ਹਰਕਤ ਕਰਦੇ ਹੋਏ ਇਕ ਹੋਰ ਗੁਨਾਹ ਕੀਤਾ। ਇਸ ਦੇ ਤਹਿਤ ਦੋਸ਼ੀ ਪਾਦਰੀ ਨੇ ਆਪਣੀ ਜਾਣ-ਪਛਾਣ ਦੀ ਇਕ ਨਰਸ ਸਤਿੰਦਰਜੀਤ ਕੌਰ ਉਰਫ ਬਬਲੀ ਵਾਸੀ ਪਿੰਡ ਗੋਹਤ ਪੋਖਰ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਦੇ ਢਿੱਡ 'ਚ ਇੰਫੈਕਸ਼ਨ ਫੈਲ ਗਈ। ਇਸ ਕਾਰਨ ਕੁੜੀ ਦੀ ਹਾਲਤ ਗੰਭੀਰ ਹੋ ਗਈ ਅਤੇ ਉਸ ਨੂੰ ਅੰਮ੍ਰਿਤਸਰ ਗੁਰੂ ਨਾਨਕ ਦੇਵ ਹਸਪਤਾਲ ਇਲਾਜ ਦੇ ਲਈ ਲੈ ਜਾਇਆ ਗਿਆ। ਇਸ ਦੌਰਾਨ 25 ਜੂਨ ਨੂੰ ਕੁੜੀ ਦੀ ਮੌਤ ਹੋ ਗਈ। ਇਸ ਦੇ ਬਾਅਦ ਦੀਨਾਨਗਰ ਪੁਲਸ ਨੇ ਦੋਸ਼ੀ ਪਾਦਰੀ ਵਿਰਕਮ ਮਸੀਹ ਅਤੇ ਨਰਸ ਬਬਲੀ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ, ਜਦੋਂ ਕਿ ਦੋਵੇਂ ਦੋਸ਼ੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ।

## ਢਾਈ ਲੱਖ ਦੀ ਠੱਗੀ ਮਾਰਨ ਵਾਲੇ ਥਾਣੇਦਾਰ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ

ਮੋਗਾ 20 ਜੂਨ। ਮੋਗਾ ਜ਼ਿਲ੍ਹੇ ਦੇ ਪਿੰਡ ਕੋਕਰੀ ਫੂਲਾ ਸਿੰਘ ਵਾਲਾ ਨਿਵਾਸੀ ਮਨਪ੍ਰੀਤ ਸਿੰਘ ਨੇ ਪੰਜਾਬ ਪੁਲਸ ਵਿਚ ਤਾਇਨਾਤ ਆਪਣੇ ਦੋਸਤ 'ਤੇ ਉਸ ਨਾਲ ਢਾਈ ਲੱਖ ਰੁਪਏ ਦੀ ਠੱਗੀ ਕੀਤੇ ਜਾਣ ਦਾ ਦੋਸ਼ ਲਗਾਇਆ ਹੈ। ਇਸ ਸਬੰਧ ਵਿਚ ਪੁਲਸ ਵੱਲੋਂ ਜਾਂਚ ਤੋਂ ਬਾਅਦ ਪਰਮਜੀਤ ਸਿੰਘ ਨਿਵਾਸੀ ਨਵਾਂ ਸ਼ਹਿਰ ਖ਼ਿਲਾਫ਼ ਥਾਣਾ ਅਜੀਤਵਾਲ ਵਿਚ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਮਨਪ੍ਰੀਤ ਸਿੰਘ ਨੇ ਕਿਹਾ ਕਿ ਕਥਿਤ ਦੋਸ਼ੀ ਪਰਮਜੀਤ ਸਿੰਘ ਉਸਦਾ ਦੋਸਤ ਹੈ ਉਸਨੇ ਕਰੀਬ 3 ਸਾਲ ਪਹਿਲਾਂ ਉਸ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣਾ ਹੈ, ਇਸ ਲਈ ਮੈਨੂੰ ਪੈਸਿਆਂ ਦੀ ਲੋੜ ਹੈ। ਮੈਂ ਉਸ 'ਤੇ ਭਰੋਸਾ ਕਰ ਕੇ ਉਸ ਨੂੰ ਪੰਜ ਲੱਖ ਰੁਪਏ ਦੇ ਦਿੱਤੇ, ਜਦੋਂ ਮੈਂ ਪੈਸੇ ਵਾਪਸ ਮੰਗੇ ਤਾਂ ਉਹ ਟਾਲ-ਮਟੋਲ ਕਰਨ ਲੱਗਾ। ਸਾਡੇ ਵੱਲੋਂ ਜ਼ਿਆਦਾ ਕਹਿਣ 'ਤੇ ਉਸ ਨੇ ਢਾਈ ਲੱਖ ਰੁਪਏ ਵਾਪਸ ਕਰ ਦਿੱਤੇ ਅਤੇ ਬਾਕੀ ਪੈਸੇ ਵਾਪਸ



ਨਹੀਂ ਕੀਤੇ। ਇਸ ਤਰ੍ਹਾਂ ਮੇਰੇ ਨਾਲ ਧੋਖਾਦੇਹੀ ਕੀਤੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਹੁਕਮਾਂ 'ਤੇ ਇਸ ਦੀ ਜਾਂਚ ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਵੱਲੋਂ ਕੀਤੀ ਗਈ। ਜਾਂਚ ਅਧਿਕਾਰੀ ਨੇ ਦੋਹਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਤੋਂ ਬਾਅਦ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਕਥਿਤ ਦੋਸ਼ੀ ਖ਼ਿਲਾਫ ਉਕਤ ਮਾਮਲਾ ਦਰਜ ਕੀਤਾ ਗਿਆ, ਗ੍ਰਿਫਤਾਰੀ ਬਾਕੀ ਹੈ।

## ਵਿਜੀਲੈਂਸ ਵੱਲੋਂ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਏ. ਐੱਸ. ਆਈ. ਗ੍ਰਿਫ਼ਤਾਰ

ਚੰਡੀਗੜ੍ਹ/ਬਰਨਾਲਾ 20 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਬਰਨਾਲਾ ਜ਼ਿਲ੍ਹੇ ਦੀ ਪੁਲਸ ਚੌਂਕੀ ਹੰਡਿਆਇਆ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ/ਐੱਲ.ਆਰ.) ਮੱਖਣ ਸਾਹ ਨੂੰ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਖੁੱਡੀ ਕਲਾਂ ਦੇ ਰਹਿਣ ਵਾਲੇ ਸਤਗੁਰ ਸਿੰਘ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਕਿ ਸਿੰਚਾਈ ਲਈ ਪਾਣੀ ਦੀ ਬਰਾਬਰ ਵੰਡ ਵਾਸਤੇ ਸਾਂਝੇ ਖੇਤੀ ਟਿਊਬਵੈੱਲ ਸਬੰਧੀ ਅਦਾਲਤੀ ਹੁਕਮਾਂ ਨੂੰ



ਲਾਗੂ ਕਰਵਾਉਣ ਬਦਲੇ ਉਕਤ ਏ.ਐੱਸ.ਆਈ ਨੇ ਉਸ ਤੋਂ 5000 ਰੁਪਏ ਰਿਸਵਤ ਮੰਗੀ ਸੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਟਰੈਪ ਲਗਾ ਕੇ ਮੁਲਜਮ ਏ.ਐੱਸ.ਆਈ. ਨੂੰ ਸਰਕਾਰੀ ਗਵਾਹ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 5000 ਰੁਪਏ ਰਿਸਵਤ ਲੈਂਦਿਆਂ ਮੌਕੇ 'ਤੇ ਕਾਬੂ ਕਰ ਲਿਆ। ਇਸ ਸਬੰਧੀ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਉਕਤ ਏ.ਐੱਸ.ਆਈ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਅਫੀਮ ਸਣੇ 1 ਕੁਇੰਟਲ ਡੋਡੇ ਚੂਰਾ ਪੋਸਤ ਸਮੇਤ 1 ਨਸ਼ਾ ਸਮੱਗਲਰ ਗ੍ਰਿਫਤਾਰ

ਸੁਲਤਾਨਪੁਰ ਲੋਧੀ 20 ਜੂਨ। ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਵੱਲੋਂ 1 ਨਸ਼ਾ ਸਮਗਲਰ ਨੂੰ 100 ਗ੍ਰਾਮ ਅਫੀਮ ਅਤੇ 1 ਕੁਇੰਟਲ ਡੋਡੇ ਚੂਰਾ-ਪੋਸਤ ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਖੁਲਾਸਾ ਅੱਜ ਸਬ ਡਿਵੀਜਨ ਸੁਲਤਾਨਪੁਰ ਲੋਧੀ ਦੇ ਡੀ. ਐੱਸ. ਪੀ. ਸ੍ਰੀ ਬਬਨਦੀਪ ਸਿੰਘ ਲੁਬਾਣਾ ਵੱਲੋਂ ਉਚੇਚੇ ਤੌਰ 'ਤੇ ਪੁੱਜੇ ਐੱਸ. ਪੀ. ਸੁਰਿੰਦਰ ਕੁਮਾਰ ਅਤੇ ਥਾਣਾ ਤਲਵੰਡੀ ਚੌਧਰੀਆਂ ਦੇ ਐੱਸ. ਐੱਚ. ਓ. ਜਸਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਕਪੂਰਥਲਾ ਦੀ ਰਹਿਨੁਮਾਈ ਹੇਠ ਥਾਣਾ ਤਲਵੰਡੀ ਚੋਧਰੀਆਂ ਪੁਲਸ ਪਾਰਟੀ ਐੱਸ. ਆਈ. ਜਸਬੀਰ ਸਿੰਘ ਨੂੰ ਉਸ ਸਮੇਂ ਵੱਡੀ ਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਸਫਲਤਾ ਹਾਸਲ ਹੋਈ ਜਦੋਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਜੋ ਅਫੀਮ ਅਤੇ ਡੋਡੇ ਚੂਰਾ-ਪੋਸਤ ਵੇਚਣ ਦਾ ਧੰਦਾ ਕਰਦਾ ਹੈ। ਪੁਲਸ ਪਾਰਟੀ ਵੱਲੋਂ ਸਪੈਸ਼ਲ ਨਾਕਾਬੰਦੀ ਟੀ ਪੁਆਇੰਟ ਦਾਣਾ ਮੰਡੀ ਤਲਵੰਡੀ ਚੌਧਰੀਆ ਨਜਦੀਕ ਕਰਕੇ ਉਕਤ ਟਰੱਕ ਰੋਕਿਆ ਗਿਆ। ਇਸ ਨੂੰ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਹੀ ਚਲਾ ਰਿਹਾ ਸੀ, ਜਿਸ 'ਤੇ ਟਰੱਕ ਦੀ ਚੈਕਿੰਗ ਕਰਨ ਪਰ ਟਰੱਕ ਦੇ ਡੇਸ਼ ਬੋਰਡ ਵਿੱਚੋ 100 ਗ੍ਰਾਮ ਅਫੀਮ ਅਤੇ ਟਰੱਕ ਦੇ ਟਰਾਲਾ ਵਿੱਚ ਲੱਦੇ ਹੋਏ ਕੋਲਿਆ ਵਿੱਚੋ 4 ਬੋਰੇ ਪਲਾਸਟਿਕ ਵਜਨੀ 25/25 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਹੋਏ। ਡੀ. ਐੱਸ. ਪੀ. ਬਬਨਦੀਪ ਸਿੰਘ ਨੇ ਦੱਸਿਆ ਕਿ ਮੁਲਜਮ ਖ਼ਿਲਾਫ ਮੁਕੱਦਮਾ ਦਰਜ ਕਰਕੇ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਨੂੰ ਉਕਤ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ, ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਦੌਰਾਨੇ ਪੁੱਛਗਿੱਛ ਪਤਾ ਲਗਾਇਆ ਜਾਵੇਗਾ ਕਿ ਇਹ ਕਿਸ ਪਾਸੋ ਨਸ਼ਾ ਖਰੀਦ ਕਰਦਾ ਸੀ ਅਤੇ ਅੱਗੇ ਕਿਸ ਨੂੰ ਸਪਲਾਈ ਕਰਦਾ ਸੀ। ਇਸ ਮਾਮਲੇ "ਚ ਹੋਰਨਾਂ ਦੇ ਕਾਬੂ

### ਤੀਹਰੇ ਕਤਲਕਾਂਡ ਨਾਲ ਕੰਬਿਆ ਪੰਜਾਬ, ਭਰਾ-ਭਰਜਾਈ ਦਾ ਕਤਲ ਕਰ ਜ਼ਿੰਦਾ ਭਤੀਜੇ ਨਾਲ ਕੀਤਾ ਵੱਡਾ ਕਾਰਾ

ਖਰੜ 20 ਜੂਨ। ਮੋਹਾਲੀ ਦੇ ਖਰੜ 'ਚ ਰੂਹ ਕੰਬਾਊ ਵਾਰਦਾਤ ਸਾਹਮਣੇ ਆਈ ਹੈ। ਇੱਥੇ ਭਰਾ ਨੇ ਹੀ ਆਪਣੇ ਭਰਾ-ਭਰਜਾਈ ਅਤੇ ਮਾਸੂਮ ਭਤੀਜੇ ਦਾ ਕਤਲ ਕਰ ਦਿੱਤਾ। ਫਿਲਹਾਲ ਪੁਲਸ ਨੇ ਦੋਸ਼ੀ ਵਿਅਕਤੀ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਕਰਨ ਵਾਲੇ ਵਿਅਕਤੀ ਦਾ ਨਾਂ ਲਖਬੀਰ ਸਿੰਘ ਦੱਸਿਆ ਜਾ ਰਿਹਾ ਹੈ। ਇਹ ਮਾਮਲਾ ਪਿੰਡ ਹਰਲਾਲਪੁਰ ਦੇ ਝੂੰਗੀਆਂ ਰੋਡ ਖਰੜ ਦਾ ਹੈ। ਇੱਥੇ ਦੋਸ਼ੀ ਲਖਬੀਰ ਸਿੰਘ ਨੇ ਆਪਣੇ ਭਰਾ ਸਤਬੀਰ ਸਿੰਘ (35) ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ, ਜਦੋਂ ਕਿ ਭਰਜਾਈ ਅਮਨਦੀਪ ਕੌਰ (33) ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਛੋਟੇ ਭਤੀਜੇ ਅਨਹਦ ਨੂੰ ਜ਼ਿੰਦਾ ਹੀ ਨਹਿਰ 'ਚ ਸੁੱਟ ਦਿੱਤਾ। ਪੁਲਸ ਨੂੰ ਸ਼ੱਕ ਹੈ ਕਿ ਪਰਿਵਾਰਕ ਝਗੜੇ ਕਾਰਨ ਦੋਸ਼ੀ ਨੇ ਤੀਹਰੇ ਕਤਲਕਾਂਡ ਨੂੰ ਅੰਜਾਮ ਦਿੱਤਾ।


**PUBLIC NOTICE**

Information is given to general public at large that our client Mohd. Aalam S/o Mr. Abdul Rasid is the owner of Freehold Residential Plot no. 22 land area 25 sq. yds, part of Khasra no. 11/3, in Prashant Vihar, Khoda colony, Pargna Loni, Tehsil & Dist. Ghaziabad, U.P. Vide Sale Deed dated 27.08.2020 as Doc. No. 6072, Book No. I, vol. no. 17045, pages 87-122, SR-II- GZB & Regd. Self-Declaration dated 07.06.2023 as Doc. No. 244, Book No. I, vol. no. 1931, pages 85-100, SR-I-GZB, Initially Mr. Pardeshi and Mr. Jagmohan both S/o Mr. Shyam Lal were the jointly owner from regd. GPA dated 06.09.1996, thereafter, Mr. Jagmohan executed Sale Deed dated 27.08.2020 in favour of Mohd. Aalam S/o Mr. Abdul Rasid, our client is declaring that that any other Person does not have any right over the said property, which is to be financed by Ujjivan Small Finance Bank Ltd. Branch: Noida Uttar Pradesh. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

It is for general information that I, TULSHIRAM CHAUDHARI S/O BHONDUJI CHAUDHARI, Residing at C-154, JVTS Gardan, Chhattarpur Extn., Chattarpur, Delhi-110074 declare that name of mine and my father has been wrongly written as TULSHI RAM S/O BHONDUJI CHOUDHARY in my Service Book. The actual name of mine and my father is TULSHIRAM CHAUDHARI and BHONDUJI CHAUDHARI respectively which may be amended accordingly

**NAME CHANGE**

I Santosh Kumar S/o Suraj Bhan Sharma R/o West Sant Nagar,Near Hanuman Mandir,H.No-48-49,Gali No-4,A-2 Block,Bhagat Colony, Burari, North Delhi,Delhi-110084, Have Changed My Name To Santosh Kumar Sharma For All Future Purpose

**NAME CHANGE**

I, NEELAM JHA W/O SAJJAN KUMAR JHA residing at 148, 2ND FLOOR, SURYA NAGAR PHASE-2, SECTOR-91, FARIDABAD, HARYANA-121003 have changed my minor daughter name from PRAGATI KUMARI to PRAGATI KUMARI JHA for all future purpose.

**NAME CHANGE**

I, Upendra Kumar S/o Jahanvi Prasad Singh R/o A-148 Street No-21 Shyam Vihar Phase-1 Dindar pur Delhi -110043 have changed my name to Upendra Kumar Singh for all purpose

**NAME CHANGE**

I ,Zaitoon Begum alias Jatun Begum W/o Mohd.Jamil H. No. 33 Gali Kababiyan Chitli Kabar Jama Masjid Delhi 110006 have changed my name from Jatun Begum to Zaitoon Begum for all future purposes both same and one person

**NAME CHANGE**

I RACHITA KAPOOR WIFE OF SHRI PARAS KAPOOR, RESIDENT OF 20 ARAM PARK RAM NAGAR, KRISHNA NAGAR, EAST DELHI, DELHI-110051 HAVE CHANGED MY NAME FROM RACHITA SAWHNEY TO RACHITA KAPOOR FOR ALL FUTURE PURPOSES.

**NAME CHANGE**

It is for general information that I MEENAKSHI D/O RAM SARUP, EX. W/O LATE PRADEEP KUMAR residing at R/O A-1720, A BLOCK, JHANGIR PURI, DELHI-110033 Further I remarried with GURMEET SINGH S/O LATE PYARA SINGH R/O 379, DDA TENAMENTS VISHAL ENCLAVE TAGORE GARDEN DELHI-110027, vide Marriage Registration No. 90730000173535 dated 5-7-2023 further I declare that the name of the Father of my minor daughter HARSHITA aged 17 years may be known as GURMEET SINGH in future for all purposes.

**NAME CHANGE**

I, Kunwar Sen S/o Kamal Singh R/O I-70, Gurudwara South City -1, Gurgaon Haryana -122001 have changed my name from Kunwar Sen to Kanwar sain for all future purpose.

**NAME CHANGE**

I, NO-12984517N RANK-L/NK TUNDUP DORJAY S/O SONAM PUNCHOK R/O KHACHAY, DISTT-KARGIL A/P LEH UT LADAKH-194109, have changed my minor son's name from MAFAN NAMGAM to MIPHAM NAMGYAL for all future purposes and in my service records his date of birth wrongly mentioned as 07/12/2004 instead of his correct date of birth as 07/12/2005.

**NAME CHANGE**

It is for general information that I, YUVRAJ CHAUDHARY S/o AJAY CHAUDHARY residing at Quarter No.-101, Type-2, Police Colony, Near Jhulelal Mandir , Shalimar Bagh, North West Delhi, Delhi - 110088 declare that the name of mine has been wrongly written as YUVRAJ CHAUHDHARY in my Driving Licence No. DL8-20220000529. The actual name of mine is YUVRAJ CHAUDHARY which may be amended accordingly.

**NAME CHANGE**

It is for general information that I, NAND KISHORE SHARMA S/o H.L SHARMA R/o A-5 B-77, Shanti Kunj, SFS Flats, Paschim Vihar, West Delhi, Delhi-110063 declare that name of mine and my minor Daughter KAUSHIKI SHARMA aged 9 Years have been wrongly written as N K SHARMA and KUHU SHARMA in her School Records and name of my minor Daughter has been wrongly written as KUHU in her Birth Certificate. The actual name of mine and my minor Daughter are NAND KISHORE SHARMA and KAUSHIKI SHARMA respectively, which may be amended accordingly.

**NAME CHANGE**

I, MUSKAN D/O ANIL MALIK residing at DDA MIG FLAT NO-192 MADIPUR DELHI-110064 have changed my name to MUSKAN MALIK for all purpose.

**NAME CHANGE**

I, N PARVATI Mother of NAGARAMBELLI PURNACHANDRA RAO R/O VILL-ADABA, PO-TATIPATTI, TEH-PARALAKHEMUNDI, DIST-GAJAPATI, ODISHA-761210, have changed my name from N PARVATI to NAGARAMBELLI PARVATI for all future purposes and in my son's service records my date of birth wrongly mentioned as 01/06/1965 instead of my correct date of birth as 11/02/1970 vide affidavit dated 26/03/2024 before Notary Public, Delhi.

**NAME CHANGE**

I, Aditya Kumar S/O Inderjeet Singh R/O C-42 , Phase 1 , New Palam Vihar, Gurugram Haryana 122017 have changed my name from Aditya Kumar to Aditya Kumar Sabharwal for all future purposes.

**NAME CHANGE**

I hitherto known as AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, have changed my name and shall hereafter be known as AMAN KUMAR.

I, AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, do hereby solemnly affirm and declare that I have embraced HINDUISM Religion and renounced ISLAM Religion with effect from 14.08.2021.

**NAME CHANGE**

It is for general information that I, NAND KISHORE SHARMA S/o H.L SHARMA R/o A-5 B-77, Shanti Kunj, SFS Flats, Paschim Vihar, West Delhi, Delhi-110063 declare that name of mine and my minor Daughter PUNYAA SHARMA aged 7 years have been wrongly written as N K SHARMA and PIHU SHARMA in her School Records and name of my minor Daughter have been wrongly written as PIHU in her Birth Certificate. The actual name of mine and my minor Daughter are NAND KISHORE SHARMA and PUNYAA SHARMA respectively, which may be amended accordingly.

**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ (ਈ-ਪ੍ਰੋਕਯੂਮੈਂਟ) ਦੇ ਮਾਧਿਅਮ ਨਾਲ ਨਿਵਿਦਾ ਮੰਗ**

ਹੇਠਾਂ ਲਿਖਤ ਕੰਮ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ/ II, ਉਤਰ ਰੇਲਵੇ, ਦਿੱਲੀ ਮੰਡਲ ਵਿਚ ਈ-ਟੈਂਡਰ ਦੀ ਮੰਗ।

| | |
|---|---|
| ਐਨਆਈਟੀ ਨੰ. | NIT: GEM/2024/B/5060166 |
| ਕੰਮ ਦਾ ਨਾਮ | ADEN/GZB ਦੇ ਤਹਿਤ SSE/P.Way/I & II ਅਤੇ SSE/W/GZB ਅਨੁਭਾਗ ਵਿਚ 2 ਸਾਲ ਦੇ ਸਮੇਂ ਦੇ ਲਈ ਟ੍ਰੈਕ ਰਖਰਖਾਅ/ਨਵੀਨੀਕਰਨ ਦੇ ਵਿਵਿਧ ਕੰਮ ਦੇ ਲਈ ਟ੍ਰੈਕ ਅਤੇ ਮਲਟੀ ਯੂਟਿਲਿਟੀ ਵਾਹਨ ਨੂੰ ਕਿਰਾਏ ਤੇ ਲੈਣ ਦਾ ਪ੍ਰਾਵਧਾਨ। |
| ਕੰਮ ਦੀ ਅੰਦਾਜਨ ਲਾਗਤ (₹) | GeM 'ਤੇ NIT ਦੇ ਅਨੁਸਾਰ |
| ਬਿਆਨਾ ਰਾਸ਼ੀ (₹) | GeM 'ਤੇ NIT ਦੇ ਅਨੁਸਾਰ |
| ਨਿਵਿਦਾ ਬੋਲੀ ਪੇਸ਼ ਕਰਨ ਦੀ ਮਿਤੀ ਅਤੇ ਸਮਾਂ | 20.06.2024 ਤੋਂ 15.07.2024 ਨੂੰ 15:00 ਵਜੇ |
| ਨਿਵਿਦਾ ਖੋਲਣ ਦੀ ਮਿਤੀ ਅਤੇ ਸਮਾਂ | 15.07.2024 ਨੂੰ 15:00 ਵਜੇ |
| ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ। | ਨਿਵਿਦਾ ਵੈਬਸਾਈਟ www.gem.gov.in 'ਤੇ ਉਪਲਬਧ ਹੈ। |

- ਠੇਕੇਦਾਰਾਂ ਨੂੰ ਈ-ਟੈਂਡਰ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ (GeM )ਸਾਈਟ www.gem.gov.in ਦੇ ਤਹਿਤ ਰਜਿਸਟਰਡ ਹੋਣਾ ਚਾਹੀਦਾ।
- ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਟੈਂਡਰ ਦਸਤਾਵੇਜ ਦੇਖੋ।
- ਮੈਨੂੰਅਲ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ। • ਟੈਂਡਰ ਦਸਤਾਵੇਜ ਅਤੇ ਬਿਆਨਾ ਦੀ ਲਾਗਤ ਕੇਵਲ ਨੈਟ ਬੈਕਿੰਗ ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਸਵੀਕਾਰੀ ਹੋਵੇਗੀ।

ਨੰ.:NIT-GEM/2024/B/5060166 ਤਾਰੀਕ : 19.06.2024 1860/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**NAME CHANGE**

I, hitherto known as RENU AGGARWAL alias GEETA GOYAL D/o MUKESH GOYAL W/o DEEPAK AGGARWAL residing at House No. 1726, 2nd Floor, Opposite Need Nandan Apartment, Sector-10A, Gurgaon, PO; Gurgaon, Haryana-122001 have changed my name and shall hereafter be known as GEETA GOYAL AGGARWAL.

**PUBLIC NOTICE**

Public notice is hereby given that Mrs. Sunita Yadav, W/o Late Mr. Rajendra Yadav, is the owner of the entire residential duplex House No. 15/106, covering an area of 174.76 square meters, Situated at Sector 15, Vasundhara, Ghaziabad, Uttar Pradesh, This property was purchased on 27.12.2012 through a sale deed executed by Mr. Pankaj Mathur in favor of Mrs. Sunita Yadav and Mr. Rajendra Singh Yadav. Subsequently, Mr. Rajendra Singh Yadav passed away on 05.07.2022, and their son Mr. Vikas Yadav passed away on 25.06.2022. Their legal heirs, namely Mr. Vishal Yadav, Mrs. Yogita Yadav, and Mrs. Shweta Yadav, executed two gift deeds in favor of Mrs. Sunita Yadav on 22.08.2023, in respect of their share with Regd. No. 8790 and 8424, respectively. The same property is being financed by RBL Bank Limited, located at Building no.1, First Floor, Okhla Phase - III, Near Modi Mills, New Delhi - 110020 If any person(s) objection & regarding subject property, then kindly may submit his/her objection within 07 days from the date of the Notice in writing. The said objection may be kindly sent to the undersigned by way of the Registered Post on the address given below and by E-mail. failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**NAME CHANGE**

I SURESH S/o AJIT SINGH, Residing H.No. 384, WARD NO. 11, Mata Darwaza, Rohtak - 124001 have changed my name from SURESH to SURESH KUMAR for all future purposes.

**NAME CHANGE**

I PRASHANT CHAWLA S/o NARESH CHAWLA, Residing H.No. 538/23, DLF Colony, Rohtak - 124001 have changed my daughter name from KASHVI to KASHVI CHAWLA for all future purposes.

**PUBLIC NOTICE**

Information is given to general public at large that our client Smt. Kamla Rani (GPA Holder) & Sh. Harbhajan Lal (ATS Holder).is the owner of Freehold Residential Plot No. A-103, bearing Municipal No. WZ-141, area measuring 150 sq. yds., situated in the colony known as Janta Colony, New Delhi. Vide General Power of Attorney (Regd.), Agreement to Sell & Will (Notarized) dated 12.04.2006 Our client is declaring property, and Rights Hand Side, Land area measuring 75 sq. yds. sold to be Sh. Gulshan Kumar Saini which is to be financed by Piramal Capital & Housing Finance Ltd. Branch: Dwarka, New Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਫਾਜਿਲਕਾ ਪੁਲਿਸ ਵੱਲੋਂ 700 ਨਸ਼ੀਲੇ ਕੈਪਸੂਲ, 120 ਨਸ਼ੀਲੀਆਂ ਗੋਲੀਆਂ, 20 ਗਰਾਮ ਹੈਰੋਇਨ, 10 ਬੋਤਲਾਂ ਸ਼ਰਾਬ ਅਤੇ 230 ਲੀਟਰ ਲਾਹਣ ਸਮੇਤ 06 ਦੋਸ਼ੀ ਕੀਤੇ ਕਾਬੂ

ਫਾਜ਼ਿਲਕਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਫਾਜਿਲਕਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਜਿਸਦੇ ਤਹਿਤ ਨਸ਼ਾ ਅਤੇ ਸ਼ਰਾਬ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਖਿਲਾਫ ਸਖਤ ਐਕਸ਼ਨ ਲਿਆ ਜਾ ਰਿਹਾ ਹੈ। ਇਸੇ ਮੁਹਿੰਮ ਤਹਿਤ ਵੱਖ ਵੱਖ ਪੁਲਿਸ ਪਾਰਟੀਆਂ ਵੱਲੋਂ ਪਿਛਲੇ 24 ਘੰਟਿਆਂ ਦੌਰਾਨ 20 ਗਰਾਮ ਹੈਰੋਇਨ, 1700 ਨਸ਼ੀਲੇ ਕੈਪਸੂਲ, 120 ਨਸ਼ੀਲੀਆਂ ਗੋਲੀਆਂ ,10 ਬੋਤਲਾਂ ਸ਼ਰਾਬ ਅਤੇ 230 ਲੀਟਰ ਲਾਹਣ ਸਮੇਤ 06 ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ। ਐਸ.ਆਈ ਗੁਰਦੀਪ ਸਿੰਘ ਇੰਚਾਰਜ ਸੀ.ਆਈ.ਏ–2 ਕੈਂਪ ਐਟ ਅਬੋਹਰ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਮਨਜੀਤ ਸਿੰਘ ਵੱਲੋਂ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾਂ ਦੌਰਾਨ ਰਾਹੁਲ ਪੁੱਤਰ ਓਮ ਪ੍ਰਕਾਸ਼ ਵਾਸੀ ਗਲੀ ਨੰਬਰ 13 ਠਾਕਰ ਅਬਾਦੀ ਅਬੋਹਰ ਨੂੰ ਕਾਬੂ ਕਰਕੇ ਉਸ ਪਾਸੋਂ 20 ਗਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਕਾਬੂ ਕੀਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਨੰਬਰ 63 ਮਿਤੀ 17–6–2024 ਜੁਰਮ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ–2 ਅਬੋਹਰ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਐਸ.ਆਈ ਗੁਰਦੀਪ ਸਿੰਘ ਇੰਚਾਰਜ ਸੀ.ਆਈ.ਏ–2 ਵੱਲੋਂ ਸਮੇਤ ਪੁਲਿਸ ਪਾਰਟੀ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾਂ ਦੌਰਾਨ ਮੰਗਤ ਸਿੰਘ ਉਰਫ ਰਾਜੂ ਪੁੱਤਰ ਪ੍ਰੀਤਮ ਸਿੰਘ ਵਾਸੀ ਢਾਣੀ ਕੜਾਕਾ ਸਿੰਘ ਅਬੋਹਰ ਨੂੰ ਸ਼ੱਕ ਦੇ ਅਧਾਰ ਤੇ ਕਾਬੂ ਕਰਕੇ ਉਸ ਪਾਸੋਂ 800 ਨਸ਼ੀਲੇ ਕੈਪਸੂਲ ਅਤੇ 20 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਜਿਸਦੇ ਖਿਲਾਫ ਮੁਕੱਦਮਾ ਨੰਬਰ 115 ਮਿਤੀ 17–6–2024 ਜੁਰਮ 22(ਬੀ)/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ–1 ਅਬੋਹਰ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਕਾਬੂ ਕੀਤੇ ਦੋਸ਼ੀ ਦੇ ਫਾਰਵਰਡ ਅਤੇ



ਬੈਕਵਰਡ ਲਿੰਕਾਂ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਇਸੇ ਤਰਾਂ ਇੰਸਪੈਕਟਰ ਨਵਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ–1 ਅਬੋਹਰ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਰਾਜਬੀਰ ਸਿੰਘ ਵੱਲੋਂ ਮੁਖਬਰੀ ਦੇ ਅਧਾਰ ਤੇ ਗੁਰਦੇਵ ਸਿੰਘ ਉਰਫ ਗੋਗਾ ਪੁੱਤਰ ਸੋਨੂੰ ਸਿੰਘ ਵਾਸੀ ਪੰਜਪੀਰ ਨਗਰ ਅਬੋਹਰ, ਹਰਜਿੰਦਰ ਸਿੰਘ ਉਰਫ ਬਿੱਟੂ ਪੁੱਤਰ ਗੁਰਮੇਲ ਸਿੰਘ ਵਾਸੀ ਢਾਣੀ ਫੌਜਾ ਸਿੰਘ ਅਤੇ ਵਿਜੇ ਕੁਮਾਰ ਪੁੱਤਰ ਕਾਲੂ ਰਾਮ ਵਾਸੀ ਪਿੰਡ ਕਮਾਲ ਵਾਲਾ ਨੂੰ ਕਾਬੂ ਕਰਕੇ ਉਹਨਾਂ ਪਾਸੋਂ 900 ਨਸ਼ੀਲੇ ਕੈਪਸੂਲ ਅਤੇ 100 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਜਿਹਨਾਂ ਦੇ ਖਿਲਾਫ ਮੁਕੱਦਮਾ ਨੰਬਰ 116 ਮਿਤੀ 17–6–2024 ਜੁਰਮ 22,29/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ–1 ਅਬੋਹਰ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫਸਰ ਥਾਣਾ ਸਦਰ ਜਲਾਲਾਬਾਦ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਇੰਚਾਰਜ ਚੌਂਕੀ ਘੁਬਾਇਆ ਵੱਲੋਂ ਹਰਮੇਸ਼ ਸਿੰਘ ਪੁੱਤਰ ਬੂੜ ਸਿੰਘ ਵਾਸੀ ਜੱਲਾ ਲੱਖੇ ਕੇ ਉਤਾੜ ਉਰਫ ਚੂਹੜੀਵਾਲਾ ਨੂੰ ਮੁਖਬਰੀ ਦੇ ਅਧਾਰ ਤੇ ਕਾਬੂ ਕਰਕੇ ਉਸ ਪਾਸੋਂ 10 ਬੋਤਲਾਂ ਨਜਾਇਜ ਸ਼ਰਾਬ ਅਤੇ 130 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਜਿਸਦੇ ਖਿਲਾਫ ਮੁਕੱਦਮਾ ਨੰਬਰ 54 ਮਿਤੀ 17—6—2024 ਜੁਰਮ 61/1/14 ਐਕਸਾਈਜ਼ ਐਕਟ ਥਾਣਾ ਸਦਰ ਜਲਾਲਾਬਾਦ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸੇ ਤਰਾਂ ਐਸ.ਆਈ ਗੁਰਜੰਟ ਸਿੰਘ ਮੁੱਖ ਅਫਸਰ ਥਾਣਾ ਵੈਰੋਕਾ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਸਤਪਾਲ ਵੱਲੋਂ ਮਨਜੀਤ ਸਿੰਘ ਉਰਫ ਮੰਗੂ ਪੁੱਤਰ ਫੌਜਾ ਸਿੰਘ ਵਾਸੀ ਕੰਨਲਾਂ ਵਾਲੇ ਝੁੱਗੇ ਜਲਾਲਾਬਾਦ ਹਾਲ ਵਾਸੀ ਮਹਾਲਮ ਨੂੰ ਮੁਖਬਰੀ ਦੇ ਅਧਾਰ ਤੇ ਕਾਬੂ ਕਰਕੇ ਉਸ ਪਾਸੋਂ 100 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਜਿਸਦੇ ਖਿਲਾਫ ਮੁਕੱਦਮਾ ਨੰਬਰ 70 ਮਿਤੀ 17—6—2024 ਜੁਰਮ 61/1/14 ਐਕਸਾਈਜ਼ ਐਕਟ ਥਾਣਾ ਵੈਰੋਕਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਡਾ. ਪ੍ਰਗਿਆ ਜੈਨ ਫਾਜਿਲਕਾ ਦੀ ਅਗਵਾਈ ਵਿੱਚ ਜਿਲ੍ਹਾ ਫਾਜਿਲਕਾ ਪੁਲਿਸ ਨਸ਼ਿਆਂ ਖਿਲਾਫ ਚੱਲ ਰਹੀ ਮੁਹਿੰਮ ਤਹਿਤ ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਹਰ ਸੰਭਵ ਯਤਨ ਕਰ ਰਹੀ ਹੈ। ਪਿਛਲੇ ਕੁਝ ਅਰਸੇ ਦੌਰਾਨ ਸਰਹੱਦ ਪਾਰ ਤੋਂ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕਰਕੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਨਸ਼ੇ ਦੇ ਖਾਤਮੇ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ।

# ਅਰਮੀਨੀਆ ਦੀ ਜੇਲ੍ਹ 'ਚ 12 ਭਾਰਤੀ ਬੰਦ, ਪੰਜਾਬ ਤੇ ਹਰਿਆਣਾ ਦੇ 2-2 ਨੌਜਵਾਨ

ਜਲੰਧਰ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਰਮੀਨੀਆ ਦੀ ਜੇਲ੍ਹ ਵਿੱਚ ਬੰਦ ਦਰਜਨ ਭਾਰਤੀ ਨੌਜਵਾਨਾਂ ਦੀ ਵੀਡੀਓ ਸਾਹਮਣੇ ਆਉਣ ਤੋਂ ਕੁਝ ਦਿਨ ਬਾਅਦ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਘਰਾਂ ਨਾਲ ਸੰਪਰਕ ਕੀਤਾ ਹੈ। ਉਹ ਕਥਿਤ ਤੌਰ 'ਤੇ ਫਰਵਰੀ-ਮਾਰਚ ਦੇ ਆਸਪਾਸ ਗੈਰ-ਕਾਨੂੰਨੀ ਤੌਰ 'ਤੇ ਅਰਮੀਨੀਆ-ਜਾਰਜੀਆ ਸਰਹੱਦ ਪਾਰ ਕਰ ਰਹੇ ਸਨ ਅਤੇ ਅਰਮੀਨਿਆਈ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਸੀਚੇਵਾਲ ਨੇ ਕੁਝ ਦਿਨ ਪਹਿਲਾਂ ਇਨ੍ਹਾਂ ਨੌਜਵਾਨਾਂ ਦੀ ਵੀਡੀਓ ਆਪਣੇ ਫੇਸਬੁੱਕ ਪੇਜ 'ਤੇ ਸ਼ੇਅਰ ਕੀਤੀ ਸੀ। ਬਹੁਤੇ ਨੌਜਵਾਨ ਪਿਛਲੇ ਤਿੰਨ ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਉੱਥੇ ਮੁਕੱਦਮੇ ਚੱਲ ਰਹੇ ਹਨ। ਵੀਡੀਓ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਤਿੰਨ ਤੋਂ ਛੇ ਸਾਲ ਦੀ ਸਜ਼ਾ ਹੋ ਸਕਦੀ ਹੈ ਅਤੇ ਉਨ੍ਹਾਂ ਨੇ ਭਾਰਤ ਸਰਕਾਰ ਤੋਂ ਮਦਦ ਮੰਗੀ ਹੈ।




ਹੁਣ ਤੱਕ ਇਨ੍ਹਾਂ ਵਿੱਚੋਂ ਸਿਰਫ਼ ਸੱਤ ਦੀ ਪਛਾਣ ਹੋਈ ਹੈ। ਇਨ੍ਹਾਂ ਵਿੱਚ ਲੁਧਿਆਣਾ ਦੇ ਖੰਨਾ ਤੋਂ ਰਾਮ ਪਾਲ, ਪਟਿਆਲਾ ਤੋਂ ਰਜਤ ਸਿੰਘ, ਕੈਥਲ ਤੋਂ ਗੁਰਮੀਤ ਸਿੰਘ, ਕਰਨਾਲ ਤੋਂ ਸ਼ਿਵਮ ਕੁਮਾਰ, ਪੀਲੀਭੀਤ ਤੋਂ ਹੈਪੀ ਸਿੰਘ, ਉੱਤਰਾਖੰਡ ਤੋਂ ਮੇਜਰ ਸਿੰਘ ਅਤੇ ਪੱਛਮੀ ਬੰਗਾਲ ਤੋਂ ਮਨੀਰੁਜ਼ਮਾ ਸ਼ਾਮਲ ਹਨ। ਭਾਰਤੀ ਦੂਤਘਰ ਦੇ ਅਧਿਕਾਰੀ ਵੀ ਉਨ੍ਹਾਂ ਨੂੰ ਜੇਲ੍ਹ ਵਿੱਚ ਮਿਲੇ। ਇਨ੍ਹਾਂ ਨੌਜਵਾਨਾਂ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾਈ ਸੀ ਕਿ ਉਨ੍ਹਾਂ ਨੂੰ ਟਰੈਵਲ ਏਜੰਟਾਂ ਨੇ ਧੋਖਾ ਦਿੱਤਾ ਹੈ। ਸੀਚੇਵਾਲ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਨੌਜਵਾਨਾਂ ਦੀ ਰਿਹਾਈ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਫਰਜ਼ੀ ਟਰੈਵਲ ਏਜੰਟਾਂ ਤੋਂ ਸੁਚੇਤ ਰਹਿਣ ਅਤੇ ਆਪਣੀ ਜਾਨ ਨੂੰ ਖਤਰੇ ਵਿੱਚ ਨਾ ਪਾਉਣ।

# ਡਿਪਟੀ ਕਮਿਸ਼ਨਰ ਵਲੋਂ ਸਵੇਰੇ 10 ਤੋਂ 12 ਵਜੇ ਤੱਕ ਲੋਕਾਂ ਦੀਆਂ ਸਮੱਸਿਆਵਾਂ ਦਾ ਕੀਤਾ ਜਾਵੇਗਾ ਨਿਪਟਾਰਾ

## ਜ਼ਿਲ੍ਹਾ ਵਾਸੀ ਨਿਰਧਾਰਿਤ ਸਮੇਂ ਅੰਦਰ ਫਾਈਲ/ਬਿਨੈਪੱਤਰ ਦਾ ਜਾਣ ਸਕਣਗੇ ਸਟੇਟਸ

ਜਲੰਧਰ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹੇ ਵਿੱਚ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਹੋਰ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਦੇ ਮੰਤਵ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਆਪਣੇ ਦਫ਼ਤਰ ਵਿਖੇ ਕੰਮ ਵਾਲੇ ਦਿਨਾਂ ਦੌਰਾਨ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਲੋਕ ਸਮੱਸਿਆਵਾਂ ਸੁਣਕੇ ਉਨਾਂ ਦਾ ਨਿਪਟਾਰਾ ਕੀਤਾ ਜਾਵੇ।

ਡਾ.ਅਗਵਰਾਲ ਨੇ ਕਿਹਾ ਕਿ ਲੋਕਾਂ ਨੂੰ ਸਰਲ ਤਰੀਕੇ ਨਾਲ ਸਰਕਾਰੀ ਦਫ਼ਤਰਾਂ ਵਿੱਚ ਸੇਵਾਵਾਂ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਆਪਕ ਯੋਜਨਾ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਜਾਵੇਗਾ ਜਾਂ ਜੇਕਰ ਕੁਝ ਕੇਸਾਂ ਵਿੱਚ ਸਮੇਂ ਦੀ ਲੋੜ ਹੋਵੇਗੀ ਤਾਂ ਉਸ ਨੂੰ ਦਰਜ ਕੀਤਾ ਜਾਵੇਗਾ। ਇਸੇ ਤਰ੍ਹਾਂ ਸਬੰਧਿਤ ਅਧਿਕਾਰੀਆਂ ਨੂੰ ਸਮੱਸਿਆਵਾਂ ਦੇ ਤੁਰੰਤ ਤੇ ਤੇਜ਼ੀ ਨਾਲ ਨਿਪਟਾਰੇ ਲਈ



ਜਾਣੂੰ ਕਰਵਾਇਆ ਜਾਵੇਗਾ ਅਤੇ ਇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਸੂਚਨਾ ਭੇਜਣੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਪੇਸ਼ ਕੀਤੇ ਗਏ ਬਿਨੈਪੱਤਰਾਂ/ਸ਼ਿਕਾਇਤਾਂ ਦੇ ਨਿਸ਼ਚਿਤ ਸਮੇਂ ਅੰਦਰ ਨਿਪਟਾਰੇ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ 'ਫਾਲੋ ਅਪ ਡੈਸਕ' ਸਥਾਪਿਤ ਕੀਤਾ ਗਿਆ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜਲਦ ਹੀ 'ਸਪੈਸ਼ਲ ਕਾਊਂਟਰ-ਕਮ- ਹੈਲਪ ਡੈਸਕ' ਸ਼ੁਰੂ ਕੀਤਾ ਜਾਵੇਗਾ ਜਿਸ ਵਲੋਂ ਸਾਰੇ ਕੰਮ ਵਾਲੇ ਦਿਨਾਂ ਦੌਰਾਨ ਲੋਕਾਂ ਦੀ ਸਹਾਇਤਾ ਕੀਤੀ ਜਾਵੇਗੀ। ਡੈਸਕ ਵਲੋਂ ਡਿਪਟੀ ਕਮਿਸ਼ਨਰ ਦੀ ਤਰਫੋਂ ਸਬੰਧਿਤ ਅਧਿਕਾਰੀਆਂ ਨਾਲ ਰੋਜ਼ਾਨਾ 12 ਵਜੇ ਤੋਂ ਬਾਅਦ ਵੀ ਸੰਪਰਕ ਕਰਨ ਲਈ ਮਾਰਗ ਦਰਸ਼ਨ ਪ੍ਰਦਾਨ ਕੀਤਾ ਜਾਵੇਗਾ। 'ਹੈਲਪ ਡੈਸਕ' ਵਲੋਂ ਲੋਕਾਂ ਨੂੰ ਸਬੰਧਿਤ ਦਫ਼ਤਰਾਂ ਤੇ ਬਰਾਂਚਾਂ ਤੋਂ ਨਿਸ਼ਚਿਤ ਸਮੇਂ ਵਿਚ ਆਪਣਾ ਕੰਮ ਕਰਵਾਉਣ ਲਈ ਅਪਣਾਈ ਜਾਣ ਵਾਲੀ ਪ੍ਰਕਿਰਿਆ ਤੋਂ ਵੀ ਜਾਣੂੰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹਾ ਵਾਸੀਆਂ ਨੂੰ ਸਮੇਂ ਸਿਰ ਤੇ ਬਿਨਾਂ ਕਿਸੇ ਦੇਰੀ ਦੀ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਪਾਬੰਦ ਹੈ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹਾ ਵਾਸੀਆਂ ਨੂੰ ਨਿਰਵਿਘਨ ਤੇ ਸਮੇਂ ਸਿਰ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਆਪਸੀ ਤਾਲਮੇਲ ਨਾਲ ਸੁਚੱਜੇ ਢੰਗ ਨਾਲ ਕੰਮ ਕੀਤਾ ਜਾਵੇ।

# ਰੋਪੜ ਰੋਡ ਮਾਛੀਵਾੜਾ ਵਿਖੇ ਨੌਜਵਾਨਾਂ ਵੱਲੋਂ ਲਗਾਈ ਗਈ ਠੰਡੇ ਮਿੱਠੇ ਜਲ ਦੀ ਛਬੀਲ



ਮਾਛੀਵਾੜਾ ਸਾਹਿਬ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਰੋਪੜ ਰੋਡ ਮਾਛੀਵਾੜਾ ਵਿਖੇ ਦੁਕਾਨਦਾਰਾਂ ਤੇ ਮੁਹੱਲਾ ਨਿਵਾਸੀ ਰਲ ਕੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਸੰਬੰਧੀ ਗੱਲ ਕਰਦਿਆਂ ਸੁਖਵਿੰਦਰ ਸਿੰਘ ਮਾਨ ਨੇ ਦੱਸਿਆ ਕਿ ਅੰਤਾਂ ਦੀ ਪੈ ਰਹੀ ਗਰਮੀ ਵਿੱਚ ਸੰਗਤਾਂ ਦੀ ਸੇਵਾ ਲਈ ਲਗਾਈ ਗਈ ਠੰਡੀ ਮਿੱਠੀ ਚਲਦੀ ਸਬੀਲ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਮਰਪਿਤ ਰਹੀ। ਪਿਛਲੇ ਦਿਨਾਂ ਤੋਂ ਗਰਮੀ ਦਾ ਪ੍ਰਕੋਪ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ, ਇਸ ਲਈ ਗਰਮੀ ਤੋਂ ਰਾਹਤ ਦਵਾਉਣ ਦੇ ਲਈ ਨੌਜਵਾਨਾਂ ਵੱਲੋਂ ਮਿਲ ਕੇ ਇਹ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਬਲਦੇਵ ਸਿੰਘ ,ਅਸ਼ੋਕ ਕੁਮਾਰ, ਸੁਖਵਿੰਦਰ ਮਾਨ ,ਸੋਹਣ ਸਿੰਘ ਪਰਮ, ਅਮਰਜੀਤ ਸਿੰਘ, ਜਗਦੇਵ ਸਿੰਘ, ਗੁਰਮੀਤ ਰਾਮ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਤੇ ਮਹਿਲਾਵਾਂ ਵੀ ਮੌਜੂਦ ਸਨ।

# ਪੰਜਾਬ ਸਰਕਾਰ ਨੇ ਬੈਂਕ ਲੋਨ ਅਤੇ ਵਪਾਰਕ ਲਿਮਟਾ ਤੇ ਸਟੈਂਪ ਡਿਊਟੀ ਵਧਾ ਕੇ ਲੋਕਾਂ ਤੇ ਆਰਥਿਕ ਬੋਝ ਹੋਰ ਵਧਾ ਦਿੱਤਾ-ਚਰਨਜੀਤ ਚੰਨੀ

ਜਲੰਧਰ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਪਾਰੀਆਂ ਤੇ ਆਮ ਲੋਕਾਂ ਨੂੰ ਸਸਤੇ ਦਰ ਤੇ ਬੈਂਕ ਲੋਕ ਦੀਆਂ ਸੁਵਿਧਾਵਾਂ ਦੇਣ ਦੀ ਬਜਾਏ ਆਰਥਿਕ ਬੋਝ ਵਧਾਉਣ ਵੱਲ ਜ਼ਿਆਦਾ ਤਰਜੀਹ ਦੇ ਰਹੀ ਹੈ।ਇਹ ਗੱਲ ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਹੀ।ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਨਵਾਂ ਕਾਰਨਾਮਾ ਕਰਦਿਆਂ ਬੈਂਕ ਲੋਨਾਂ ਤੇ 0.5 ਪ੍ਰਤੀਸ਼ਤ ਦੀ ਸ਼ਟੈਂਪ ਡਿਊਟੀ ਲਗਾ ਦਿੱਤੀ ਹੈ।ਜਿਸਦੇ ਚੱਲਦਿਆਂ ਹੁਣ ਮਕਾਨ,ਕਾਰ ਜਾਂ ਹੋਰ ਕਿਸੇ ਵੀ ਚੀਜ਼ ਤੇ ਲੋਨ ਲੈਣ ਸਮੇਂ ਲੋਕ ਦੀ ਕੁੱਲ ਰਾਸ਼ੀ ਦੀ 0.5 ਪ੍ਰਤੀਸ਼ਤ ਸ਼ਟੈਂਪ ਡਿਊਟੀ ਦੇਣੀ



ਪਵੇਗੀ ਜਦ ਕਿ ਵਪਾਰੀਆਂ ਅਤੇ ਉਦਯੋਗਪਤੀਆਂ ਵੱਲੋਂ ਵਪਾਰ ਦੇ ਲਈ ਲਈਆਂ ਗਈਆਂ ਬੈਂਕ ਲਿਮਟਾਂ ਤੇ ਵੀ ਇਹ ਸ਼ਰਤ ਲਾਗੂ ਕਰ ਦਿੱਤੀ ਗਈ ਹੈ ਜਿਸ ਨਾਲ ਕਰੋੜਾਂ ਰੁਪਏ ਦੀਆਂ ਬੈਂਕ ਲਿਮਟਾਂ ਲੈ ਕੇ ਵਪਾਰ ਕਰ ਰਹੇ ਵਪਾਰੀਆਂ ਤੇ ਇਹ ਵਾਧੂ ਬੋਝ ਪਾ ਦਿੱਤਾ ਗਿਆ ਹੈ।ਉੱਨਾਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਜਿੱਥੇ ਕਿ ਬੈਂਕਾਂ ਤੋਂ ਲੋਨ ਲੈਣ ਵਾਲੇ ਆਮ ਲੋਕਾਂ ਤੇ ਵਾਧੂ ਭਾਰ ਪਿਆ ਹੈ ਉੱਥੇ ਹੀ ਵਪਾਰੀਆਂ ਤੇ ਉਦਿਯੋਗਪਤੀਆਂ ਤੇ ਵੱਡਾ ਆਰਥਿਕ ਬੋਝ ਪਾ ਦਿੱਤਾ ਗਿਆ ਹੈ।ਉੱਨਾਂ ਕਿਹਾ ਕਿ ਸਰਕਾਰ ਲੋਕਾਂ ਲਈ ਸਹੂਲਤਾਂ ਦੀਆ ਨੀਤੀਆਂ ਘੜਨ ਦੀ ਬਜਾਏ ਲੋਕਾਂ ਦੀਆਂ ਜੇਬਾਂ ਤੇ ਡਾਕਾ ਮਾਰਨ ਦੀਆਂ ਨੀਤੀਆਂ ਬਣਾ ਰਹੀ ਹੈ।ਸ.ਚੰਨੀ ਨੇ ਕਿਹਾ ਕਿ ਜਿਸ ਕਦਰ ਪੰਜਾਬ ਵਿੱਚ ਉਦਿਯੋਗਾ ਦੀ ਸਥਿਤੀ ਬਣਦੀ ਰਹੀ ਹੈ ਉਸ ਨਾਲ ਉਦਿਯੋਗ ਪਹਿਲਾਂ ਹੀ ਪੰਜਾਬ ਤੋਂ ਬਾਹਰ ਦਾ ਰੁਖ ਕਰ ਰਹੇ ਹਨ।ਉੱਨਾਂ ਕਿਹਾ ਕਿ ਪੰਜਾਬ ਸਰਕਾਰ ਦੂਜੇ ਸੂਬਿਆਂ ਦਾ ਰੁਖ ਕਰ ਰਹੇ ਉਦਿਯੋਗਾ ਨੂੰ ਤਾਂ ਰੋਕਣ ਲਈ ਕੋਈ ਕਦਮ ਨਹੀਂ ਚੁੱਕ ਰਹੀ ਬਲਕਿ ਵਪਾਰੀਆਂ ਦੀਆਂ ਬੈਂਕ ਲਿਮਟਾਂ ਤੇ ਵਾਧੂ ਸ਼ਟੈਂਪ ਡਿਊਟੀ ਵਧਾ ਕੇ ਵਪਾਰੀਆਂ ਤੇ ਬੋਝ ਜ਼ਰੂਰ ਵਧਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਆਰਥਿਕ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ ਤੇ ਅਜਿਹੇ ਵਿੱਚ ਜੇਕਰ ਉਦਿਯੋਗਾ ਨੂੰ ਰਾਹਤ ਨਾਂ ਦਿੱਤੀ ਗਈ ਤਾਂ ਸੂਬੇ ਦੀ ਆਰਥਿਕ ਸਥਿਤੀ ਹੋਰ ਭੈੜੀ ਹੋ ਜਾਵੇਗੀ।ਉੱਨਾਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਹੀ ਪੰਜਾਬ ਲਈ ਕੋਈ ਵਿਸ਼ੇਸ਼ ਪੇਕੇਜ ਨਹੀਂ ਦੇ ਰਹੀ ਹੈ ਤੇ ਜੇਕਰ ਪੰਜਾਬ ਸਰਕਾਰ ਵੀ ਵਪਾਰੀਆਂ ਲਈ ਨੂੰ ਕੋਈ ਰਾਹਤ ਦੇਣ ਦੀ ਬਜਾਏ ਸਿੱਧੇ ਤੇ ਅਸਿੱਧੇ ਤੋਰ ਤੇ ਬੋਝ ਵਧਾਏਗੀ ਤਾਂ ਵਪਾਰੀ ਦੀ ਸਾਰ ਕੋਣ ਲਵੇਗਾ।ਉੱਨਾਂ ਕਿਹਾ ਕਿ ਸਰਕਾਰਾਂ ਆਮ ਲੋਕਾਂ ਤੇ ਖਾਸ ਕਰਕੇ ਸੂਬੇ ਦੇ ਵਪਾਰੀਆਂ ਨੂੰ ਸਹੂਲਤਾਂ ਦੇਣ ਲਈ ਹੁੰਦੀਆਂ ਹਨ ਨਾ ਕਿ ਆਰਥਿਕ ਕਚੂੰਭਰ ਕੱਢਣ ਲਈ।

# ਬਾਬਾ ਸੰਤੋਖ ਸਿੰਘ ਫਲਾਹੀ ਵਾਲਿਆਂ ਦੀ 10ਵੀਂ ਬਰਸੀ ਮੌਕੇ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ



ਮਾਛੀਵਾੜਾ ਸਾਹਿਬ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਰੋਪੜ ਰੋਡ ਤੇ ਸਥਿਤ ਦਰਗਾਹ ਬਾਬਾ ਫਲਾਹੀ ਸਾਹਿਬ ਜੀ , ਸ਼ੇਰਪੁਰ ਬਸਤੀ – ਸ਼ੇਰਗੜ ਬੇਟ ਵਿਖੇ ਸਵ: ਬਾਬਾ ਸੰਤੋਖ ਸਿੰਘ ਜੀ ਦੀ 10ਵੀਂ ਬਰਸੀ f ਸਮੂਹ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਨਾਲ ਮਨਾਈ ਗਈ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਦੀਪਾ ਜੀ ਨੇ ਦੱਸਿਆ ਕਿ ਮਿਤੀ 17 ਜੂਨ ਨੂੰ ਪਿਛਲੇ ਤਿੰਨ ਦਿਨਾਂ ਤੋਂ ਆਰੰਭ ਕੀਤੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਪਾਏ ਗਏ ਅਤੇ ਉਪਰੰਤ ਬਾਬਾ ਪਰਮਜੀਤ ਸਿੰਘ ਖਾਲਸਾ ਨਥਮਲਪੁਰ ਵਾਲਿਆਂ ਨੇ 2 ਘੰਟੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਦੂਰ ਦੁਰਾਡੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਰਗਾਹ ਤੇ ਨਤਮਸਤਕ ਹੋਈਆਂ।

ਇਸ ਮੌਕੇ ਤਿੰਨੇ ਦਿਨ ਦਰਗਾਹ ਤੇ ਕੀਰਤਨ ਦਰਬਾਰ ਕਰਵਾਇਆ ਗਿਆ। 16 ਜੂਨ ਨੂੰ ਸਵੇਰੇ 11 ਵਜੇ ਤੋਂ 3 ਵਜੇ ਤੱਕ ਬਿੰਦਰ ਕੱਵਾਲ ਐਂਡ ਪਾਰਟੀ ? ਤੇ ਜੱਸਾ ਫਤਹਿਪੁਰੀਆ ਅਤੇ 3 ਵਜੇ ਤੋਂ ਦੇਰ ਸ਼ਾਮ ਤੱਕ ਪ੍ਰਸਿੱਧ ਗਾਇਕ ਪੰਮਾ ਡੂੰਮੇਵਾਲੀਆ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ।

ਗਾਇਕ ਜੋੜੀ ਆਤਮਾ ਬੁੱਢੇਵਾਲੀਆ ਅਤੇ ਸਰਬ ਕੌਰ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਅਤੇ ਸ਼ਾਮ ਨੂੰ ਪ੍ਰਸਿੱਧ ਸੂਫੀ ਗਾਇਕ ਕਨਵਰ ਗਰੇਵਾਲ ਨੇ ਦੇਰ ਸ਼ਾਮ ਤੱਕ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਨੂੰ ਕੀਲੀ ਰੱਖਿਆ ਅਤੇ ਆਪਣੇ ਸੂਫੀ ਗੀਤਾਂ ਨਾਲ ਸੰਗਤਾਂ ਨੂੰ ਝੂਮਣ ਲਾ ਦਿੱਤਾ।

# ਕੁੱਟਮਾਰ ਕਰਨ ਵਾਲੇ ਦੋ ਧਿਰਾਂ ਦੇ 27 ਆਰੋਪੀਆਂ ਤੇ ਪਰਚਾ ਦਰਜ

ਫਾਜ਼ਿਲਕਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਸਿਟੀ ਪੁਲਿਸ ਨੇ ਕੁੱਟਮਾਰ ਕਰਨ ਵਾਲੇ ਦੋ ਧਿਰਾਂ ਦੇ 27 ਆਰੋਪੀਆਂ ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਬਲਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਜੀਵ ਸ਼ਰਮਾ ਵਾਸੀ ਐਮਸੀ ਕਲੋਨੀ ਫਾਜ਼ਿਲਕਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਬਾਬਾ ਖੇਤਰਪਾਲ ਮੰਦਿਰ ਨੇੜੇ ਧੋਬੀਘਾਟ ਮੁਹੱਲੇ 'ਚ ਇਕੱਠੇ ਹੋਏ ਸਨ, ਤਾਂ ਉਸਦੀ ਚਾਂਦ ਕਟਾਰੀਆ ਵਾਸੀ ਧੋਬੀਘਾਟ ਮੁਹੱਲਾ ਦੇ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਸ਼ੁਰੂ ਹੋ ਗਈ ਅਤੇ ਦੋਨਾਂ ਪੱਖਾਂ ਦਾ ਝਗੜਾ ਸ਼ੁਰੂ ਹੋ ਗਿਆ ਅਤੇ ਦੋਵਾਂ ਧਿਰਾਂ ਵਿੱਚ ਲੜਾਈ ਹੋ ਗਈ। ਜਿਸ ਦੌਰਾਨ ਦੋਵੇਂ ਧਿਰਾਂ ਦੇ ਲੋਕ ਸਿਵਲ ਹਸਪਤਾਲ ਵਿੱਚ ਦਾਖਲ ਹੋ ਗਏ। ਪੁਲਿਸ ਨੇ ਜਗਦੀਸ਼ ਸਿੰਘ ਉਰਫ਼ ਦੇਸੀ ਵਾਸੀ ਧੋਬੀਘਾਟਾ ਮੁਹੱਲਾ, ਸ਼ਮੀ ਵਾਸੀ ਰਾਮਸ਼ਰਨ ਕਲੋਨੀ, ਬਲਵੰਤ ਸਿੰਘ ਵਾਸੀ ਧੋਬੀਘਾਟ, ਸੰਜੇ, ਵਰਿੰਦਰ ਕੋਠੇਵਾਲ, ਵਿੱਕੀ ਵਾਸੀ ਡੇਰਾ ਸੱਚਾ ਸੌਦਾ ਕਲੋਨੀ, ਗਗਨ ਵਾਸੀ ਖਟੀਕਾ ਮੁਹੱਲਾ ਫਾਜਿਲਕਾ, ਜਸਵਿੰਦਰ ਸਿੰਘ ਵਾਸੀ ਚੱਕਰ ਵਾਲੇ ਝੁੱਗੇ ਫਾਜਿਲਕਾ ਖ਼ਿਲਾਫ਼ ਧਾਰਾ 341, 325, 323, 506, 34 ਦੇ ਅਧੀਨ ਪਰਚਾ ਦਰਜ ਕੀਤਾ ਹੈ। ਇਸੇ ਤਰ੍ਹਾਂ ਸੰਜੀਵ ਸ਼ਰਮਾ, ਪ੍ਰਮੋਦ, ਗੋਰਾ ਅੰਗੀ, ਘਾਮਾ, ਦੀਪਕ ਛਾਬੜਾ, ਰਾਜੂ ਬਨਵਾਲਾ, ਨਿੰਜਾ, ਸੋਨੂੰ ਪੁਲਸੀਆ, ਭਜਨ ਚੌਧਰੀ ਅਤੇ 10-12 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 325, 323, 34 ਦੇ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

# ਸਤਲੁਜ ਦਰਿਆ ਵਿੱਚ ਮੱਥਾ ਟੇਕਣ ਗਏ ਵਿਅਕਤੀ ਦੀ ਡੁੱਬਣ ਨਾਲ ਮੌਤ



ਮਾਛੀਵਾੜਾ ਸਾਹਿਬ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਤਲੁਜ ਦਰਿਆ ਦੇ ਕੰਢੇ ਤੇ ਵਸੇ ਪਿੰਡ ਦੌਲਤਪੁਰ (ਮੰਡ ਝੜੌਦੀ )ਵਿਖੇ ਅੱਜ ਉਸ ਵੇਲੇ ਮਹੌਲ ਸੋਗਮਈ ਹੋ ਗਿਆ ਜਦੋਂ ਪਿੰਡ ਦੇ ਹੀ ਕੁਲਦੀਪ ਸਿੰਘ ਖਾਲਸਾ(65 ਸਾਲ) ਦੀ ਸਤਲੁਜ ਦਰਿਆ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਪ੍ਰਾਪਤ ਕੀਤੇ ਜਾਣਕਾਰੀ ਅਨੁਸਾਰ ਪਿੰਡ ਵਿੱਚ ਹੀ ਧਾਰਮਿਕ ਸਥਾਨ ਤੇ ਮੇਲਾ ਸੀ ਜਿਸ ਤੇ ਦਰਿਆ ਵਿੱਚ ਬੇੜਾ ਤਾਰਨ ਦੀ ਰਸਮ ਕਰਨ ਲਈ ਸਮੁੱਚਾ ਪਿੰਡ ਸਤਲੁਜ ਦਰਿਆ ਵਿੱਚ ਮੱਥਾ ਟੇਕਣ ਲਈ ਗਿਆ ਸੀ। ਸਤਲੁਜ ਦਰਿਆ ਵਿੱਚ ਸ਼ਰਧਾ ਪੂਰਵਕ ਬੇੜਾ ਤਾਰਨ ਲਈ ਪਿੰਡ ਦੇ ਹੀ ਵਿਅਕਤੀ ਜਦੋਂ ਪਾਣੀ ਵਿੱਚ ਉਤਰੇ ਤਾਂ ਕੁਲਦੀਪ ਸਿੰਘ ਖਾਲਸਾ ਦਾ ਅਚਾਨਕ ਪੈਰ ਫਿਸਲਣ ਨਾਲ ਉਹ ਪਾਣੀ ਦੇ ਤੇਜ਼ ਬਹਾ ਵਿੱਚ ਬਹਿ ਗਿਆ ।ਕੁਝ ਹੀ ਮਿੰਟਾਂ ਵਿੱਚ ਪਿੰਡ ਦੇ ਨੌਜਵਾਨਾਂ ਨੇ ਉਸਨੂੰ ਬਾਹਰ ਕੱਢਿਆ ਪਰ ਉਸ ਵੇਲੇ ਤੱਕ ਉਸਦੀ ਮੌਤ ਹੋ ਚੁੱਕੀ ਸੀ। ਜਿਸ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ। ਜ਼ਿਕਰਯੋਗ ਹੈ ਕਿ ਕੁਲਦੀਪ ਸਿੰਘ ਖਾਲਸਾ ਮਾਛੀਵਾੜਾ ਵਿਖੇ ਮੋਟਰਸਾਈਕਲ ਰੇੜਾ ਚਲਾ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਸੀ। ਧਾਰਮਿਕ ਬਿਰਤੀ ਦੇ ਮਾਲਕ ਕੁਲਦੀਪ ਸਿੰਘ ਖਾਲਸਾ ਦੇ ਪਰਿਵਾਰ ਵਿੱਚ ਪਿੱਛੇ ਪਤਨੀ, ਤਿੰਨ ਲੜਕੀਆਂ (ਵਿਆਹੀਆਂ ਹੋਈਆਂ) ਅਤੇ ਦੋ ਲੜਕੇ ਕੁਆਰੇ ਰਹਿੰਦੇ ਹਨ।

# ਨਿਰਜਲ ਇਕਾਦਸ਼ੀ ਤੇ ਪਾਰਾ ਹੋਏ 50 ਡਿਗਰੀ ਤੋਂ ਪਾਰ ਸ਼ਹਿਰ ਵਾਲੇ ਵੱਲੋਂ ਲਗਾਈਂ ਛਬੀਲ ਨੇ ਲੋਕਾਂ ਨੂੰ ਦਿੱਤੀ ਰਾਹਤ



ਧੂਰੀ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜਿਵੇਂ ਕਿ ਸਭ ਨੂੰ ਪਤਾ ਹੈ ਕਿ ਪੂਰੇ ਦੇਸ਼ ਦਾ ਪਾਰਾ 50 ਡਿਗਰੀ ਤੋਂ ਪਾਰ ਹੋ ਚੁੱਕਾ ਹੈ ਪਰ ਲੋਕਾ ਨੂੰ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ ਅੱਜ ਜਿਵੇਂ ਕਿ ਸਭ ਨੂੰ ਪਤਾ ਹੈ ਨਿਰਜਲਾ ਸੀ ਹੈ ਇਕਾਦਸ਼ੀ ਹੈ ਇਸ ਦੇ ਉਪਲਕਸ਼ ਦੇ ਵਿੱਚ ਧੂਰੀ ਸ਼ਹਿਰ ਦੇ ਲੋਕਾਂ ਵੱਲੋਂ ਜਗ੍ਹਾ ਜਗ੍ਹਾ ਛਬੀਲ ਲਗਾ ਕੇ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਧੂਰੀ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ ਦੇ ਦੁਕਾਨਦਾਰਾਂ ਵੱਲੋਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਛਬੀਲ ਅਤੇ ਲੰਗਰ ਲਗਾਏ ਗਏ ਇਸ ਛਬੀਲ ਦੇ ਵਿੱਚ ਕਿਸੇ ਵਲੋਂ ਮਿੱਠੇ ਪਾਣੀ ਅਤੇ ਕਿਸੇ ਨੇ ਵਲੋਂ ਜਲ ਜੀਰਾ ਬਣਾ ਕੇ ਲੋਕਾਂ ਵਿਚ ਵਰਤਾਇਆ ਗਿਆ ਇਸ ਮੌਕੇ ਤੇ ਲੰਗਰ ਵਿੱਚ ਕੁਲਚੇ ਵੀ ਵੰਡੇ ਗਏ।

# ਫਾਜ਼ਿਲਕਾ 'ਚ ਲੜਕੀ ਨਾਲ ਛੇੜਛਾੜ ਤੇ ਕੁੱਟਮਾਰ, ਵਿਰੋਧ ਕਰਨ 'ਤੇ ਪਿਤਾ ਅਤੇ ਭਰਾ ਨੂੰ ਕੀਤਾ ਜ਼ਖਮੀ

ਫਾਜ਼ਿਲਕਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੇ ਬਾਰਡਰ ਰੋਡ 'ਤੇ ਪਿੰਡ ਕਰਨੀਖੇੜਾ ਨੇੜੇ ਉਸ ਸਮੇਂ ਲੜਾਈ ਹੋ ਗਈ ਜਦੋਂ ਕੰਪਿਊਟਰ ਸੈਂਟਰ ਤੋਂ ਘਰ ਜਾ ਰਹੀ ਇਕ ਲੜਕੀ ਨੇ ਛੇੜਛਾੜ ਕਰਨ ਤੇ ਝਗੜਾ ਹੋ ਗਿਆ। ਅਰੋਪੀਆਂ ਨੇ ਨਾ ਸਿਰਫ਼ ਲੜਕੀ ਦੀ ਕੁੱਟਮਾਰ ਕੀਤੀ ਸਗੋਂ ਲੜਕੀ ਦੇ ਪਿਤਾ ਅਤੇ ਭਰਾ 'ਤੇ ਵੀ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ।

ਗੰਭੀਰ ਰੂਪ ਵਿਚ ਜ਼ਖਮੀ ਭਰਾ ਨੂੰ ਹਾਇਰ ਸੈਂਟਰ ਵਿਚ ਰੈਫਰ ਕਰ ਦਿੱਤਾ ਗਿਆ ਹੈ।

ਸਰਕਾਰੀ ਹਸਪਤਾਲ ਵਿੱਚ ਪੁੱਜੇ ਪਿੰਡ ਆਸਫਵਾਲਾ ਦੇ ਵਸਨੀਕ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਲੜਕੀ ਫਾਜ਼ਿਲਕਾ ਤੋਂ ਕੰਪਿਊਟਰ ਸੈਂਟਰ ਵਿੱਚ ਕੋਚਿੰਗ ਲੈ ਰਹੀ ਹੈ। ਕੋਚਿੰਗ ਲੈਣ ਤੋਂ ਬਾਅਦ ਉਹ ਸਕੂਟਰ 'ਤੇ ਪਿੰਡ ਆਸਫਵਾਲਾ ਸਥਿਤ ਆਪਣੇ ਘਰ ਵਾਪਸ ਆ ਰਹੀ ਸੀ। ਰਸਤੇ 'ਚ ਪਿੰਡ ਕਰਨੀਖੇੜਾ ਦੇ ਬੱਸ ਸਟੈਂਡ 'ਤੇ ਨੌਜਵਾਨਾਂ ਨੇ ਉਸ ਨਾਲ ਛੇੜਛਾੜ ਕੀਤੀ ਅਤੇ ਰੁਕਣ ਦਾ ਇਸ਼ਾਰਾ ਕੀਤਾ। ਜਦੋਂ ਉਹ ਨਾ ਰੁਕੀ ਤਾਂ ਆਰੋਪੀਆਂ ਨੇ ਉਸ ਨੂੰ ਜ਼ਬਰਦਸਤੀ ਰੋਕ ਲਿਆ। ਜਦੋਂ ਲੜਕੀ ਨੇ ਵਿਰੋਧ ਕੀਤਾ ਤਾਂ ਉਸ ਦੀ ਕੁੱਟਮਾਰ ਕੀਤੀ ਗਈ।

ਇਸ ਸਬੰਧੀ ਜਦੋਂ ਲੜਕੀ ਨੇ ਆਪਣੇ ਪਰਿਵਾਰ ਨੂੰ ਸੂਚਿਤ ਕੀਤਾ ਤਾਂ ਜੋਗਿੰਦਰ ਸਿੰਘ ਆਪਣੇ ਲੜਕੇ ਨਾਲ ਮੌਕੇ 'ਤੇ ਪਹੁੰਚ ਗਿਆ ਅਤੇ ਛੇੜਛਾੜ ਦਾ ਵਿਰੋਧ ਕੀਤਾ। ਜਿਸ 'ਤੇ ਆਰੋਪੀਆਂ ਨੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਦੋਵੇਂ ਗੰਭੀਰ ਜ਼ਖ਼ਮੀ ਹੋ ਗਏ। ਜ਼ਖਮੀਆਂ 'ਚ ਲੜਕੀ ਦੇ ਭਰਾ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਿਸ ਨੂੰ ਇਲਾਜ ਲਈ ਹਾਇਰ ਸੈਂਟਰ 'ਚ ਰੈਫਰ ਕਰ ਦਿੱਤਾ ਗਿਆ ਹੈ। ਮਾਮਲੇ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਐਨ.ਆਰ.ਆਈ ਜੋੜੇ ਤੇ ਹੋਏ ਹਮਲੇ ਦੀ ਜਾਂਚ ਦੇ ਹੁਕਮ ਦੇਣ ਚੰਨੀ ਨੇ ਕੀਤਾ ਧੰਨਵਾਦ

ਜਲੰਧਰ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਐਨ.ਆਰ.ਆਈ ਜੋੜੇ ਦੀ ਹਿਮਾਚਲ ਪ੍ਰਦੇਸ਼ ਦੇ ਜਿਲਾ ਚੰਬਾ ਦੇ ਡਲਹੌਜ਼ੀ ਵਿਖੇ ਹੋਈ ਮਾਰ ਕੁੱਟ ਨੂੰ ਲੈ ਕੇ ਜਲੰਧਰ ਤੋ ਲੋਕ ਸਭਾ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਫੋਨ ਤੇ ਕੀਤੀ ਗਈ ਗੱਲ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਇਸ ਹਮਲੇ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ।ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵੱਲੋਂ ਚੁੱਕੇ ਇਸ ਕਦਮ ਦਾ ਧੰਨਵਾਦ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਮਾਮਲਾ ਉਨਾ ਵੱਲੋਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਮੁੱਖ ਮੰਤਰੀ ਨੇ ਤੁਰੰਤ ਐਕਸ਼ਨ ਦਿਖਾਇਆ ਹੈ।

ਉਨ੍ਹਾਂ ਕਿਹਾ ਕਿ ਫੋਨ ਤੇ ਗੱਲਬਾਤ ਦੌਰਾਨ ਉੱਨਾਂ ਹਿਮਾਚਲ ਅਤੇ ਪੰਜਾਬ ਦੇ ਲੋਕਾਂ ਦਾ ਨੂੰਹ ਮਾਸ ਦਾ ਰਿਸ਼ਤਾ ਹੋਣ ਦੀ ਗੱਲ ਸੀ ਜਿਸਤੇ ਖਰਾ ਉੱਤਰਦਿਆਂ ਮੁੱਖ ਮੰਤਰੀ ਸੁਖਵਿੰਦਰ ਸਿੰਘ ਨੇ ਇਸ ਮਾਮਲੇ ਪ੍ਰਤੀ ਗੰਭੀਰਤਾ ਦਿਖਾਈ ਹੈ ਤੇ ਐਨ.ਆਰ.ਆਈ ਜੋੜੇ ਦੀ ਕੁੱਟ ਮਾਰ ਦੇ ਮਾਮਲੇ ਵਿੱਚ ਵਿਸਥਾਰਤ ਜਾਂਚ ਦੇ ਹੁਕਮ ਦਿੱਤੇ ਹਨ।ਸ.ਚੰਨੀ ਨੇ ਕਿਹਾ ਕਿ ਦੋਵਾਂ ਸੂਬਿਆਂ ਦੇ ਲੋਕ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ ਪਰ ਨਫ਼ਰਤ ਦੀ ਰਾਜਨੀਤੀ ਕਰਨ ਵਾਲੇ ਤੇ ਕੁੱਝ ਸ਼ਰਾਰਤੀ ਲੋਕਾਂ ਨੂੰ ਇਹ ਸਾਂਝ ਹਜਮ ਨਹੀ ਹੋ ਰਹੀ ਜਿਸ ਕਰਕੇ ਉਹ ਮਾਹੋਲ ਵਿਗਾੜਨ ਦੀਆਂ ਕੋਝੀਆਂ ਸਾਜ਼ਿਸ਼ਾਂ ਕਰਦੇ ਰਹਿੰਦੇ ਹਨ।ਉੱਨਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਤੋਂ ਉਮੀਦ ਹੈ ਕਿ ਉਹ ਇਸ ਹਮਲੇ ਦੀ ਨਿਰਪੱਖ ਜਾਂਚ ਕਰਵਾਉਣਗੇ ਅਤੇ ਦੋਸ਼ੀਆਂ ਤੇ ਸਖਤ ਕਾਰਵਾਈ ਕਰਵਾਉਣਗੇ ਤਾਂ ਜੋ ਪੰਜਾਬ ਤੋਂ ਹਿਮਾਚਲ ਪ੍ਰਦੇਸ਼ ਜਾਣ ਵਾਲੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ ਤੇ ਹਿਮਾਚਲ ਪ੍ਰਦੇਸ਼ ਦੀਆਂ ਠੰਡੀਆਂ ਵਾਦੀਆਂ ਵਿੱਚ ਗਰਮੀ ਦੀ ਛੁੱਟੀਆਂ ਦਾ ਅਨੰਦ ਮਾਣ ਸਕਣ।

# ਬੇਜੁਬਾਨ ਪਸ਼ੂ ਪੰਛੀਆਂ ਨੂੰ ਬਚਾਉਣਾ ਸਾਡਾ ਪਹਿਲਾ ਕਰਤੱਵ ਬਣਦਾ ਹੈ : ਐਸ ਐਚ ਓ ਸਦਰ ਧੂਰੀ




ਧੂਰੀ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਿਰਜਲ ਇਕਾਦਸ਼ੀ ਦੇ ਮੌਕੇ ਜਿੱਥੇ ਲੋਕ ਵਲੋਂ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ ਉਥੇ ਹੀ ਸਟੈਂਪ ਆਨ ਸੋਸਾਇਟੀ ਅਤੇ ਗਊ ਧਾਮ ਹਸਪਤਾਲ ਧੂਰੀ ਵੱਲੋਂ ਤੇ ਗਰਮੀ ਨੂੰ ਦੇਖਦੇ ਹੋਏ ਬੇਜੁਬਾਨ ਪੰਛੀਆਂ ਵਾਸਤੇ ਲਗਾਤਾਰ ਬਰਤਨ ਵੰਡੇ ਜਾ ਰਹੇ ਹਨ ਇਸ ਦੇ ਨਾਲ ਹੀ ਇੱਕ ਨਵੀਂ ਪਹਿਲ ਕਰਦੇ ਹੋਏ ਨਿਰਜਲ ਇਕਾਦਸ਼ੀ ਮੌਕੇ ਤੇ ਲੋਕਾਂ ਨੂੰ ਛਬੀਲ ਦੇ ਰੂਪ ਵਿੱਚ ਮੁਫਤ ਫਲਦਾਰ ਅਤੇ ਛਾਂਦਾਰ ਰੁੱਖ ਵੰਡੇ ਗਏ। ਸਾਡਾ ਮਕਸਦ ਇਕੱਲੇ ਬੂਟੇ ਵੰਡਣ ਦਾ ਨਹੀਂ ਹੈ ਇਸ ਨਾਲ ਅਸੀਂ ਇੱਕ ਮੈਸੇਜ ਵੀ ਦਿੰਦੇ ਹਾਂ ਕਿ ਜੋ ਵੀ ਇਸ ਨੂੰ ਲੈ ਕੇ ਜਾ ਰਿਹਾ ਹੈ ਉਹ ਜਿੱਥੇ ਵੀ ਲਗਾਵੇ ਉਸਦੀ ਪੂਰਨ ਰੂਪ ਦੇ ਵਿੱਚ ਸੇਵਾ ਕਰੇ ਤਾਂ ਜੋ ਆਉਣ ਵਾਲੀ ਪੀੜੀ ਇਹੋ ਜਿਹੀਆਂ ਮੁਸ਼ਕਲਾਂਵਾਂ ਦਾ ਸਾਮਨਾ ਕਰਨ ਪੈ ਰਿਹਾ ਹੈ। ਜੋ ਇਸ ਸਮੇਂ ਦਾ ਤਾਪਮਾਨ ਹੈ ਉਹ ਤਕਰੀਬਨ 50 ਡਿਗਰੀ ਤੋਂ ਉਪਰ ਪਹੁੰਚ ਚੁੱਕਾ ਹੈ। ਲਗਾਤਾਰ ਵੱਧ ਰਹੇ ਤਾਪਮਾਨ ਕਾਰਨ ਇੰਜ ਜਾਪਦਾ ਹੈ ਕਿ ਦੁਨੀਆ ਅੰਤ ਨੇੜੇ ਹੀ ਆ ਰਿਹਾ ਹੈ ਜੇਕਰ ਇੰਜ ਹੀ ਚਲਦਾ ਰਿਹਾ ਤਾਂ ਆਉਣ ਵਾਲੇ ਕੁਝ ਸਾਲਾਂ ਦੇ ਵਿੱਚ ਹੀ ਸੰਸਾਰ ਤੋਂ ਰੁੱਖ ਅਤੇ ਪਸ਼ੂ ਪੰਛੀ ਸਮਾਪਤ ਹੋ ਜਾਣਗੇ। ਇਸ ਮੌਕੇ ਤੇ ਸੋਸਾਇਟੀ ਮੈਂਬਰ ਜੈਕੀ ਜਿੰਦਲ ਨੇ ਪੱਤਰਕਾਰਾਂ ਨੂੰ ਗੱਲਬਾਤ ਕਰਦੇ ਪਹਿਲਾਂ ਤਾਂ ਸਭ ਨੂੰ ਉਹਨਾਂ ਨੇ ਨਿਰਜਲ ਇਕਾਦਸ਼ੀ ਦੀ ਵਧਾਈ ਦਿੱਤੀ ਨਾਲ਼ ਆਪਣੇ ਸ਼ਬਦਾਂ ਦੇ ਵਿੱਚ ਇਹ ਵੀ ਕਿਹਾ ਕਿ ਜੇਕਰ ਰੁੱਖ ਨਹੀਂ ਹੋਣਗੇ ਤਾਂ ਜੀਵਨ ਕਿਵੇਂ ਬਤੀਤ ਕੀਤਾ ਜਾਊਗਾ। ਰੁੱਖ ਕੱਲੇ ਸਾਨੂੰ ਆਕਸੀਜਨ ਨਹੀਂ ਦਿੰਦੇ ਸਗੋਂ ਇਸ ਤੋਂ ਕਈ ਤਰ੍ਹਾਂ ਦੇ ਫੁੱਲ ਫਲ ਅਤੇ ਜੜੀ ਬੂਟੀਆਂ ਵੀ ਪ੍ਰਾਪਤ ਹੁੰਦੀਆਂ ਹਨ ਕੁਝ ਲੋਕ ਆਪਣੇ ਸਵਾਰਥ ਲਈ ਰੁੱਖਾਂ ਨੂੰ ਕੱਟੀ ਜਾ ਰਹੇ ਹਨ।

ਇਸ ਮੌਕੇ ਥਾਣਾ ਸਦਰ ਧੂਰੀ ਦੇ ਐਸ ਐਚ ਓ ਜਗਦੀਪ ਸਿੰਘ ਨੇ ਵੀ ਵਿਸ਼ੇਸ਼ ਤੌਰ ਆਪਣੀ ਹਾਜ਼ਰੀ ਲਗਵਾਈ ਅਤੇ ਲੋਕਾਂ ਨੂੰ ਬੇਜੁਬਾਨ ਪੰਛੀਆਂ ਨੂੰ ਪੀਣ ਵਾਲੇ ਪਾਣੀ ਦੇ ਬਰਤਨ ਅਤੇ ਰੁੱਖ ਵੰਡੇ। ਇਸ ਮੌਕੇ ਤੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਸਟੈਂਪ ਆਨ ਸੋਸਾਇਟੀ ਅਤੇ ਗਊ ਧਾਮ ਹਸਪਤਾਲ ਧੂਰੀ ਵੱਲੋਂ ਕਿਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲੋਕ ਆਪਣੇ ਨਿਜੀ ਸਵਾਰਥ ਵਾਸਤੇ ਰੁੱਖਾਂ ਨੂੰ ਕੱਟੀ ਜਾ ਰਹੇ ਹਨ। ਜਦ ਕਿ ਹਜੇ ਕੁਝ ਦਿਨ ਪਹਿਲਾਂ ਹੀ ਵਾਤਾਵਰਨ ਦਿਵਸ ਨਿਕਲਿਆ ਹੈ ਉਨ੍ਹਾਂ ਨੇ ਸੋਸਾਇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਵੀ ਇਹੋ ਜਿਹੇ ਕੰਮਾਂ ਦੇ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ ਨਾਲ ਹੀ ਉਹਨਾਂ ਨੇ ਗਊ ਧਾਮ ਹਸਪਤਾਲ ਧੂਰੀ ਦੇ ਵਿੱਚ ਪਹੁੰਚ ਕੇ ਗਊਆਂ ਨੂੰ ਆਪਣੇ ਹੱਥੀ ਚਾਰਾ ਪਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਨਾਲ ਇਹ ਵੀ ਕਿਹਾ ਜਿਸ ਤਰ੍ਹਾਂ ਦੇ ਕੰਮ ਇਹ ਸੋਸਾਇਟੀ ਕਰਦੀ ਹੈ ਉਸ ਨੂੰ ਦੇਖਦੇ ਹੋਏ ਸਾਨੂੰ ਵੀ ਅੱਗੇ ਆ ਕੇ ਇਹਨਾਂ ਦੀ ਮਦਦ ਕਰਨੀ ਚਾਹੀਦੀ ਹੈ ਇਸ ਮੌਕੇ ਸਟੈਂਪ ਆਨ ਸੋਸਾਇਟੀ ਅਤੇ ਗਊ ਧਾਮ ਹਸਪਤਾਲ ਧੂਰੀ ਵੱਲੋਂ ਜਗਦੀਪ ਐਸ ਐਚ ਓ ਥਾਣਾ ਸਦਰ ਧੂਰੀ ਦਾ ਭਗਵਾਨ ਦੀ ਫੋਟੋ ਦੇ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਸਟੈਂਪ ਆਨ ਸੋਸਾਇਟੀ ਦੇ ਪ੍ਰਧਾਨ ਜੋਲੀ ਗਰਗ, ਸਕੱਤਰ ਰਿੰਕੂ ਬਾਂਸਲ, ਗਊ ਧਾਮ ਦੇ ਪ੍ਰਧਾਨ ਰੋਮੀ ਢੰਡ, ਕਾਕਾ ਚੋਧਰੀ, ਜੈਕੀ ਜਿੰਦਲ, ਇਸ਼ੂ ਗਰਗ, ਤਰੁਣ ਗਰਗ, ਰੋਹਿਤ ਕਾਂਸਲ ਅਤੇ ਸ਼ਹਿਰ ਦੇ ਸਮਾਜ ਸੇਵੀ ਅਸ਼ਵਨੀ ਕੁਮਾਰ ਅਤੇ ਹੋਰ ਸੋਸਾਇਟੀ ਮੈਂਬਰ ਹਾਜ਼ਰ ਹੋਏ।

# ਰੁੱਖ ਲਗਾਓ ਦੇਸ਼ ਬਚਾਓ ਜਲ ਹੀ ਜੀਵਨ ਹੈ

ਧੂਰੀ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਿਰਜਲ ਇਕਾਦਸ਼ੀ ਦੇ ਮੌਕੇ ਜਿੱਥੇ ਲੋਕ ਵਲੋਂ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ ਉਥੇ ਹੀ ਸਟੈਂਪ ਆਨ ਸੋਸਾਇਟੀ ਅਤੇ ਗਊ ਧਾਮ ਹਸਪਤਾਲ ਧੂਰੀ ਵੱਲੋਂ ਤੇ ਗਰਮੀ ਨੂੰ ਦੇਖਦੇ ਹੋਏ ਬੇਜੁਬਾਨ ਪੰਛੀਆਂ ਵਾਸਤੇ ਲਗਾਤਾਰ ਬਰਤਨ ਵੰਡੇ ਜਾ ਰਹੇ ਹਨ ਇਸ ਦੇ ਨਾਲ ਹੀ ਇੱਕ ਨਵੀਂ ਪਹਿਲ ਕਰਦੇ ਹੋਏ ਨਿਰਜਲ ਇਕਾਦਸ਼ੀ ਮੌਕੇ ਤੇ ਲੋਕਾਂ ਨੂੰ ਛਬੀਲ ਦੇ ਰੂਪ ਵਿੱਚ ਮੁਫਤ ਫਲਦਾਰ ਅਤੇ ਛਾਂਦਾਰ ਰੁੱਖ ਵੰਡੇ ਗਏ। ਸਾਡਾ ਮਕਸਦ ਇਕੱਲੇ ਬੂਟੇ ਵੰਡਣ ਦਾ ਨਹੀਂ ਹੈ ਇਸ ਨਾਲ ਅਸੀਂ ਇੱਕ ਮੈਸੇਜ ਵੀ ਦਿੰਦੇ ਹਾਂ ਕਿ ਜੋ ਵੀ ਇਸ ਨੂੰ ਲੈ ਕੇ ਜਾ ਰਿਹਾ ਹੈ ਉਹ ਜਿੱਥੇ ਵੀ ਲਗਾਵੇ ਉਸਦੀ ਪੂਰਨ ਰੂਪ ਦੇ ਵਿੱਚ ਸੇਵਾ ਕਰੇ ਤਾਂ ਜੋ ਆਉਣ ਵਾਲੀ ਪੀੜੀ ਇਹੋ ਜਿਹੀਆਂ ਮੁਸ਼ਕਲਾਂਵਾਂ ਦਾ ਸਾਮਨਾ ਕਰਨ ਪੈ ਰਿਹਾ ਹੈ। ਜੋ ਇਸ ਸਮੇਂ ਦਾ ਤਾਪਮਾਨ ਹੈ ਉਹ ਤਕਰੀਬਨ 50 ਡਿਗਰੀ ਤੋਂ ਉਪਰ ਪਹੁੰਚ ਚੁੱਕਾ ਹੈ। ਲਗਾਤਾਰ ਵੱਧ ਰਹੇ ਤਾਪਮਾਨ ਕਾਰਨ ਇੰਜ ਜਾਪਦਾ ਹੈ ਕਿ ਦੁਨੀਆ ਅੰਤ ਨੇੜੇ ਹੀ ਆ ਰਿਹਾ ਹੈ ਜੇਕਰ ਇੰਜ ਹੀ ਚਲਦਾ ਰਿਹਾ ਤਾਂ ਆਉਣ ਵਾਲੇ ਕੁਝ ਸਾਲਾਂ ਦੇ ਵਿੱਚ ਹੀ ਸੰਸਾਰ ਤੋਂ ਰੁੱਖ ਅਤੇ ਪਸ਼ੂ ਪੰਛੀ ਸਮਾਪਤ ਹੋ ਜਾਣਗੇ। ਇਸ ਮੌਕੇ ਤੇ ਸੋਸਾਇਟੀ ਮੈਂਬਰ ਜੈਕੀ ਜਿੰਦਲ ਨੇ ਪੱਤਰਕਾਰਾਂ ਨੂੰ ਗੱਲਬਾਤ ਕਰਦੇ ਪਹਿਲਾਂ ਤਾਂ ਸਭ ਨੂੰ ਉਹਨਾਂ ਨੇ ਨਿਰਜਲ ਇਕਾਦਸ਼ੀ ਦੀ ਵਧਾਈ ਦਿੱਤੀ ਨਾਲ਼ ਆਪਣੇ ਸ਼ਬਦਾਂ ਦੇ ਵਿੱਚ ਇਹ ਵੀ ਕਿਹਾ ਕਿ ਜੇਕਰ ਰੁੱਖ ਨਹੀਂ ਹੋਣਗੇ ਤਾਂ ਜੀਵਨ ਕਿਵੇਂ ਬਤੀਤ ਕੀਤਾ ਜਾਊਗਾ।

# ਫਾਜ਼ਿਲਕਾ 'ਚ ਡਾਕਟਰ ਦਾ ਇੰਤਜ਼ਾਰ ਕਰਦੀ ਰਹੀ ਪੁਲਿਸ, ਦੋਸ਼ੀ ਦਾ ਮੈਡੀਕਲ ਕਰਵਾਏ ਬਿਨਾਂ ਹੀ ਪਰਤੀ

ਫਾਜ਼ਿਲਕਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੇ ਥਾਣਾ ਅਰਨੀਵਾਲਾ ਦੀ ਪੁਲਿਸ ਨੇ ਵੱਖ-ਵੱਖ ਮਾਮਲਿਆਂ 'ਚ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦਾ ਮੈਡੀਕਲ ਕਰਵਾਉਣ ਲਈ ਸਰਕਾਰੀ ਹਸਪਤਾਲ ਪਹੁੰਚੀ। ਆਰੋਪੀਆਂ ਨੂੰ ਗੱਡੀ 'ਚੋਂ ਬਾਹਰ ਕੱਢ ਕੇ ਹਸਪਤਾਲ ਦੇ ਅੰਦਰ ਲਿਜਾਇਆ ਗਿਆ। ਪਰ ਅੰਦਰ ਜਾ ਕੇ ਦੇਖਿਆ ਕਿ ਡਾਕਟਰ ਐਮਰਜੈਂਸੀ ਵਿਚ ਮੌਜੂਦ ਨਹੀਂ ਸੀ।

ਪਤਾ ਲੱਗਾ ਹੈ ਕਿ ਜੋ ਡਾਕਟਰ ਸਵੇਰੇ ਤੋਂ ਦੁਪਹਿਰ ਦੀ ਸ਼ਿਫਟ 'ਚ ਆਉਂਦਾ ਸੀ, ਉਹ ਆਪਣੀ ਡਿਊਟੀ ਪੂਰੀ ਕਰਕੇ ਚਲਾ ਗਿਆ ਸੀ। ਜਦੋਂਕਿ ਉਸ ਤੋਂ ਬਾਅਦ ਡਿਊਟੀ 'ਤੇ ਆਏ ਡਾਕਟਰ ਨਹੀਂ ਪੁੱਜੇ।

ਪੁਲਿਸ ਅਧਿਕਾਰੀ ਕਾਫੀ ਦੇਰ ਤੱਕ ਹਸਪਤਾਲ ਵਿੱਚ ਡਾਕਟਰ ਦਾ ਇੰਤਜ਼ਾਰ ਕਰਦੇ ਰਹੇ। ਪਰ ਐਮਰਜੈਂਸੀ ਵਿੱਚ ਡਾਕਟਰ ਨਾ ਹੋਣ ਕਾਰਨ ਪੁਲਿਸ ਟੀਮ ਆਰੋਪੀਆਂ ਦਾ ਮੈਡੀਕਲ ਕਰਵਾਏ ਬਿਨਾਂ ਹੀ ਵਾਪਸ ਲੈ ਗਈ। ਹਾਲਾਂਕਿ ਦੱਸਿਆ ਜਾ ਰਿਹਾ ਹੈ ਕਿ ਪੁਲਿਸ ਅਧਿਕਾਰੀ ਆਰੋਪੀਆਂ ਨੂੰ ਅਦਾਲਤ 'ਚ ਪੇਸ਼ ਕਰਨ ਲਈ ਲੈ ਗਏ ਸਨ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਹਸਪਤਾਲ ਵਿੱਚ ਡਾਕਟਰ ਐਮਰਜੈਂਸੀ ਡਿਊਟੀ 'ਤੇ ਕਿਉਂ ਨਹੀਂ ਹਨ।

**ਡਾਕਟਰਾਂ ਨੂੰ ਪੱਤਰ ਜਾਰੀ ਕੀਤਾ**

ਜਾਣਕਾਰੀ ਅਨੁਸਾਰ ਸਰਕਾਰੀ ਹਸਪਤਾਲ ਵਿੱਚੋਂ ਅੱਧਾ ਦਰਜਨ ਤੋਂ ਵੱਧ ਡਾਕਟਰ ਮੈਡੀਕਲ ਛੁੱਟੀ 'ਤੇ ਹਨ। ਜਿਸ ਕਾਰਨ ਮਾਹਿਰ ਡਾਕਟਰ ਐਮਰਜੈਂਸੀ, ਓਪੀਡੀ ਅਤੇ ਅਪਰੇਸ਼ਨ ਥੀਏਟਰ ਵਿੱਚ ਸੇਵਾਵਾਂ ਦੇਣ ਲਈ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਸਮਾਂ ਕੱਢ ਰਹੇ ਹਨ। ਇਹੀ ਕਾਰਨ ਹੈ ਕਿ ਐਮਰਜੈਂਸੀ, ਓਪੀਡੀ ਅਤੇ ਅਪਰੇਸ਼ਨ ਥੀਏਟਰ ਦੀਆਂ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ।

ਫਾਜ਼ਿਲਕਾ ਦੇ ਸਿਵਲ ਸਰਜਨ ਡਾ: ਚੰਦਰਸ਼ੇਖਰ ਦਾ ਕਹਿਣਾ ਹੈ ਕਿ ਛੁੱਟੀ 'ਤੇ ਗਏ ਸਾਰੇ ਲੋਕ ਡਿਊਟੀ 'ਤੇ ਨਹੀਂ ਹਨ। ਡਾਕਟਰਾਂ ਨੂੰ ਪੱਤਰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੂੰ ਡਿਊਟੀ 'ਤੇ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਲੋਕ-ਕਾਵਿ ਵਿੱਚ ਪਸ਼ੂ-ਪੰਛੀ

ਪਰਮਜੀਤ ਕੌਰ ਸਰਹਿੰਦ



ਲੋਕ-ਕਾਵਿ ਵਿੱਚ ਕੇਵਲ ਮਨੁੱਖੀ ਜੀਵਨ ਦਾ ਹੀ ਬਿਰਤਾਂਤ ਨਹੀਂ ਮਿਲਦਾ ਬਲਕਿ ਇਸ ਵਿੱਚ ਕੁਦਰਤ ਦੇ ਤਮਾਮ ਸਰੋਤਾਂ ਸਮੇਤ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਬਾਕਮਾਲ ਸ਼ੈਲੀ ਵਿੱਚ ਮਿਲਦਾ ਹੈ। ਭਾਵਨਾਵਾਂ ਮਨੁੱਖ ਦੇ ਅੰਦਰੋਂ ਉਛਾਲੇ ਮਾਰਦੀਆਂ ਹਨ, ਸ਼ਬਦ ਉਨ੍ਹਾਂ ਨੂੰ ਕਿਸੇ ਸਾਹਿਤਕ ਵਿਧਾ ਵਿੱਚ ਰੂਪਮਾਨ ਕਰਦੇ ਹਨ। ਲੰਮੇ ਸਮੇਂ ਤੋਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਸਾਰਥਿਕ ਮਾਧਿਅਮ ਹੈ, ਪਰ ਇੱਕ ਅਜਿਹਾ ਦੌਰ ਵੀ ਰਿਹਾ ਜਦੋਂ ਉੱਛਲਦੇ-ਖੌਲਦੇ ਜਜ਼ਬਾਤ ਨੂੰ ਪ੍ਰਗਟ ਕਰਨ ਲਈ ਇੱਕ ਮਾਤਰ ਸਾਧਨ ਮੌਖਿਕ ਰੂਪ ਵਿੱਚ ਲੋਕ-ਕਾਵਿ ਹੀ ਰਿਹਾ।

ਇਹ ਕਾਵਿ ਬਹੁਤਾ ਕਰਕੇ ਨਾਰੀ ਮਨ ਵੱਲੋਂ ਸਿਰਜਿਆ ਗਿਆ ਮੰਨਿਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਨੂੰ ਉਹ ਔਕੜਾਂ ਦਰਪੇਸ਼ ਨਹੀਂ ਸਨ ਜੋ ਔਰਤ ਨੂੰ ਸਨ। ਔਰਤ ਨੇ ਆਪਣਾ ਰੋਹ-ਵਿਦਰੋਹ, ਖੁਸ਼ੀ-ਗ਼ਮੀ, ਵੈਰਾਗ ਤੇ ਸਬਰ-ਸ਼ੁਕਰੀ ਨੂੰ ਵੀ ਲੋਕ-ਕਾਵਿ ਵਿੱਚ ਵਿਅਕਤ ਕੀਤਾ। ਅੱਜ ਵੀ ਔਰਤ ਕੋਲ ਕਲਮ ਹੈ, ਮੰਚ ਹੈ, ਉਹ ਲਿਖ ਜਾਂ ਬੋਲ ਕੇ ਆਪਣੇ ਮਨਅੰਤਰ ਦੇ ਸਭ ਗੁੱਭ-ਗੁਬਾਹਟ ਬਾਹਰ ਕੱਢ ਸਕਦੀ ਹੈ। ਅਨਪੜ੍ਹ ਜਾਂ ਘੱਟ ਪੜ੍ਹੀ ਹੋਣ ਦੇ ਬਾਵਜੂਦ ਮੱਧਕਾਲੀ ਜਾਂ ਉਸ ਦੇ ਆਸ-ਪਾਸ ਦੇ ਸਮੇਂ ਵਿੱਚ ਔਰਤ ਨੇ ਆਪਣੀ ਸੂਝ ਦਾ ਸਿੱਕਾ ਮਨਵਾਇਆ। ਸੂਈ ਤੋਂ ਲੈ ਕੇ ਪਹਾੜ ਤੱਕ ਦਾ ਜ਼ਿਕਰ ਲੋਕ-ਕਾਵਿ ਵਿੱਚ ਮਿਲਦਾ ਹੈ। ਮਿਸਾਲ ਵਜੋਂ:

ਸੂਈ ਵੇ ਸੂਈ ਜ਼ਾਲਮਾਂ/ਸੂਈ ਨੇ ਕੱਢਿਆ ਕੰਡਾ
ਤੇਰੀ ਮਾਂ ਨੇ ਚੁੱਕ ਲਿਆ ਡੰਡਾ/ ਜ਼ਾਲਮਾਂ ਸੂਈ ਵੇ....।

ਲੋਕ-ਕਾਵਿ ਵਿੱਚ ਨਿੱਕੇ ਤੋਂ ਵੱਡੇ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾਦਿਵਰਣ/ਖੂਬਸੂਰਤ ਅਲੰਕਾਰਾਂ ਨਾਲ ਮਿਲਦਾ ਹੈ। ਕਿਧਰੇ ਆਮ ਵਰਤਾਰੇ ਵਿੱਚ। ਗੱਲ ਕੀੜੀ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਲੋਕ-ਕਾਵਿ ਦੀ ਸਿੱਠਣੀ ਵਿਚਾਰ ਹੈ:

ਮਿੱਠੀ ਮਿੱਠੀ ਸ਼ੱਕਰ ਵਿੱਚੋਂ/ ਨਿੱਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੁਲ੍ਹ ਮੱਥੇ ਦੀ ਤਿਊੜੀ...।

ਸਿੱਠਣੀ ਵਿੱਚ ਹੀ ਭਰਿੰਡ ਸ਼ਾਮਲ ਹੈ:

ਮੈਂ ਦੱਸਾਂ ਭਰਿੰਡੇ ਨੀਂ/ ਨਹਿਰ ਕਿਨਾਰੇ ਉਡਿਆ ਕਰ
ਨਣਦ ਮੇਰੀ ਦੇ ਲੜਿਆ ਕਰ
ਲਲ-ਲਲ ਛਾਲਾ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਇਹ ਮਹਾਨ ਕਾਵਿ ਸਿਰਜਣਹਾਰੀਆਂ ਦੀ ਸੂਝ ਕਿੰਨੀ ਕਮਾਲ ਸੀ ਜਿਨ੍ਹਾਂ ਮੱਛੀ ਤੇ ਡੱਡੂ ਨੂੰ ਵੀ ਬਣਦੀ ਥਾਂ ਦਿੱਤੀ। ਗਿੱਧੇ ਦਾ ਸਿੰਗਾਰੀਆਂ ਵਰਗਾ ਗੀਤ ਹੈ ਜਿਸ ਨੂੰ ਦੋ ਧਿਰਾਂ ਗਾਉਂਦੀਆਂ ਪਹਿਲੀਆਂ ਕਹਿੰਦੀਆਂ:

ਮਾਮਗਿਆ ਤੇਰਿਆਂ ਨੂੰ ਮਾਮੀ ਵੀ ਨਾਲ
ਹਰ ਗੰਗੇ ਨਰਾਇਣ ਗੰਗੇ...
ਮੱਛਲੀ ਨੇ ਫਲੀਆ ਮੁੜਦਾ ਵਾਲ
ਹਰਗੰਗੇ ਨਰਾਇਣ ਗੰਗੇ...।

ਨਾਨਕੀਆਂ ਵਾਰੀ ਦਾ ਵੱਟਾ ਲੈਂਦੀਆਂ:

ਕਿੱਧਰ ਗਈਆਂ ਵੇ ਦੋਹਤਿਆ, ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀਲੇਡੂ, ਜੰਮੇ ਸੀ ਡੱਡੂ ਛੱਪੜਾਂ 'ਤੇ ਗਈਆਂ
ਵੇ ਬੀਬਾ ਤੇਰੀਆਂ ਦਾਦਕੀਆਂ।

ਲੋਕਧਾਰਾ ਅਰੁਕ ਵਹਿਣ ਵਾਲੀ ਅਜਿਹੀ ਧਾਰ ਹੈ ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਵਣਜਾਰਾ ਬੇਦੀ ਅਨੁਸਾਰ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂੰਹੋਂ ਮੂੰਹ ਅੱਗੇ ਤੁਰਦਾ ਯੁਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ ਕਿਸੇਕਾਲ ਵਿੱਚ ਨਹੀਂ ਬੱਝਿਆ ਹੋਇਆ। ਇਹ ਅਕਰਤਾਰੇ ਛੰਦਾ ਹੈ ਅਤੇ ਅਖੀਰ ਵਿੱਚ ਇਹ ਰਚਨਾ ਜਾਤੀ ਸਮੂਹ ਦਾ ਅਨੁਭਵ ਆਪਣੇ ਵਿੱਚ ਰਚ ਕੇ ਇੱਕ ਸਾਂਝੀ ਕਿਰਤ ਬਣਜਾਂਦੀ ਹੈ।"

ਪੁਰਾਤਨ ਲੋਕ-ਕਾਵਿ ਸਾਡਾ ਅਨਮੋਲ ਖ਼ਜ਼ਾਨਾ ਹੈ ਕਿਉਂਕਿ ਇਸ ਵਿੱਚ ਹੁਣ ਸਾਡਾ ਮੌਖਿਕ ਕਾਵਿ ਜੁੜਨ ਦੀ ਸੰਭਾਵਨਾ ਨਹੀਂ ਹੈ। ਹੁਣ ਕਾਵਿ ਲਿਖਤੀ ਹੈ ਇਸ ਦਾ ਕਾਲਵੀ ਦਰਜ ਹੈ ਤੇ ਕਰਤਾਵੀ।ਲੋਕ-ਕਾਵਿ ਨੂੰ ਲਿਖਤੀ ਰੂਪ ਵਿੱਚ ਸਾਂਭਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਹਿਜ ਸੁਭਾਅ ਕੁਦਰਤ ਨੂੰ ਜਾਂ ਕੁਦਰਤ ਦੀ ਹਰ ਕਿਰਤ ਨੂੰ ਇਸ ਵਿੱਚ ਸਮੋਇਆ ਹੋਇਆ ਹੈ। ਪਸ਼ੂ-ਪੰਛੀ ਤੇ ਮਨੁੱਖ ਇਕੱਠੇ ਇਸ ਬੋਲੀ ਵਿੱਚ ਹਾਜ਼ਰੀ ਲਗਵਾਉਂਦੇ ਹਨ:

ਸੁਣ ਨੀਂਧੰਨ ਕੁਰੇ ਮੀਂਹਨਹੀਂ ਪੈਂਦਾ
ਸੁੱਕੀਆਂ ਵਗਣਜ਼ਮੀਨਾਂ
ਤੂੜੀ ਖਾ-ਖਾ ਬਲਦ ਹਾਰ ਗਏ
ਗੱਭਰੂ ਗਿੱਝ ਗਏ 'ਫੀਮਾਂ
ਤੇਰੀਬੈਠਕ ਨੇ ਪੱਟਿਆ ਕਬੂਤਰ ਚੀਨਾ।

ਲੰਮੇ ਗੌਣ ਦੇ ਕੁਝ ਅੰਸ਼ ਹਨ :

ਡਿੱਗਦੀ ਤਾਂ ਡਿੱਗਦੀਜ਼ਾਲਮ/ ਖੂਏ ਪਰਡਿੱਗ ਪਈ ਵੇ
ਹੱਡੀਆਂ ਦੀ ਹੋ ਗਈ ਜ਼ਾਲਮ ਢੇਰੀ ਵੇ,
ਚਿਣ-ਚਿਣਹੱਡੀਆਂ ਜ਼ਾਲਮ
ਮਹਿਲ ਬਣਾਵਾਂ ਵੇ/ਵਿੱਚ-ਵਿੱਚ ਰੱਖਦੀ ਜ਼ਾਲਮ ਮੋਰੀ ਵੇ
ਆਉਂਦਾ ਵੀ ਦੇਖਾਂ ਜ਼ਾਲਮ
ਜਾਂਦਾ ਵੀ ਦੇਖਾਂ ਸੂਰਤ ਨਾ ਦਿਖਦੀ
ਜ਼ਾਲਮ ਤੇਰੀ ਵੇ/ ਪਹਿਲਾਂ ਤਾਂ ਲੰਘਗਿਆ ਜ਼ਾਲਮ
ਤਿਲੀਅਰ ਤੋਤਾ ਵੇ/ ਪਿੱਛੇ ਤਾਂ ਲੰਘਗਈ ਜ਼ਾਲਮ ਮੈਨਾ ਵੇ...।

ਬਹੁਤ ਡੂੰਘੇ ਅਰਥਾਂ ਵਾਲਾ ਹੈ ਇਹਗੀਤ ਜੋ ਤੋਤਾ-ਮੈਨਾ ਬਿੰਬ ਵਰਤ ਕੇ ਸਿਰਜਿਆਹੈ, ਇਹ ਕਮਾਲ ਦੀ ਸੂਝ ਦਾ ਪ੍ਰਤੀਕ ਹੈ। ਮਸ਼ਹੂਰ ਸੁਹਾਗ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ...।

'ਮੋਰ' ਅਲੰਕਾਰ ਬਹੁਤ ਥਾਈਂ ਮਿਲਦਾ ਹੈ। ਇਸ ਦੀ ਜੜਤ-ਘੜਤ ਕਾਬਲੇ ਤਾਰੀਫ਼ ਹੈ:

ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ/ ਪਾ ਕੇ ਕਲਮੀ ਸ਼ੋਰਾ/ ਵਿੱਚ ਭਰਜਾਈਆਂ ਦੇ
ਬੋਲ ਕਲਹਿਰੀਆ ਮੋਰਾ ...।

ਲੋਕਗੀਤਾਂ ਵਿੱਚ ਕਾਂ ਤੇਕੋਇਲ ਦਾ ਜੋੜ ਵੇਖਣ ਵਾਲਾ ਹੈ:

ਪੁੱਤ ਮੇਰੇ ਸਹੁਰੇ ਦਾ/ ਲੱਗੀ ਲਾਮ ਤੇ ਲੁਆ ਲਿਆਵਾਂ
ਜਾਂਦਾ ਹੋਇਆ ਦੱਸ ਨਾ ਗਿਆ/ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ/ ਕਿਤੇ ਬੋਲ ਵੇ ਚੰਦਰਿਆ ਕਾਵਾਂ...।

ਇਸ ਕਾਵਿ ਦੀ ਵਡਿਆਈ ਹੈ ਕਿ ਅੰਮ੍ਰਿਤ ਵੇਲੇ ਬੋਲਣ ਵਾਲੇ ਪਰਿੰਦੇ ਨੂੰ ਵੀ ਮਾਣ ਦਿੱਤਾ ਹੈ। ਇਹ ਉਨ੍ਹਾਂ ਗੁੰਮਨਾਮ ਤੇ ਗਿਣੀ ਕਲਮ, ਜਿਨ੍ਹਾਂ ਅੱਖਰਾਂ ਦੇ ਗਿਆਨ ਵਾਲੀਆਂ 'ਗਿਆਨਣਾਂ' ਦੇਗਿਆਨ ਦੀ ਕਾਢ ਹੈ। ਮੁੰਡੇ ਦੇ ਵਿਆਹ ਮੌਕੇ ਗਿੱਧੇ ਵਿੱਚ ਛੱਜ ਤੋੜਦਿਆਂ ਨਾਨਕੀਆਂ ਪਪੀਹੇ ਨੂੰ 'ਬੰਬੀਹਾ' ਕਹਿ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀਆਂ ਗਾਉਂਦੀਆਂ:

ਬੋਲਬੰਬੀਹਾ/ਪਿੰਡ ਦੇ ਲੰਬੜਦਾਰ ਦਾ ਬੰਬੀਹਾ ਬੋਲ।

ਇਸ ਵਿੱਚ ਪਰਿਵਾਰ ਦੇ ਸਾਰੇ ਮਰਦਾਂ ਦੇ ਨਾਂ ਗਿਣੇ ਜਾਂਦੇ। ਕਈ ਖੇਤਰਾਂ ਵਿੱਚ ਬੰਬੀਹੇ ਦੀ ਥਾਂ 'ਬੰਬਲੀਆ' ਬੋਲ ਵੀ ਗਾਇਆ ਜਾਂਦਾ ਹੈ। ਜਿਵੇਂ:

ਬੋਲ ਬੰਬਈਆ/ਸਾਡੇ ਦਾਦੇ ਦਾ ਬੰਬਈਆ ਬੋਲ...।

ਘੋੜੇ ਦੀ ਵੀ ਵੱਖਰੀ ਸ਼ਾਨ ਦਾ ਵਰਨਣ, ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ:

ਵੇ ਵੀਰ, ਦਾਦਾ ਤੇਰਾ/ਸਰਦਾਰ ਸੁਣੀਂਦਾ ਭਾਰੀ
ਵੇ ਹੋਣ ਕੋਤਲ ਘੋੜਾ/ਖੇਡਣ ਜਾਂਦਾ ਸ਼ਿਕਾਰੀ...।

ਡਾਚੀ ਤੇ ਬੋਤੇ ਦਾ ਆਪਣਾ ਵੱਖਰਾ ਸਥਾਨ ਹੈ:

ਡਾਚੀ ਵਾਲਿਆ ਮੋੜ ਮੁਹਾਰ ਵੇ
ਘੋੜੀ ਵਾਲਿਆ ਲੈ ਚੱਲ ਨਾਲ ਵੇ...।

ਕਿਤੇ ਬੱਕਰੀਆਂ ਵਾਲੇ ਤੁਰੀ ਜਾਂਦੀ ਮੁਟਿਆਰ ਨੂੰ ਕਹਿੰਦੇ ਹਨ:

'ਵਾਜਾਂ ਮਾਰਦੇ ਬੱਕਰੀਆਂ ਵਾਲੇ
ਬੱਕੀਏਰਾਹ ਭੁੱਲ ਗਈ...।

ਸਾਡੇ ਪੇਂਡੂ ਸਮਾਜ ਵਿੱਚ ਪਸ਼ੂਆਂ ਦਾ ਅਹਿਮ ਸਥਾਨ ਰਿਹਾ ਹੈ। ਕਿਸਾਨੀ ਕਿੱਤਾ ਤਾਂ ਇਨ੍ਹਾਂ 'ਤੇ ਹੀ ਨਿਰਭਰ ਸੀ ਤੇ ਕਿਤੇ ਅੱਜ ਵੀ ਹੈ। ਇਸ ਨੂੰ ਪਸ਼ੂ ਧਨ ਕਿਹਾ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਬੋਲੀਆਂ ਵਿੱਚ ਕੀਤੀ ਗਈ ਹੈ ਜੋ ਭੈਣ-ਭਰਾ ਦੀ ਆਪਸੀ ਗੱਲਬਾਤ ਰਾਹੀਂ ਹੁੰਦੀ ਹੈ:

ਵੀਰਾ ਵੇ ਮੁਰਬੇ ਵਾਲਿਆ/ਭੈਣਾਂ ਚੱਲੀਆਂ ਸੰਦੂਕਾਂ ਖਾਲੀ

ਭਰਾ ਬੇਵਸੀ ਜਾਹਿਰ ਕਰਦਾ ਹੈ:

ਮੇਰੇ ਬਲਦ ਹਾਰ ਗਏ ਬੈਣੇ/ਮਾਮਲਾ ਨਾ ਅਜੇ ਤਾਰਿਆ...।

ਲੋਕ-ਕਾਵਿ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਤੋਂ ਵਗੈਰ ਆਰਥਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਰਿਸ਼ਤਿਆਂ ਦੇ ਕੱਚ-ਸੱਚ ਨੂੰਵੀ ਬੇਲਿਹਾਜ਼ ਬਿਆਨ ਕੀਤਾ ਗਿਆ ਹੈ:

ਚੀਰਾ ਮੀਂਹਆਂ ਦੇਸਾਂ ਗਿਆਨ ਦੇ ਛੜਾ ਵੇ
ਭਾਬੋ ਪਾਵੇ ਮੱਥੇ ਤਿਉੜੀਆਂ...।

ਕਿਸੇ ਅਖੜ ਜਾਂ ਦਲੇਰ ਭਰਜਾਈ ਨਾਲ ਜੇਠ ਦੇ ਨੋਕ-ਝੋਕ ਕਰੇ ਕੱਟੇ ਨੂੰ ਵੀ ਇਸ ਬਹੁ ਰੰਗੇ ਕਾਵਿ ਵਿੱਚ ਮਾਣ ਦਿੱਤਾ ਗਿਆ ਹੈ। ਪੇਸ਼ਕਾਰੀ ਲਾਜਵਾਬ ਹੈ:

ਨੀ ਮੈਂ ਕੱਟੇ ਦੇ ਭੁਲੇਖੇ, ਛੜਾਜੇਠ ਕੁੱਟਤਾ
ਉੱਤੋਂ ਮਾਲੂਮ ਦੇ ਭੁਲੇਖੇ, ਨੀਂ ਮੈਂ ਲੂਣ ਭੁੱਕਤਾ...।

ਜ਼ਹਿਰੀਲੇ ਜੀਵ-ਜੰਤੂ ਵੀ ਇਸ ਕਾਵਿ ਵਿੱਚ ਮੌਜੂਦੇ ਫਿਰਦੇ ਹਨ। ਉਮਰ ਦੇ ਢਲਦੇ ਪਹਿਰ ਕੋਈ ਔਰਤ ਕਿਵੇਂ ਜਵਾਨੀ ਨੂੰ ਯਾਦ ਕਰਦਿਆਂ ਝੂਰਦੀ ਹੈ, ਉਹ ਭਾਵਨਾਵਾਂ ਵੀ ਵਿਅਕਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੱਪਣੀ ਵੀ ਚੇਤੇ ਰੱਖੀ ਗਈ ਹੈ:

ਜਦੋਂ ਜਵਾਨੀ ਦਾ ਜ਼ੋਰ ਸੀਵੇ ਜ਼ਾਲਮਾ
ਸੱਪਣੀਵਰਗੀ ਤੋਰ ਸੀਵੇ ਜ਼ਾਲਮਾ...।

ਨਾਗ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ:

ਮਾਂ ਮੇਰੀ ਨੇ ਕੁੜਤੀ ਦਿੱਤੀ/ ਕੁੜਤੀ ਨੂੰ ਲਾਈ ਜੇਬ
ਜੇਬ ਵਿੱਚ ਡੱਬੀ/ ਡੱਬੀਵਿੱਚ ਨਾਗ
ਨਾਗ ਤੋਂ ਮੈਂ ਬਚਗਈ/ ਕਿਸਗੱਭਰੂ ਦੇਭਾਗ...।

ਅਸ਼ਕੇ ਇਨ੍ਹਾਂ ਬੋਲਾਂ ਨੂੰ ਸਿਰਜਣ ਵਾਲੀਆਂ ਤੇ ਮੁੜ ਇਨ੍ਹਾਂ ਅਚੰਭਿਤ ਕਰਨ ਵਾਲੇ ਬੋਲਾਂ ਨੂੰ ਸੀਨਾ ਬਸੀਨਾ ਅੱਗੇ ਤੋਰਨ ਵਾਲਿਆਂ ਦੇ। ਲੁਕੇ-ਛਿਪੇ ਨਿੱਕੇ ਜਿਹੇ ਜ਼ਹਿਰੀ 'ਖੰਜਖਜੂਰੇ' ਨੂੰ ਵੀ ਅੱਲੜ੍ਹ ਜਿਹੀ ਕੁੜੀ ਦੇ ਲੜਾ ਦਿੱਤਾ ਹੈ ਜੋ ਮਾਂ ਨੂੰ ਦੁਹਾਈ ਪਾਉਂਦੀ ਹੈ:

ਟੁੱਟੀ ਮੰਜੀ ਵਾਣ ਪੁਰਾਣਾ/ ਪਹਿਲਾ ਈ ਪੈਰ ਧਰਿਆ ਨੀਂ ਮਾਂ
ਮੇਰੇ ਖੰਜਖਜੂਰਾ ਲੜਿਆ ਨੀਂ ਮਾਂ...।

ਲੋਕ-ਕਾਵਿ ਕਿਸੇਅਥਾਹ ਸਮੁੰਦਰ ਦੇ ਨਿਆਈਂ ਹੈ। ਇਸਵਿੱਚ ਬੇਅੰਤ ਕਾਵਿ ਰੂਪੀ ਮੋਤੀ ਛੁਪੇ ਪਏ ਹਨ ਜੋ ਇਸ ਵਿੱਚ ਜ਼ਿਹਨੀ ਟੁੱਭੀਆਂ ਮਾਰਿਆਂ ਹੀ ਲੱਭੇ ਜਾ ਸਕਦੇ ਹਨ। ਸੋਚਣਵਾਲੀ ਗੱਲ ਕਿ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਐਨਾ ਖੂਬਸੂਰਤ ਤੇ ਭਾਵਪੂਰਤ ਕਾਵਿ ਸਿਰਜਿਆ ਹੈ ਤਾਂ ਮਨੁੱਖੀ ਜੀਵਨ ਨੂੰ ਲੈ ਕੇ ਕੀ ਮਾਅਰਕੇ ਮਾਰੇ ਗਏ ਹਨ? ਇਹ ਤਾਂ ਇਸ ਨੂੰ ਪੜ੍ਹਿਆਂ-ਸੁਣਿਆਂ ਹੀ ਜਾਣਿਆ ਜਾ ਸਕਦਾ ਹੈ।


ਸੰਪਰਕ: 98728-98599


# ਵੈਨਕੂਵਰ ਦੇ 'ਕੈਨੇਡਾ ਪਲੇਸ' ਤੋਂ 'ਕਾਮਾਗਾਟਾਮਾਰੂ ਪਲੇਸ' ਬਣਨ ਤੱਕ ਦਾ ਸਫ਼ਰ

ਕੈਨੇਡਾ ਦਾ ਪ੍ਰਮੁੱਖ ਸ਼ਹਿਰ ਵੈਨਕੂਵਰ ਵਿਸ਼ਵ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿੱਚ ਦੂਜੇ ਸਥਾਨ ਤੇ ਸ਼ੁਮਾਰ ਹੈ। ਇਹ ਉਹ ਸ਼ਹਿਰ ਹੈ ਜਿੱਥੇ ਰਹਿਣ ਲਈ ਵਿਸ਼ਵ ਭਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਵਧੇਰੇ ਤਰਜੀਹ ਦਿੰਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦਾ ਸ਼ਿੰਗਾਰ ਬਣਿਆਂ ਹੋਇਆ ਹੈ ਉਕਤ ਸ਼ਹਿਰ। ਪਹਿਲਾਂ ਪਹਿਲ 20 ਵੀਂ ਸਦੀ ਦੇ ਸ਼ੁਰੂਆਤ ਵਿੱਚ ਜਦ ਕੇਵਲ ਸਮੁੰਦਰੀ ਜਹਾਜ਼ ਹੀ ਆਵਾਜਾਈ ਦਾ ਕੇਵਲ ਸਾਧਨ ਸਨ, ਤਾਂ ਉਸ ਵੇਲੇ ਪੰਜਾਬੀਆਂ ਨੇ ਜਦ ਕੈਨੇਡਾ ਦੀ ਧਰਤੀ ਵੱਲ ਨੂੰ ਚਾਲੇ ਪਾਏ ਤਾਂ ਵੈਨਕੂਵਰ ਦੀ ਬੰਦਰਗਾਹ ਹੀ ਪੰਜਾਬੀਆਂ ਦੀ ਪਹਿਲੀ ਰਿਹਾਇਸ਼ਗਾਹ ਬਣੀ। ਇਹੀ ਕਾਰਨ ਹੈ ਕਿ ਕੈਨੇਡਾ ਦੇ ਇਸ ਖਿੱਤੇ ਵਿੱਚ ਪੰਜਾਬੀਆਂ ਦੇ ਪਰਿਵਾਰ 100 ਸਾਲ ਤੋਂ ਵੀ ਉੱਪਰ ਸਮੇਂ ਤੋਂ ਏਥੇ ਰਹਿ ਰਹੇ ਹਨ।

ਹੁਣ ਗੱਲ ਹਾਂ ਵੈਨਕੂਵਰ ਦੇ ਕੈਨੇਡਾ ਪਲੇਸ ਦੀ। 'ਕੈਨੇਡਾ ਪਲੇਸ' ਨੂੰ ਵੈਨਕੂਵਰ ਦਾ ਦਿਲ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੈਨੇਡਾ ਪਲੇਸ ਸਮੁੱਚੇ ਵਿਸ਼ਵ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਕੋਈ ਵੀ ਸੈਲਾਨੀ ਬ੍ਰਿਟਿਸ਼ ਕੋਲੰਬੀਆ ਘੁੰਮਣ ਲਈ ਆਉਂਦਾ ਹੈ ਤਾਂ ਉਹ ਕੈਨੇਡਾ ਪਲੇਸ ਦੇਖੇ ਬਿਨ੍ਹਾਂ ਆਪਣੀ ਯਾਤਰਾ ਨੂੰ ਅਧੂਰੀ ਸਮਝਦਾ ਹੈ। ਕੈਨੇਡਾ ਪਲੇਸ ਵੈਨਕੂਵਰ ਦੀ ਬੁਰਾਰਡ ਸਟਰੀਟ ਤੇ ਸਥਿੱਤ ਹੈ। ਇਹ ਵੈਨਕੂਵਰ ਕਨਵੈਨਸ਼ਨ ਸੈਂਟਰ, ਪੈਨ ਪੈਸੀਫਿਕ ਵੈਨਕੂਵਰ ਹੋਟਲ, ਵੈਨਕੂਵਰ ਵਰਲਡ ਟਰੇਡ ਸੈਂਟਰ ਅਤੇ ਵਰਚੁਅਲ ਫਲਾਈਟ ਰਾਈਡ-ਫਲਾਈਓਵਰ ਦਾ ਸਾਂਝਾ ਕੇਂਦਰ ਹੈ। ਕੈਨੇਡਾ ਪਲੇਸ ਦਾ ਬਾਹਰੀ ਹਿੱਸਾ ਫੈਬਰਿਕ ਛੱਤਾਂ ਨਾਲ ਢਕਿਆ ਹੋਇਆ ਹੈ। ਇਹ ਮੁੱਖ ਕਰੂਜ਼ ਸ਼ਿਪ ਟਰਮੀਨਲ ਵੀ ਹੈ, ਜਿੱਥੋਂ ਅਮਰੀਕਾ ਦਾ ਰੌਸ਼ਨੀਆਂ ਦੇ ਸ਼ਹਿਰ ਅਲਾਸਕਾ ਲਈ ਕਰੂਜ਼ ਚੱਲਦੇ ਹਨ। ਕੈਨੇਡਾ ਪਲੇਸ ਦੇ ਨਿਰਮਾਣ ਅਤੇ ਇਸਦੀ ਬਣਤਰ ਵੱਲ ਦੇਖੀਏ ਤਾਂ ਇਸਨੂੰ ਆਰਕੀਟੈਕਟ ਜ਼ੇਡਲਰ ਰਾਬਰਟਸ ਦੀ ਭਾਈਵਾਲੀ ਵਾਲੀ ਕੰਪਨੀ ਵਲੋਂ ਮਸਨ ਕੈਟੇਲ ਮੈਕੀ ਅਤੇ ਡੀ ਏ ਆਰਕੀਟੈਕਟ ਦੁਆਰਾ ਸਾਂਝੇ ਉੱਦਮ ਸਦਕਾ ਡਿਜ਼ਾਇਨ ਕੀਤਾ ਗਿਆ ਸੀ। ਇਸਦਾ ਨਿਰਮਾਣ 9 ਮਾਰਚ ਸੰਨ੍ਹ 1983 ਤੋਂ ਸ਼ੁਰੂ ਹੋ ਕੇ ਦਸੰਬਰ ਸੰਨ੍ਹ 1985 ਤੱਕ ਚੱਲਿਆ। ਇਸਨੂੰ 2 ਮਈ 1986 ਵਿੱਚ ਆਮ ਲੋਕਾਂ ਲਈ ਖੋਲਿਆ ਗਿਆ। ਮੁੜ 2011 ਵਿੱਚ ਇਸਦੀ ਮੁਰੰਮਤ ਦਾ ਕੰਮ ਕੀਤਾ ਗਿਆ। ਇਸਦੇ ਕੁੱਲ ਨਿਰਮਾਣ ਉੱਪਰ ਕਰੀਬ 400 ਮਿਲੀਅਨ ਡਾਲਰ ਦਾ ਲਾਗਤ ਆਈ ਦੱਸੀ ਜਾਂਦੀ ਹੈ। ਇਹ ਸਥਾਨ ਵੈਨਕੂਵਰ ਡਾਊਨ ਟਾਊਨ ਦੇ ਸਭ ਤੋਂ ਭੀੜ ਭੜੱਕੇ ਵਾਲੇ ਵਾਟਰ ਫਰੰਟ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਹੈ। ਇਹ ਉਹੀ ਸਟੇਸ਼ਨ ਹੈ ਜੋ ਸਕਾਈ ਟਰੇਨ, ਸੀ ਬੱਸ (ਪਾਣੀ ਵਾਲੀ ਬੱਸ) ਅਤੇ ਵੈਸਟ ਕੋਸਟ ਐਕਸਪਰੈੱਸ ਦਾ ਮੁੱਖ ਕੇਂਦਰ ਹੈ। ਇਸਨੂੰ ਮੁੱਖ ਰੂਪ ਵਿੱਚ ਪੈਸੀਫਿਕ ਓਸ਼ਨ (ਸਮੁੰਦਰ) ਰਾਹੀਂ ਹੋਰਨਾਂ ਮੁਲਕਾਂ ਨਾਲ ਸਮੁੰਦਰੀ ਰਸਤੇ ਵਪਾਰ ਕਰਨ ਲਈ ਬਣਾਇਆ ਗਿਆ ਸੀ। ਇਸਦੀ ਉਸਾਰੀ ਮੌਕੇ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈੱਥ ਦੂਜੀ, ਕੈਨੇਡਾ ਦੇ ਪ੍ਰਧਾਨ ਮੰਤਰੀ ਪੀ ਆਰ ਏ ਟਰੂਡੋ ਅਤੇ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਵਿਲੀਅਮ ਆਰ ਬੈਨੇਟ ਵਿਸ਼ੇਸ਼ ਤੌਰ ਤੇ ਪਹੁੰਚੇ ਸਨ। ਸੰਨ੍ਹ 2010 ਦੀਆਂ ਉਲੰਪਿਕ ਖੇਡਾ ਦੌਰਾਨ ਕੈਨੇਡਾ ਪਲੇਸ ਨੂੰ ਮੁੱਖ ਪ੍ਰੈੱਸ ਕੇਂਦਰ ਵਜੋਂ ਵੀ ਵਰਤਿਆ ਗਿਆ ਸੀ। ਕੈਨੇਡਾ ਪਲੇਸ ਵਿਚਲਾ ਫਲਾਈਓਵਰ ਵੀ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਲਈ ਇੱਕ ਅਭੁੱਲ ਯਾਦ ਹੁੰਦਾ ਹੈ। ਇਸ ਵਿੱਚ ਸੈਲਾਨੀਆਂ ਨੂੰ ਕੁਰਸੀਆਂ ਦੇ ਬਿਠਾ ਕੇ ਸਕਰੀਨ ਦੇ ਜ਼ਰੀਏ ਸਾਰੀ ਕੈਨੇਡਾ ਦੀ ਸੈਰ ਕਰਵਾਈ ਜਾਂਦੀ ਹੈ। ਇਸਨੂੰ ਵਰਚੁਅਲ ਰਾਈਡ ਕਿਹਾ ਜਾਂਦਾ ਹੈ। ਇਸ ਰਾਈਡ ਦੌਰਾਨ ਸੈਲਾਨੀਆਂ ਨੂੰ ਬਰਫ਼, ਪਾਣੀ ਦੀਆਂ ਬੁਛਾੜਾਂ, ਫਸਲਾਂ ਦੀ ਹੋਂਦ ਦਾ ਅਹਿਸਾਸ ਜਾਂ ਹਰ ਤਰ੍ਹਾਂ ਦੀ ਗੰਧ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਏਥੋਂ ਹੀ ਬ੍ਰਿਟਿਸ਼ ਕੋਲੰਬੀਆ ਦੇ ਹੋਰ ਪਹਾੜੀ ਸ਼ਹਿਰਾਂ ਕੈਲੋਨਾ, ਸਕੈਮਿਸ਼, ਵਿਸਲਰ ਜਾਂ ਵਿਕਟੋਰੀਆ ਵੱਲ ਨੂੰ ਛੋਟੇ ਹਵਾਈ ਜਹਾਜ ਵੀ ਉਡਾਣ ਭਰਦੇ ਹਨ। ਇਹਨਾਂ ਛੋਟੇ ਹਵਾਈ ਜਹਾਜਾਂ ਦੀ ਖਾਸੀਅਤ ਇਹ ਹੈ ਕਿ ਇਹ ਪਾਣੀ ਵਿੱਚ ਤੈਰਕੇ ਹੀ ਅਸਮਾਨ ਵੱਲ ਨੂੰ ਉਡਾਣ ਭਰਦੇ ਹਨ। ਇਸੇ ਪਲੇਸ ਦੇ ਨੇੜੇ ਹੀ ਸਮੁੰਦਰ ਵਿੱਚ ਸ਼ੈਵਰਲਿੱਟ ਕੰਪਨੀ ਵਲੋਂ ਪੈਟਰੋਲ ਪੰਪ ਵੀ ਲਗਾਇਆ ਹੋਇਆ ਹੈ, ਜੋ ਬਿਲਕੁਲ ਚਾਰੇ ਪਾਸਿਉਂ ਪਾਣੀ ਵਿੱਚ ਘਿਰਿਆ ਹੋਇਆ ਹੈ।

ਸਰੋਕਾਰ
-ਗੁਰਪ੍ਰੀਤ ਸਿੰਘ ਤਲਵੰਡੀ
778-980-9196







ਕੈਨੇਡਾ ਪਲੇਸ ਉਸ ਹਰਬਰ ਪੋਰਟ ਤੇ ਸਥਿੱਤ ਹੈ ਜਿੱਥੇ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ ਆ ਕੇ ਖੜਾ ਸੀ। ਉਸ ਵਕਤ ਗੋਰੀ ਸਰਕਾਰ ਵਲੋਂ ਇਸ ਜਹਾਜ ਦੇ ਸਾਰੇ ਹੀ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਰੱਖਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਇਹ ਜਹਾਜ ਕਰੀਬ ਦੋ ਕੁ ਮਹੀਨੇ ਬਾਅਦ ਵਾਪਸ ਭਾਰਤ ਵੱਲ ਨੂੰ ਰਵਾਨਾਂ ਕਰਨਾਂ ਪਿਆ। ਉੱਥੇ ਜਾ ਕੇ ਬਜ ਬਜ ਘਾਟ ਵਿਖੇ ਗੋਲੀ ਚਲਾ ਕੇ ਇਸਦੇ ਕੁੱਝ ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਕੁੱਝ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ। ਇਸ ਜਹਾਜ਼ ਵਿੱਚ ਕੁੱਲ 376 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਸਨ। ਹੁਣ ਦੀਆਂ ਕੈਨੇਡੀਅਨ ਸਰਕਾਰਾਂ ਪੰਜਾਬੀਆਂ ਦਾ ਕੈਨੇਡਾ ਦੀ ਧਰਤੀ ਨੂੰ ਹਰ ਪੱਖੋਂ ਵਿਕਾਸ ਦੀਆਂ ਲੀਹਾਂ ਤੇ ਲਿਜਾਣ ਲਈ ਮਾਣ ਕਰਦੀਆਂ ਰਹੀਆਂ ਹਨ। ਕਾਮਾਗਾਟਾਮਾਰੂ ਯਾਤਰੀਆਂ ਨਾਲ ਹੋਈ ਜਿਆਦਤਾਈ ਕਾਰਨ ਕੈਨੇਡੀਅਨ ਪਾਰਲੀਮੈਂਟ ਵਿੱਚ ਜਨਤਕ ਮੁਆਫ਼ੀ ਵੀ ਮੰਗੀ ਜਾ ਚੁੱਕੀ ਹੈ। ਪੋਰਟ ਹਰਬਰ ਤੇ ਇੱਕ ਵਿਸੇਸ਼ ਪਾਰਕ ਬਣਾਕੇ ਕਾਮਾਗਾਟਾਮਾਰੂ ਦੀ ਯਾਦ ਨੂੰ ਸਦੀਵੀ ਕਾਇਮ ਰੱਖਣ ਲਈ ਯਤਨ ਵੀ ਕੀਤੇ ਗਏ ਹਨ। ਇਸ ਪਾਏ ਕੰਮ ਕਰ ਰਹੀ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਉੱਦਮ ਸਦਕਾ ਸਰੀ ਅਤੇ ਐਬਟਸਫੋਰਡ ਦੀਆਂ ਕਈ ਸੜਕਾਂ ਦਾ ਨਾਮ ਵੀ ਕਾਮਾਗਾਟਾਮਾਰੂ ਦੇ ਨਾਮ ਤੇ ਰੱਖਿਆ ਗਿਆ ਹੈ। ਕੁੱਝ ਦਿਨ ਪਹਿਲਾਂ ਵੈਨਕੂਵਰ ਸਿਟੀ ਕੌਂਸਲ ਵਲੋਂ ਮੇਅਰ ਕੈਨ ਸਿੰਮ ਵਲੋਂ ਬਕਾਇਆ ਮਤਾ ਪਾਸ ਕਰਦਿਆਂ ਕੈਨੇਡਾ ਪਲੇਸ ਦਾ ਦੂਸਰਾ ਨਾਮ ਕਾਮਾਗਾਟਾਮਾਰੂ ਪਲੇਸ ਰੱਖਿਆ ਗਿਆ। ਜੋ ਪੰਜਾਬੀਆਂ ਲਈ ਵੱਡੀ ਮਾਣ ਵਾਲੀ ਗੱਲ ਹੈ। ਇਸ ਵੱਡੀ ਪ੍ਰਾਪਤ ਲਈ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਸ: ਰਾਜ ਸਿੰਘ ਤੂਰ ਦਾ ਯੋਗਦਾਨ ਕਾਬਲੇ ਤਾਰੀਫ਼ ਹੈ, ਜੋ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰ ਬਾਬਾ ਪੂਰਨ ਸਿੰਘ ਜਨੇਤਪੁਰਾ ਦੇ ਪੋਤਰੇ ਹਨ। ਜਿਲ੍ਹਾ ਲੁਧਿਆਣਾਂ ਦੀ ਤਹਿਸੀਲ ਜਗਰਾਉਂ ਨੇੜਲੇ ਪਿੰਡ ਜਨੇਤਪੁਰਾ ਦੇ ਵਸਨੀਕ ਬਾਬਾ ਪੂਰਨ ਸਿੰਘ ਜਨੇਤਪੁਰਾ ਖੁਦ ਉਸ ਵੇਲੇ ਉਚੇਰੀ ਪੜਾਈ ਲਈ ਕੈਨੇਡਾ ਪਹੁੰਚ ਰਹੇ ਸਨ।

ਵੈਨਕੂਵਰ ਦੇ ਕੈਨੇਡਾ ਪਲੇਸ ਦਾ ਸੈਕੰਡਰੀ ਨਾਮ ਕਾਮਾਗਾਟਾਮਾਰੂ ਪਲੇਸ ਰੱਖਣ ਦੀ ਵੱਡੀ ਪ੍ਰਾਪਤੀ ਬਾਰੇ ਗੱਲਬਾਤ ਕਰਦਿਆਂ ਉੱਘੇ ਪੰਜਾਬੀ ਲੇਖਕ, ਪੱਤਰਕਾਰ ਤੇ ਚਿੰਤਕ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹਾ ਹੋਣ ਨਾਲ ਪੰਜਾਬੀਆਂ ਦੇ ਸੰਘਰਸ਼ ਦਾ ਇੱਕ ਅਹਿਮ ਪੰਨਾਂ ਅੰਤਰਰਾਸਟਰੀ ਪੱਧਰ ਤੇ ਹੋਰਨਾਂ ਕੌਮਾਂ ਲਈ ਵੀ ਖਿੱਚ ਦਾ ਕੇਂਦਰ ਬਣੇਗਾ, ਕਿਉਂਕਿ ਕਾਮਾਗਾਟਾਮਾਰੂ ਸਾਕਾ ਹੁਣ ਕੈਨੇਡਾ ਦੇ ਇਤਿਹਾਸਕ ਅਜੂਬੇ ਨਾਲ ਪੱਕੇ ਤੌਰ ਤੇ ਜੁੜ ਚੁੱਕਾ ਹੈ, ਸਾਡੀਆਂ ਆਉਣ ਵਾਲੀਆਂ ਪੀੜੀਆਂ ਇਸ ਤੇ ਮਾਣ ਮਹਿਸੂਸ ਕਰ ਸਕਣਗੀਆਂ।

ਵੈਨਕੂਵਰ (ਕੈਨੇਡਾ)

# ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ

ਓਹ ਵੇਲਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ
403-590-9629



ਜਿੰਨ੍ਹਾਂ ਨੂੰ ਜਾਇਆਂ ਸੀ ਜਾਨ ਤੋਂ ਪਿਆਰਿਆਂ ਦੇ ਵਾਂਗ,
ਓਹੀ? ਹੱਥਾਂ ਵਿੱਚੋਂ ਉੱਡ ਗਏ ਗੁਬਾਰਿਆਂ ਦੇ ਵਾਂਗ।
ਜਦੋਂ ਤਾਹਨਿਆਂ ਉਲਾਹਮਿਆਂ ਦੇ ਵਹਿਣ ਤੇਜ਼ ਹੋਏ,
ਅਸੀਂ ਦੂਰ ਦੂਰ ਹੋ ਗਏ ਕਿਨਾਰਿਆਂ ਦੇ ਵਾਂਗ।

(ਜ ਸਿੰਘ ਸ਼ਾਦ)

ਸਾਡੇ ਮੁੱਠੀ-ਬੰਦ ਪਰਿਵਾਰਾਂ ਵਿੱਚ ਮਾਪੇ ਅਤੇ ਉਲਾਦ ਦੀ ਆਪਸੀ ਸਾਂਝ ਹੁਣ ਤੱਕ ਦੁਵੱਲੀ ਹੀ ਨਿਭਦੀ ਰਹੀ ਹੈ। ਬੱਚੇ, ਜਿਸ ਨੂੰ ਅਸੀਂ ਜੱਗ ਵਿੱਚ ਸੀਰ ਆਖਦੇ ਹਾਂ, ਸਾਡੇ ਜਹਾਨੋਂ ਤੁਰ ਜਾਣ ਪਿੱਛੋਂ ਸਾਡਾ ਬਚਦਾ ਨਿਸ਼ਾਨ, ਸਾਡਾ ਨਾਮ ਜਾਂ ਬਚਦਾ ਹਿੱਸਾ ਕਹੇ ਜਾ ਸਕਦੇ ਹਨ। ਜਿਵੇਂ ਇੱਕ ਬੀਜ ਨੂੰ ਧਰਤੀ ਹੇਠਲਾ ਹਨੇਰਾ, ਤਪਸ਼, ਗਰਮੀ, ਅਤੇ ਸਲਾਭਾ ਜਰਨਾ ਹੁੰਦਾ ਹੈ, ਫੇਰ ਦੋ ਕੋਮਲ ਪੱਤੀਆਂ ਨਿਕਲ ਕੇ ਪੂਰਾ ਬੂਟਾ ਜਾਂ ਰੁੱਖ ਬਣਦਾ ਹੈ, ਉਵੇਂ ਹੀ ਮਨੁੱਖਾ ਨਸਲ ਦੇ ਮਾਪੇ ਇਹ ਸਭ ਕੁੱਝ ਜਰ ਕੇ ਕੁੱਝ ਰਾਤਾਂ ਝਾਗ ਕੇ ਦੁੱਖ ਦਰਦ ਸਹਿ ਕੇ ਇੱਕ ਆਲੇ ਭੋਲੇ ਬੱਚੇ ਨੂੰ ਸਿਲਤ ਤੋਂ ਸ਼ਤੀਰ ਤੱਕ ਅਪੜਾ ਦੇਣ ਦੀ ਪੂਰੀ ਵਾਹ ਲਾ ਦਿੰਦੇ ਹਨ। ਇਸ ਸਭ ਕੁਰਬਾਨੀ ਦਾ ਕੋਈ ਅਹਿਸਾਨ ਨਹੀਂ ਹੁੰਦਾ, ਕੋਈ ਕਰਜ਼ ਨਹੀਂ ਹੁੰਦਾ। ਸੁਖਵਿੰਦਰ ਅੰਮ੍ਰਿਤ ਲਿਖਦੀ ਹੈ -' ਨਾ ਲੋਰੀ ਮੁੱਲ ਵਿਕਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ'। ਬੱਚੇ ਦੇ ਪਲਦੇ ਮੂੰਹ ਨਾਲ ਹੀ ਮਾਪਿਆਂ ਦੀ ਕਲਪਣਾ ਭਵਿੱਖ ਸਿਉ ਲੈਣ ਦੇ ਸੁਪਨੇ ਸਿਰਜਦੀ ਹੈ। ਪਰ ਸਾਡੇ ਦੇਖਦੇ ਹੀ ਇਸ ਦਾ ਸੰਘਣਾਪਣ ਲੰਘਦੇ ਪਲਾਂ ਨਾਲ ਹੀ ਪੇਤਲਾ ਹੁੰਦਾ ਵੇਖਦੇ ਹਾਂ। ਕਿਹਾ ਜਾਂਦਾ ਹੈ ਮਾਪੇ ਕੁਮਾਪੇ ਨਹੀਂ ਹੁੰਦੇ ਪੁੱਤਰ ਕਪੁੱਤਰ ਹੋ ਜਾਂਦੇ ਹਨ। ਅਸੀਂ ਆਪਣੇ ਮਾਪਿਆਂ ਦਾ ਹੁਕਮ ਸਿਰ ਨਿਵਾ ਕੇ ਮੰਨਦੇ ਰਹੇ, ਹੁਣ ਸਾਡੇ ਬੱਚੇ ਅੱਖਾਂ ਵਿਖਾ ਕੇ ਹੁਕਮ ਮਨਾ ਰਹੇ ਹਨ। ਰਿਸ਼ਤਿਆਂ ਵਿਚਲਾ ਇਹ ਅਸਾਵਾਂਪਣ ਸਾਡੀ ਪੀੜ੍ਹੀ ਨੂੰ ਹਜ਼ਮ ਨਹੀਂ ਹੋ ਰਿਹਾ।



ਸਾਡੀ ਭਾਵੁਕ ਪਹੁੰਚ ਹੁਣ ਦੀ ਗਰਜ਼ਾਂ ਦੀ ਮੋਚ ਪਲਦੀ ਸਾਂਝ ਵਿਚਲੀ ਖਾਈ ਦਿਨੋ-ਦਿਨ ਵਧ ਰਹੀ ਹੈ। ਉਮਰ, ਸਮਾਜ ਜਾਂ ਮਾਪਿਆ ਦਾ ਡਰ ਮਨਫ਼ੀ ਹੋ ਗਿਆ ਹੈ। ਇਨ੍ਹਾਂ ਨੇ ਹੱਕ ਹੀ ਜਾਣੇ ਹਨ, ਫ਼ਰਜ਼ਾਂ ਦਾ ਪੰਨਾ ਮੋਟ ਧਰਿਆ ਹੈ।

ਮਿਲੀ ਆਜ਼ਾਦੀ ਦੀ ਦੁਰਵਰਤੋਂ, ਨਿੱਜਮੁਖੀ ਅਤੇ ਕਾਨੂੰਨੀ ਦਖਲ ਨੇ ਸਾਂਝਾਂ ਦਾ ਰੁਖ ਹੀ ਬਦਲ ਦਿੱਤਾ ਹੈ। ਸਮਝ ਬੜੀ ਦੇਰ ਪਿੱਛੋਂ ਆਉਂਦੀ ਹੈ ਜਦ ਪਤਾ ਲੱਗਦਾ ਹੈ ਕਿ ਪੈਸੇ ਕਮਾਏ ਤੋਂ ਪਤਾ ਲੱਗਿਆ ਕਿ ਸ਼ੌਕ ਤਾਂ ਮਾਪਿਆਂ ਦੇ ਪੈਸੇ ਨਾਲ ਹੀ ਪੂਰੇ ਹੋ ਰਹੇ ਸਨ, ਆਪਣੀ ਕਮਾਈ ਨਾਲ ਤਾਂ ਬੱਸ ਜ਼ਰੂਰਤਾਂ ਹੀ ਪੂਰੀਆਂ ਕਰਦੇ ਹਾਂ। ਵਸਤਾਂ ਦੀ ਤਰਜੀਹ ਨੇ ਰਿਸ਼ਤੇ ਮਧੋਲ ਧਰੇ ਹਨ। ਵਰਤਮਾਨ ਹੀ ਜਿਊਣ ਦੀ ਲਾਲਸਾ ਨੇ ਬਜ਼ੁਰਗਾਂ ਦੀ ਨਕਦਰੀ ਪਾਲੀ ਹੈ।' ਵਰਤੋ ਤੇ ਸਿੱਟੋ'ਦੀ ਨੀਤੀ ਨੇ ਕਾਹਲ ਵਸ ਕਈ ਕੁੱਝ ਮੇਟ ਲਿਆ ਹੈ। ਠੀਕ ਹੀ ਸੁਣਿਆ ਹੈ 'ਦੁੱਧ ਨਾਲ ਪੁੱਤ ਪਾਲ ਕੇ ਪਾਣੀ ਨੂੰ ਤਰਸਦੀਆਂ ਮਾਵਾਂ' ਦੀ ਗਿਣਤੀ ਵਧ ਰਹੀ ਹੈ। ਮਾਪਿਆਂ ਨੇ ਮੋਹ ਵਸ ਆਪਣਾ ਸਭ ਕੁਛ ਢੇਰੀ ਕਰ ਦਿੱਤਾ ਹੈ। ਇਸੇ ਨਾਲ ਇਸ ਪੀੜ੍ਹੀ ਦੀ ਨੀਅਤ ਵਿੱਚ ਖੋਟ ਆ ਰਲੀ ਹੈ। ਨਰਿੰਦਰ ਸਿੰਘ ਕਪੂਰ ਨੇ ਲਿਖਿਆ ਹੈ,'ਇਨ੍ਹਾਂ ਨੂੰ ਏਨਾ ਘੱਟ ਨਾ ਦੇ ਕੇ ਜਾ? ਕਿ ਕੁੱਝ ਕਰ ਹੀ ਨਾ ਸਕਣ ਅਤੇ ਏਨਾ ਜ਼ਿਆਦਾ ਵੀ ਨਾ ਦਿ? ਕਿ ਕਰਨ ਹੀ ਕੁੱਝ ਨਾ'। ਪੰਛੀ ਆਲ੍ਹਣਾ ਪਾ ਕੇ ਢਾਹ ਦਿੰਦੇ ਹਨ ਪਰ ਮਨੁੱਖ ਸਾਰੀ ਉਮਰ ਇੱਟ ਤੇ ਇੱਟ ਧਰਦਾ ਅਗਲੀ ਪੀੜ੍ਹੀ ਦੀ ਚਿੰਤਾ ਵਿਚ ਹੀ ਜੂਨ ਕਢਦਾ ਹੈ।

ਪ੍ਰਸਿੱਧ ਰਾਜਨੀਤੀਵੇਤਾ ਚਾਣੱਕਯਾ ਨੇ 2,300 ਸਾਲ ਪਹਿਲਾਂ ਇੱਕ ਸਬਕ ਦਿੱਤਾ ਸੀ ਕਿ ਬੱਚੇ ਨੂੰ ਦੋ ਤੋਂ ਪੰਜ ਸਾਲ ਤੱਕ ਪੂਰਾ ਲਾਡ ਦਿਓ, 5 ਤੋਂ 11 ਸਾਲ ਤੱਕ ਪੂਰੀ ਘੂਰ ਹੇਠ ਰੱਖੋ, ਫਿਰ ਦੋਸਤੀ ਨਾਲ ਨਿਭੋ। ਹੁਣ ਇਹ ਰਿਸ਼ਤਾ ਕੁੱਝ ਸਾਲਾਂ ਦਾ ਹੀ ਰਹਿ ਗਿਆ ਹੈ। ਬੱਚੇ ਵੀ ਪਰਿੰਦਿਆਂ ਵਰਗੇ ਹੋ ਗਏ, ਨਾਲ ਰਹਿ ਕੇ ਵੱਡੇ ਹੁੰਦੇ ਹਨ ਵੱਡੇ ਹੋ ਕੇ ਉੱਡ ਜਾਂਦੇ ਹਨ। ਜੇ ਕਿਤੇ ਬੱਚਾ ਬੀਮਾਰ ਹੋ ਕੇ ਵਿਲਕਦਾ ਹੈ, ਪੂਰੀ ਇਮਾਰਤ ਨੂੰ ਪਤਾ ਹੁੰਦਾ ਹੈ , ਪਰ ਮਾਪੇ ਰੋਂਦੇ ਹਨ ਤਾਂ ਕੋਲ ਬੈਠੀ ਉਲਾਦ ਨੂੰ ਪਤਾ ਨਹੀਂ ਲੱਗਦਾ। ਕਿਹਾ ਜਾਂਦਾ ਹੈ ਇਹ ਮਲੂਕ ਰਿਸ਼ਤਾ ਹੈ, ਜੇ ਘੁੱਟ ਕੇ ਫੜਾਂਗੇ ਤਾਂ ਦਮ ਘੁੱਟ ਕੇ ਮਰ ਜਾਣਗੇ, ਜੇ ਖੁੱਲ੍ਹੇ ਛੱਡਾਂਗੇ ਤਾਂ ਉੱਡ ਜਾਣਗੇ।

ਇਸ ਸਾਂਝ ਵਿਚਲੇ ਪੀੜ੍ਹੀ-ਪਾੜੇ ਦੀਆਂ ਪਲਦੀਆਂ ਕਹਾਣੀਆਂ ਸੋਸ਼ਲ ਮੀਡੀਆ ਨਿੱਤ ਖਿਲਾਰ ਰਿਹਾ ਹੈ, ਪਰ ਅਸੀਂ ਹੋਈਆਂ-ਬੀਤੀਆਂ ਤੋਂ ਨਹੀਂ ਸਿਖਦੇ। ਸਭ ਨੂੰ ਆਪਣੇ ਬੱਚੇ ਵਧੀਆ ਨਿਭਣ ਵਾਲੇ ਹੀ ਲੱਗਦੇ ਹਨ। ਇਕ ਘਟਨਾ ਦਾ ਉਲੇਖ ਹੈ - ਇੱਕ ਵਾਰ ਇੱਕ ਪਿਤਾ ਆਪਣੀ ਛੋਟੀ ਧੀ ਨਾਲ ਪੁਲ ਪਾਰ ਕਰ ਰਿਹਾ ਸੀ। ਪਿਤਾ ਨੇ ਧੀ ਨੂੰ ਕਿਹਾ,'ਮੇਰਾ ਹੱਥ ਫੜ ਲੈ, ਆਪਾਂ ਪਾਰ ਹੋ ਜਾਵਾਂਗੇ'। ਧੀ ਨੇ ਕਿਹਾ,'ਤੁਸੀਂ ਮੇਰਾ ਹੱਥ ਫੜੋ'।

ਪਿਤਾ ਨੇ ਫਿਰ ਕਿਹਾ,'ਕੀ ਇਹ ਇੱਕੋ ਗੱਲ ਨਹੀਂ'? ਧੀ ਨੇ ਕਿਹਾ,'ਸਾਡੀ ਪੀੜ੍ਹੀ ਮੁਸੀਬਤ ਸਮੇਂ ਹੱਥ ਛੱਡ ਜਾਂਦੀ ਹੈ ਪਰ ਪਿਤਾ ਆਪਣੀ ਜਾਨ ਤੇ ਖੇਡ ਕੇ ਵੀ ਨਾਲ ਨਿਭਦੇ ਹਨ'। ਇਉਂ ਦੋ ਪੀੜ੍ਹੀਆਂ ਦੀ ਸੋਚ ਨਿਤਰਦੀ ਹੈ। ਅਸਲ ਵਿੱਚ ਦਿਸਦੇ ਜਗਤ ਦੀ ਪਕੜ ਭਾਰੂ ਹੋ ਕੇ ਅੰਦਰਲੀ ਦੁਨੀਆਂ ਨੂੰ ਮੇਟਦੀ ਹੈ। ਇਸ ਵਿੱਚ ਸਾਡੀ ਪੀੜ੍ਹੀ ਦਾ ਕਸੂਰ ਹੈ ਜੋ ਆਪਣੇ ਲਈ ਜਿਉਂ ਕੇ ਹੀ ਨਹੀਂ ਦੇਖਦੇ ਰਹੇ। ਹੁਣ ਸੋਚ ਬਦਲਣ ਦੀ ਲੋੜ ਹੈ। ਵਾਰ ਵਾਰ ਨਸੀਹਤ ਕੀਤੀ ਜਾਂਦੀ ਹੈ ਕਿ ਤੁਹਾਡੇ ਪਹਿਲੇ ਸਾਹ ਵੇਲੇ ਇਹ ਮਾਪੇ ਕੋਲ ਸਨ, ਤੁਸੀਂ ਇਨ੍ਹਾਂ ਦੇ ਆਖਰੀ ਸਾਹਾਂ ਤੇ ਕੋਲ ਹੋਣ ਦਾ ਯਤਨ ਕਰੋ। ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ।

# ਐਵੇਂ ਨਾ ਸਹਾਰੇ ਲੱਭਦੇ ਰਿਹਾ ਕਰੋ

ਢਿੱਗੀ ਢਾਹ ਬੈਠਦੇ ਹਾਂ ਤੇ ਦੂਜਿਆਂ ਤੋਂ ਸਹਾਰੇ ਦੀ ਉਮੀਦ ਕਰਨ ਲੱਗਦੇ ਹਾਂ। ਬੰਦਾ ਅਪੰਗ ਸਰੀਰ ਤੋਂ ਨਹੀਂ ਸੋਚ ਤੋਂ ਹੁੰਦਾ ਹੈ। ਅਰੁਨਿਮਾ ਵਰਗੀਆਂ ਔਰਤਾਂ ਅਪੰਗ ਹੋਣ ਦੇ ਬਾਵਜੂਦ ਮਾਊਂਟ ਐਵਰੈਸਟ ਨੂੰ ਸਰ ਕਰ ਸਕਦੀਆਂ ਨੇ ਤਾਂ ਅਸੀਂ ਕਿਉਂ ਨਹੀਂ?

ਇਸ ਲਈ ਦੋਸਤੋ, ਆਓ, ਆਪਣੇ ਸੰਕਲਪ ਅਤੇ ਕਰਮ ਨਾਲ ਖ਼ੁਦ ਨੂੰ ਨਵੀਂ ਪਛਾਣ ਦੇਈਏ। ਆਸਰੇ ਭਾਲਣ ਦੀ ਬਜਾਏ ਦੂਜਿਆਂ ਨੂੰ ਆਸਰਾ ਦੇਣ ਵਾਲੇ ਬਣੀਏ। ਇਸ ਨਾਲ ਮਨ ਅੰਦਰ ਖ਼ੁਸ਼ੀਆਂ ਦੀਆਂ ਨਵੀਆਂ ਕਰੂੰਬਲਾਂ ਫੁੱਟ ਪੈਣਗੀਆਂ ਤੇ ਅਸੀਂ ਆਪਣੇ ਅੰਦਰ ਅਪਾਰ ਸੰਤੁਸ਼ਟੀ ਮਹਿਸੂਸ ਕਰਨ ਲੱਗਾਂਗੇ। ਹੌਸਲਾ ਨਾ ਕਰਨ ਵਾਲੇ ਤੇ ਦੂਸਰਿਆਂ ਦੇ ਸਹਾਰੇ ਰਹਿਣ ਵਾਲੇ ਲੋਕ ਆਪਣੇ ਮਨ ਵਿੱਚ ਕਲਪਨਾ ਕਰਕੇ ਤਸਵੀਰਾਂ ਖਿੱਚਣ ਦੇ ਯੋਗ ਨਹੀਂ ਹੁੰਦੇ ਬਲਕਿ ਉਹ ਆਪਣੇ ਅੰਦਰ ਕੇਵਲ ਆਦਰਸ਼ ਦੀ ਧੁੰਦਲੀ ਤਸਵੀਰ ਹੀ ਖਿੱਚ ਸਕਦੇ ਹਨ। ਆਪਣੀ ਸਮਰੱਥਾ ਦੇ ਅਨੁਸਾਰ ਸਾਰੇ ਕੰਮ ਆਪ ਹੀ ਕਰੋ। ਐਵੇਂ ਨਾ ਦੂਜਿਆਂ ਤੋਂ ਸਹਾਰੇ ਲੱਭਦੇ ਰਿਹਾ ਕਰੋ। ਆਪਣੇ ਸਿਰ ਦੀਆਂ ਉਲਝਣਾਂ ਖ਼ੁਦ ਹੀ ਸੁਲਝਾ ਲੈਣੀਆਂ ਚਾਹੀਦੀਆਂ ਹਨ, ਸਹਾਰਾ ਦੇਣ ਵਾਲੇ ਤਾਂ ਕੰਧੇ ਦੀ ਕੀਮਤ ਵੀ ਵਸੂਲ ਕਰਦੇ ਰਹਿੰਦੇ ਹਨ। ਇਸ ਲਈ ਆਪਣੇ-ਆਪ 'ਤੇ ਭਰੋਸਾ ਕਰਨ ਦਾ ਹੁਨਰ ਸਿੱਖ ਲਓ ਕਿਉਂਕਿ ਸਹਾਰੇ ਕਿੰਨੇ ਵੀ ਸੱਚੇ ਹੋਣ, ਇੱਕ ਦਿਨ ਸਾਥ ਛੱਡ ਹੀ ਜਾਂਦੇ ਹਨ ਜਾਂ ਸਾਰੀ ਉਮਰ ਮਿਹਣੇ ਹੀ ਮਾਰਦੇ ਹਨ। ਤੁਹਾਡੀ ਹਿੰਮਤ ਤੋਂ ਵਧੀਆ, ਤੁਹਾਡਾ ਕੋਈ ਸਹਾਰਾ ਨਹੀਂ ਹੋ ਸਕਦਾ। ਜ਼ਿੰਦਗੀ ਵਿੱਚ ਜੇਕਰ ਖ਼ੁਸ਼ ਰਹਿਣਾ ਹੈ ਤਾਂ ਸਹਾਰੇ ਲੱਭਣੇ ਬੰਦ ਕਰ ਦਿਓ ਤੇ ਹਿੰਮਤ ਦਾ ਪੱਲਾ ਫੜ ਲਓ। ਤੁਹਾਡੇ ਵਿੱਚ ਅਨੋਖੀਆਂ ਸ਼ਕਤੀਆਂ ਹਨ, ਇਨ੍ਹਾਂ ਨੂੰ ਜਗਾਓ ਤੇ ਵਰਤੋ। ਆਪਣੀ ਖ਼ੁਸ਼ੀ ਲਈ ਪੂਰੀ ਤਰ੍ਹਾਂ ਕਦੇ ਵੀ ਦੂਜਿਆਂ 'ਤੇ ਨਿਰਭਰ ਨਾ ਕਰੋ। ਸਵੈ-ਚਿੰਤਨ ਕਰਕੇ ਵੇਖੋ ਕਿ ਤੁਹਾਨੂੰ ਆਪਣੇ ਕੰਮ ਲਈ ਆਪਣੇ ਅੰਦਰ ਕਿਹੋ ਜਿਹੇ ਬਦਲਾਅ ਦੀ ਜ਼ਰੂਰਤ ਹੈ। ਉਨ੍ਹਾਂ ਤਬਦੀਲੀਆਂ ਨੂੰ ਲਿਆ ਕੇ ਕੰਮ ਸ਼ੁਰੂ ਕਰੋ ਤੇ ਮੁਸਕਰਾਹਟਾਂ ਨੂੰ ਆਪਣੇ ਵੱਸ ਵਿੱਚ ਕਰ ਲਓ। ਜੇਕਰ ਮੁਸਕਰਾਹਟ ਬਿਖੇਰਨ ਦੀ ਜਾਚ ਆ ਗਈ ਤਾਂ ਜ਼ਿੰਦਗੀ ਸੱਚਮੁੱਚ ਸਵਰਗ ਬਣ ਜਾਵੇਗੀ। ਇੱਕ ਗੱਲ ਆਪਣੇ ਦਿਲ-ਦਿਮਾਗ਼ ਵਿੱਚ ਬਿਠਾ ਲਓ ਕਿ ਦੁਨੀਆ ਵਿੱਚ ਕੋਈ ਵੀ ਅਜਿਹਾ ਕੰਮ ਨਹੀਂ ਜੋ ਮੈਂ ਨਹੀਂ ਕਰ ਸਕਦਾ। ਦੁਨੀਆ ਤੁਹਾਡੇ ਨਾਲ ਪਿਆਰ ਕਰਨ ਲੱਗ ਪਵੇਗੀ। ਇਨਸਾਨ ਦੀ ਬਰਬਾਦੀ ਦਾ ਵਕਤ ਉਦੋਂ ਸ਼ੁਰੂ ਹੋ ਜਾਂਦਾ ਹੈ ਜਦੋਂ ਉਹ ਹਰ ਕੰਮ ਲਈ ਦੂਜਿਆਂ 'ਤੇ ਨਿਰਭਰ ਰਹਿਣਾ ਸ਼ੁਰੂ ਕਰ ਦਿੰਦਾ ਹੈ। ਇਸ ਲਈ ਸਦਾ ਯਾਦ ਰੱਖੋ:

ਜ਼ਿੰਦਗੀ ਵਿੱਚ ਜੇਕਰ ਅੱਗੇ ਵਧਣਾ ਹੈ ਤਾਂ ਕਦੇ ਵੀ ਨਾ ਨਿਰਭਰ ਰਹਿਣਾ ਗੈਰਾਂ 'ਤੇ
ਮੰਜ਼ਿਲ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਖੜ੍ਹੇ ਹਨ ਆਪਣੇ ਪੈਰਾਂ 'ਤੇ।


ਸੰਪਰਕ: 98774-66607

# ਸ਼ਿਕਾਰੀ ਪੰਛੀ ਸੱਪਮਾਰ ਉਕਾਬ

ਗੁਰਮੀਤ ਸਿੰਘ*

ਸੱਪਮਾਰ ਉਕਾਬ ਵੱਡੇ ਅਤੇ ਛੋਟੇ ਸੱਪਾਂ ਦੀ ਖੋਜ ਕਰਨ ਵਾਲਾ ਇੱਕ ਮਾਹਿਰ ਸ਼ਿਕਾਰੀ ਪੰਛੀ ਹੈ। ਇਹ ਪਰਵਾਸੀ ਪੰਛੀ ਹੈ। ਇਸ ਨੂੰ ਪੰਜਾਬੀ ਵਿੱਚ ਸੱਪਮਾਰ ਉਕਾਬ, ਅੰਗਰੇਜ਼ੀ ਵਿੱਚ ਸ਼ੌਰਟ ਟੋਡ ਈਗਲ (Short Toed Eagle) ਅਤੇ ਹਿੰਦੀ ਵਿੱਚ ਸਾਂਪਮਾਰ ਕਹਿੰਦੇ ਹਨ। ਇਹ ਫਰਾਂਸ, ਇਟਲੀ ਅਤੇ ਸਪੇਨ ਸਮੇਤ ਦੱਖਣ-ਪੱਛਮੀ ਅਤੇ ਦੱਖਣ-ਪੂਰਬੀ ਯੂਰਪ ਵਿੱਚ ਵੀ ਪਾਇਆ ਜਾਂਦਾ ਹੈ। ਇਹ ਉੱਤਰ ਪੱਛਮੀ ਅਫ਼ਰੀਕਾ ਦੇ ਪੂਰਬ ਵੱਲ ਇਰਾਨ, ਇਰਾਕ, ਭਾਰਤ, ਪੱਛਮੀ ਚੀਨ ਵਿੱਚ ਵੀ ਪਾਇਆ ਜਾਂਦਾ ਹੈ। ਇਨ੍ਹਾਂ ਨੂੰ ਮੁੱਖ ਤੌਰ 'ਤੇ ਇਨ੍ਹਾਂ ਦਾ ਹੇਠਲਾ ਹਿੱਸਾ ਚਿੱਟਾ ਹੋਣ ਕਰਕੇ ਪਛਾਣਿਆ ਜਾ ਸਕਦਾ ਹੈ, ਉੱਪਰਲੇ ਹਿੱਸੇ ਸਲੇਟੀ ਭੂਰੇ ਹੁੰਦੇ ਹਨ। ਠੋਡੀ, ਗਲਾ ਅਤੇ ਛਾਤੀ ਦੇ ਉੱਪਰ ਵਾਲੀ ਥਾਂ ਫਿੱਕੇ ਭੂਰੇ ਰੰਗ ਦੀ ਹੁੰਦੀ ਹੈ। ਪੂਛ ਵਿੱਚ 3 ਜਾਂ 4 ਲਾਈਨਾਂ ਦੇ ਨਿਸ਼ਾਨ ਹੁੰਦੇ ਹਨ। ਇਸ ਦਾ ਸਿਰ ਉੱਲੂ ਵਰਗਾ ਗੋਲ ਅਤੇ ਅੱਖਾਂ ਚਮਕਦਾਰ ਪੀਲੀਆਂ ਹੁੰਦੀਆਂ ਹਨ। ਸੱਪਮਾਰ ਉਕਾਬ ਦਾ ਗੋਲ ਸਿਰ ਅਤੇ ਖੰਭ ਇਸ ਨੂੰ ਉੱਲੂ ਨਾਲੋਂ ਵੱਖ ਕਰਨ ਵਿੱਚ ਮਦਦ ਕਰਦੇ ਹਨ। ਇਸ ਦਾ ਔਸਤ ਭਾਰ 1.2 ਤੋਂ 2.5 ਕਿਲੋਗ੍ਰਾਮ ਅਤੇ ਲੰਬਾਈ 23 ਤੋਂ 31 ਇੰਚ ( 59 ਤੋਂ 78 ਸੈਂਟੀਮੀਟਰ) ਹੁੰਦੀ ਹੈ।

ਇਨ੍ਹਾਂ ਦੀ ਖੁਰਾਕ ਵਿੱਚ ਜ਼ਿਆਦਾਤਰ ਸੱਪ ਹੀ ਹੁੰਦੇ ਹਨ, ਪਰ ਇਹ ਹੋਰ ਜਾਨਵਰ ਜਿਵੇਂ ਕਿਰਲੀ, ਡੱਡੂ, ਪੰਛੀ ਤੇ ਛੋਟੇ ਥਣਧਾਰੀ ਜੀਵ ਵੀ ਖਾ ਲੈਂਦੇ ਹਨ। ਇਹ ਸੱਪ ਨੂੰ ਅਸਮਾਨ ਵਿੱਚ ਚੁੱਕ ਕੇ ਲੈ ਜਾਂਦੇ ਹਨ ਅਤੇ ਆਪਣੇ ਅਤੇ ਸੱਪ ਵਿਚਕਾਰ ਹੋਣ ਵਾਲੀ ਲੜਾਈ ਨੂੰ ਜੰਗ ਦੇ ਮੈਦਾਨ ਤੋਂ ਬਦਲ ਦਿੰਦੇ ਹਨ। ਸੱਪਮਾਰ ਉਕਾਬ ਦੇ 8 ਇੰਚ ਦੇ ਦੋਵਾਂ ਪੰਜਿਆਂ ਦੇ ਤਿੱਖੇ ਸੂਏ ਵਰਗੇ ਨਹੁੰ ਸੱਪ ਵਿੱਚ ਖੁਭਣ ਤੋਂ ਬਾਅਦ ਜ਼ਹਿਰੀਲਾ ਸੱਪ ਵੀ ਅਸਮਾਨ ਦੇ ਗੇੜੇ ਤੋਂ ਬਾਅਦ ਆਖ਼ਰੀ ਸੁਆਸਾਂ ਵਿੱਚ ਪੁੱਜ ਜਾਂਦਾ ਹੈ। ਇਹੋ ਕਾਰਨ ਹੈ ਕਿ ਸੱਪਮਾਰ ਉਕਾਬ ਖੁੱਲ੍ਹੀਆਂ ਥਾਵਾ ਵਿੱਚ ਰਹਿਣਾ ਪੰਸਦ ਕਰਦੇ ਹਨ ਜਿਵੇਂ ਕਿ ਕਾਸ਼ਤ ਕੀਤੇ ਮੈਦਾਨ, ਟਾਂਵੇ-ਟਾਂਵੇ ਰੁੱਖਾਂ ਵਾਲੇ ਘਾਹ ਦੇ ਮੈਦਾਨ, ਅਰਧ-ਮਾਰੂਥਲ ਖੇਤਰ ਅਤੇ ਤਲਹਟੀਆਂ ਵਾਲੀਆਂ ਥਾਵਾਂ ਆਦਿ। ਸ਼ਕਤੀਸ਼ਾਲੀ ਉਡਾਣ ਭਰਨ ਵਾਲਾ ਉਕਾਬ ਪ੍ਰਜਣਨ ਦੇ ਦੌਰਾਨ ਉਚਾਈਆਂ 'ਤੇ ਉੱਡਦਾ ਹੈ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਾ ਹੈ। ਨਰ ਉਕਾਬ ਉੱਪਰ, ਥੱਲੇ ਉੱਡਦਾ ਹਵਾ ਵਿੱਚ ਗੋਤੇ ਲਾਉਂਦਾ ਹੈ। ਉਹ ਸੱਪ ਜਾਂ ਲੱਕੜੀ ਨੂੰ ਚੁੰਜ ਨਾਲ ਸੁੱਟਦਾ ਤੇ ਫੜਦਾ ਹੈ। ਮਾਦਾ ਕੋਲ ਜਾਣ ਤੋਂ ਬਾਅਦ ਫਿਰ ਦੋਵੇਂ ਪੰਛੀ ਇਕੱਠੇ ਉੱਡਦੇ ਹਨ ਅਤੇ ਉੱਚੀ ਆਵਾਜ਼ ਵਿੱਚ ਪਾਇਓਉ-ਪਾਇਓਉ ਕਰਕੇ ਆਵਾਜ਼ਾਂ ਕੱਢਦੇ ਹਨ। ਮਾਦਾ ਇੱਕ ਚਿੱਟਾ ਅਤੇ ਨੀਲਾ ਆਂਡਾ ਦਿੰਦੀ ਹੈ। ਨਵਜੰਮੇ ਬੱਚੇ ਸਲੇਟੀ ਅੱਖਾਂ ਵਾਲੇ ਨੀਲੇ-ਚਿੱਟੇ ਰੰਗ ਦੇ ਹੁੰਦੇ ਹਨ ਜੋ ਬਾਅਦ ਵਿੱਚ ਚਮਕਦਾਰ ਸੰਤਰੀ ਜਾਂ ਪੀਲੇ ਹੋ ਜਾਂਦੇ ਹਨ। ਨਰ-ਮਾਦਾ ਦੋਵੇਂ ਚੂਚਿਆਂ ਨੂੰ ਖੁਆਉਂਦੇ ਹਨ ਜੋ 70-75 ਦਿਨਾਂ ਵਿੱਚ ਉੱਡ ਜਾਂਦੇ ਹਨ। ਚੂਚੇ ਵੱਡੇ ਪੰਛੀਆਂ ਦੀ ਸੱਪ ਦੇ ਸ਼ਿਕਾਰ ਨੂੰ ਨਿਗਲਣ ਦੀ



ਸੁਭਾਵਿਕ ਯੋਗਤਾ ਰੱਖਦੇ ਹਨ।

ਸੱਪਮਾਰ ਉਕਾਬ ਨੂੰ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ ਵੱਲੋਂ ਘੱਟ ਚਿੰਤਾ ਦੇ ਤੌਰ 'ਤੇ ਸੂਚੀਬੱਧ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਅਤੇ ਸੋਧ ਐਕਟ 2022 ਦੇ ਸ਼ਡਿਊਲ-1 ਵਿੱਚ ਰੱਖ ਕੇ ਸੁਰੱਖਿਆ ਦਿੱਤੀ ਹੈ।

*ਪ੍ਰਧਾਨ, ਨੇਚਰ ਕੰਜ਼ਰਵੇਸ਼ਨ ਸੁਸਾਇਟੀ, ਪੰਜਾਬ।

## ਸੰਪਾਦਕੀ

# ਲਾਉਂਗੇ ਰੁੱਖ ਪਾਉਂਗੇ ਸੁੱਖ,ਕੱਟੋਂਗੇ ਰੁੱਖ ਭੋਗੋਂਗੇ ਦੁੱਖ;ਕੌੜਾ ਸੱਚ !

*ਇੱਕ ਰੁੱਖ,ਸੌ ਸੁੱਖ !*

ਰੁੱਖਾਂ ਨਾਲ ਸਾਡਾ ਜਨਮਾਂ ਜਨਮਾਂਤਰਾਂ ਦਾ ਰਿਸ਼ਤਾ ਹੈ।ਪੁਰਾਤਨ ਸਮਿਆਂ ਚ ਮਨੁੱਖ ਦਰੱਖਤਾਂ ਤੋਂ ਆਪਣੀ ਖੁਰਾਕ ਲੈਂਦਾ ਸੀ ਅਤੇ ਇਹਦੇ ਪੱਤਿਆਂ ਨਾਲ ਆਪਣਾ ਤਨ ਢੱਕਦਾ ਸੀ।ਅਗਰ ਇਹ ਕਹਿ ਲਿਆ ਜਾਵੇ,ਕਿ ਰੁੱਖਾਂ ਬਿਨਾਂ ਮਨੁੱਖ ਦੀ ਜਿੰਦਗੀ ਅਧੂਰੀ ਹੈ,ਤਾਂ ਇਹ ਕੋਈ ਅੱਤਕੱਥਨੀ ਨਹੀਂ ਹੋਵੇਗੀ।ਅਸਲ ਵਿੱਚ,ਰੁੱਖ ਸਾਨੂੰ ਜੀਵਨ ਦਾਨ ਹੀ ਤਾਂ ਦਿੰਦੇ ਹਨ।ਪਰ ਅਫਸੋਸ!ਕਿ ਮਨੁੱਖ ਅਨਜਾਣਪੁਣੇ ਚ,ਇਹ ਸਭ ਕੁੱਝ ਭੁੱਲ ਬੈਠਾ ਹੈ।ਜਿਸਦੇ ਭੈੜੇ ਨਤੀਜੇ,ਕਾਫੀ ਹੱਦ ਤੱਕ ਅੱਜ ਦਾ ਮਨੁੱਖ ਭੁਗਤ ਵੀ ਰਿਹਾ ਹੈ

ਰੁੱਖਾਂ ਦਾ,ਇਕੱਲੇ ਮਨੁੱਖ ਲਈ ਹੀ ਨਹੀਂ,ਸਗੋਂ ਹਰ ਜੀਵ ਜੰਤੂ,ਪਸ਼ੂ ਪੰਛੀ ਅਤੇ ਜਾਨਵਰ ਲਈ ਵੀ,ਰੁੱਖਾਂ ਦਾ ਹੋਣਾ ਬੜਾ ਜਰੂਰੀ ਹੈ।ਜੰਗਲੀ ਜਾਨਵਰਾਂ ਅਤੇ ਪਸ਼ੂ ਪੰਛੀਆਂ ਲਈ ਤਾਂ,ਜੰਗਲਾਂ ਦਾ ਹੋਣਾ ਬੜਾ ਜਰੂਰੀ ਹੁੰਦਾ ਹੈ।ਕਿਉਂਕਿ,ਜੰਗਲਾਂ ਤੋਂ ਵਗੈਰ,ਜੰਗਲੀ ਜਾਨਵਰ ਹੋਰ ਕਿਤੇ ਆਪਣਾ ਨਿਵਾਸ ਕਰ ਹੀ ਨਹੀਂ ਸਕਦੇ।ਇਹੋ ਕਾਰਨ ਹੈ,ਕਿ ਜੰਗਲਾਂ ਦੀ ਅਣਹੋਂਦ ਦੇ ਕਾਰਨ ਹੀ,ਅੱਜਕਲ੍ਹ ਜੰਗਲੀ ਜਾਨਵਰ ਅਕਸਰ ਹੀ ਰਿਹਾਇਸ਼ੀ ਇਲਾਕਿਆਂ ਚ,ਆਮ ਹੀ ਘੁੰਮਦੇ ਫਿਰਦੇ ਵੇਖੇ ਜਾ ਸਕਦੇ ਹਨ।ਜਿਸਦੇ ਕਾਰਨ,ਹਰ ਰੋਜ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਹਨ।ਜਿੰਨ੍ਹਾਂ ਨਾਲ, ਕੀਮਤੀ ਜਾਨਾਂ,ਅਜਾਈਂ ਹੀ ਚਲੀਆਂ ਜਾਂਦੀਆਂ ਹਨ।ਇਹ ਸਭ ਕੁੱਝ,ਮਨੁੱਖ ਦੀ ਨਲਾਇਕੀ ਦੇ ਕਾਰਨ ਹੀ ਤਾਂ ਹੋ ਰਿਹਾ ਹੈ।

ਰੁੱਖ ਸਾਨੂੰ ਛਾਂ ਦੇ ਨਾਲ 2 ਫਲ,ਫੁੱਲ,ਆਕਸੀਜਨ,ਬਾਲਣ ਅਤੇ ਇਮਾਰਤਾਂ ਲਈ ਲੱਕੜ ਵੀ ਦਿੰਦੇ ਹਨ।ਰੁੱਖਾਂ ਦੀ ਹਰਿਆਲੀ ਦੇ ਨਾਲ,ਅੱਖਾਂ ਨੂੰ ਠੰਢਕ ਪੈਂਦੀ ਹੈ।ਰੁੱਖਾਂ ਦੇ ਸਦਕਾ ਹੀ,ਬਰਸਾਤ ਵੀ ਹੁੰਦੀ ਹੈ।ਰੁੱਖ ਹੜ੍ਹਾਂ ਦੇ ਪਾਣੀ ਨੂੰ ਰੋਕਣ ਦਾ ਕੰਮ ਵੀ ਕਰਦੇ ਹਨ।ਅੱਜ ਵੀ ਪੇਂਡੂ ਖੇਤਰਾਂ ਚ,ਰੁੱਖਾਂ ਦੀ ਲੱਕੜ ਤੋਂ ਬਾਲਣ ਦਾ ਕੰਮ ਲਿਆ ਜਾਂਦਾ ਹੈ।ਪੇਂਡੂ ਖੇਤਰਾਂ ਚ,ਅਜੇ ਵੀ ਲੋਕ,ਸਾਂਝੀਆਂ ਥਾਵਾਂ ਤੇ ਲੱਗੇ,ਪਿੱਪਲ ਅਤੇ ਬੋਹੜ ਦੇ ਦਰੱਖਤਾਂ ਦੀ ਸੰਘਣੀ ਅਤੇ ਠੰਢੀ ਛਾਂ ਹੇਠ,ਬੈਠਦੇ ਹਨ।ਜਿਸਦੇ ਸਦਕਾ,ਲੋਕਾਂ ਦਾ ਆਪਸੀ ਪਿਆਰ ਅਤੇ ਭਾਈਚਾਰਾ ਵੀ ਬਣਿਆ ਰਹਿੰਦਾ ਹੈ।ਅਸਲ ਵਿੱਚ,ਜੋ ਨਜਾਰਾ ਦਰੱਖਤਾਂ ਦੀ ਛਾਂ ਹੇਠਾਂ ਹੁੰਦਾ ਹੈ,ਉਹ ਨਜਾਰਾ ਪੱਖੇ,ਕੂਲਰ ਜਾਂ ਫਿਰ ਏ.ਸੀ.ਦੀ ਹਵਾ ਲੈ ਕੇ ਨਹੀਂ ਆਉਂਦਾ।ਕਿਉਂਕਿ,ਕੁਦਰਤੀ ਹਵਾ,ਬਨਾਵਟੀ ਹਵਾ ਨਾਲੋਂ ਹਜਾਰ ਗੁਣਾਂ ਜਿਆਦਾ ਲਾਭਕਾਰੀ ਹੁੰਦੀ ਹੈ।

ਅਸਲ ਵਿੱਚ,ਰੁੱਖਾਂ ਦੀ ਅਣਹੋਂਦ ਦੇ ਕਾਰਨ ਹੀ,ਮੌਸਮ,ਬਰਸਾਤਾਂ ਅਤੇ ਤਾਪਮਾਨ ਦੇ ਵਿੱਚ ਵੀ ਬੜੀ ਵੱਡੀ ਤਬਦੀਲੀ ਆਈ ਹੈ।ਕੋਈ ਸਮਾਂ ਹੁੰਦਾ ਸੀ,ਜਦੋਂ ਹਰ ਮੌਸਮ ਦਾ ਆਪੋ ਆਪਣਾ ਸਮਾਂ ਲੱਗਭੱਗ ਨਿਸਚਿਤ ਹੁੰਦਾ ਸੀ।ਪਰ ਸਮੇਂ ਦੀ ਤਬਦੀਲੀ ਦੇ ਨਾਲ,ਹਰ ਮੌਸਮ ਵੀ ਬਦਲ ਰਿਹਾ ਹੈ।ਬਰਸਾਤ,ਗਰਮੀ ਅਤੇ ਸਰਦੀ ਦੇ ਮੌਸਮਾਂ ਚ ਤਬਦੀਲੀ,ਰੁੱਖਾਂ ਦੀ ਬਰਬਾਦੀ ਦੇ ਕਾਰਨ ਹੀ ਤਾਂ ਆਈ ਹੈ।ਪਰ ਫੇਰ ਵੀ ਅਸੀਂ,ਆਪਣੀ ਮਤਲਬ ਪ੍ਰਸਤੀ ਲਈ ਅੰਨੇਵਾਹ ਦਰੱਖਤਾਂ ਦੀ ਕਟਾਈ ਕਰੀ ਜਾ ਰਹੇ ਹਾਂ।ਅਜੋਕੇ ਦੌਰ ਚ,ਨਾ ਤਾਂ ਕੋਈ ਵਿਅਕਤੀ, ਨਾ ਹੀ ਸਮਾਜਿਕ ਸੰਸਥਾਵਾਂ ਅਤੇ ਨਾ ਹੀ ਸਮੇਂ ਦੀਆਂ ਸਰਕਾਰਾਂ,ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਦੀ ਜਿੰਮੇਵਾਰੀ ਨੂੰ ਹੀ ਨਿਭਾ ਰਹੀਆਂ ਹਨ।ਅਜੋਕੇ ਦੌਰ ਚ,ਵਿਕਾਸ ਦੇ ਨਾਂ ਤੇ ਦਰੱਖਤਾਂ ਦੀ ਅੰਨੇਵਾਹ ਕਟਾਈ ਹੋ ਰਹੀ ਹੈ।ਸੜਕਾਂ,ਨਹਿਰਾਂ,ਖੇਤਾਂ ਅਤੇ ਘਰਾਂ ਚ,ਦਰੱਖਤਾਂ ਨੂੰ ਉਗਾਉਣ ਦੀ ਵਜਾਏ,ਉਨ੍ਹਾਂ ਨੂੰ ਕੱਟਿਆ ਜਾ ਰਿਹਾ ਹੈ।ਖੇਤਾਂ ਅਤੇ ਸੜਕਾਂ ਦੇ ਆਲੇ ਦੁਆਲੇ,ਦਰੱਖਤਾਂ ਨੂੰ ਅੱਗ ਲਾ ਕੇ ਸਾੜਿਆ ਜਾ ਰਿਹਾ ਹੈ,ਜੋ ਕਿ ਬੜੀ ਹੀ ਮੰਦਭਾਗੀ ਗੱਲ ਹੈ।

ਰੁੱਖਾਂ ਦੀ ਅਣਹੋਂਦ ਦੇ ਕਾਰਨ,ਪੰਛੀਆਂ ਨੂੰ ਵੀ ਆਪਣੇ ਰਹਿਣ,ਭੋਜਨ ਅਤੇ ਆਲ੍ਹਣੇ ਬਨਾਉਣ ਚ ਬੜੀ ਦਿੱਕਤ ਆ ਰਹੀ ਰਹੀ ਹੈ।ਇਹੋ ਕਾਰਨ ਹੈ,ਕਿ ਅਜੋਕੇ ਦੌਰ ਚ,ਪੰਛੀਆਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ।ਸਾਨੂੰ,ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ ਦੇ ਬਹੁਤ ਸਾਰੇ ਜੀਵ ਜੰਤੂ ਅਤੇ ਪਸ਼ੂ ਪੰਛੀ,ਅੱਜ ਕਿੱਧਰੇ ਵਿਖਾਈ ਹੀ ਨਹੀਂ ਦਿੰਦੇ।ਇਸੇ ਲਈ ਤਾਂ,ਲੋਕ ਕਵੀ ਸ਼ਿਵ ਕੁਮਾਰ ਬਟਾਲਵੀ ਜੀ ਨੇ ਰੁੱਖਾਂ ਦੀ ਮਹੱਤਤਾ ਵਾਰੇ,ਇੱਕ ਬੜੀ ਵਧੀਆ ਅਤੇ ਲੰਮੀ ਚੌੜੀ ਕਵਿਤਾ,

*ਕੁੱਝ ਰੁੱਖ ਜਾਪਣ ਮਾਵਾਂ ਵਰਗੇ,ਕੁੱਝ ਰੁੱਖ ਭੈਣ ਭਰਾਵਾਂ !*

ਵੀ ਲਿਖੀ ਸੀ।ਰੁੱਖਾਂ ਦੀ ਮਹੱਤਤਾ ਅਤੇ ਰੁੱਖਾਂ ਦੀ ਕਟਾਈ ਵਾਰੇ,ਅਚਾਰੀਆ ਰਜਨੀਸ਼ ਜੀ ਨੇ ਵੀ ਸਾਨੂੰ ਕਾਫੀ ਸਮਾਂ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ,ਤਾਂ ਕਿ ਆਉਣ ਵਾਲੇ ਸਮੇਂ ਚ,ਸਾਨੂੰ ਇਹਦੇ ਗੰਭੀਰ ਸਿੱਟੇ ਨਾ ਭੁਗਤਣੇ ਪੈਣ।

ਰੁੱਖ ਸਾਡੀ ਜਿੰਦਗੀ ਚ ਹਰ ਕਦਮ 2 ਤੇ ਸਾਡੇ ਨਾਲ 2 ਚੱਲਦੇ ਹਨ।ਹਿੰਦੂ ਧਰਮ ਚ ਪਿੱਪਲ ਅਤੇ ਕਈ ਹੋਰ ਤਰ੍ਹਾਂ ਦੇ ਦਰੱਖਤਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ।ਕਈ ਧਰਮਾਂ ਚ ਖੁਸ਼ੀ ਦੇ ਮੌਕੇ ਤੇ ਅੰਬ ਦੇ ਦਰੱਖਤਾਂ ਦੇ ਪੱਤਿਆਂ ਦੀ ਵਰਤੋਂ ਹੁੰਦੀ ਹੈ।ਕਈ ਧਰਮਾਂ ਚ ਨਿੰਮ ਦੇ ਦਰੱਖਤ ਦੇ ਪੱਤੇ,ਪੁੱਤਰ ਹੋਣ ਦੀ ਖੁਸ਼ੀ ਚ ਦਰਵਾਜ਼ੇ ਤੇ ਧਾਰਮਿਕ ਰੀਤੀ ਰਿਵਾਜ ਦੇ ਤੌਰਤੇ ਵੀ ਟੰਗੇ ਜਾਂਦੇ ਹਨ।ਇਸੇ ਤਰ੍ਹਾਂ,ਪੁਰਾਣੇ ਬਜੁਰਗ ਕਿੱਕਰ ਅਤੇ ਨਿੰਮ ਦੀ ਦਾਤਣ ਕਰਿਆ ਕਰਦੇ ਸਨ।ਨਿੰਮ ਦੀਆਂ ਨਮੋਲੀਆਂ ਨੂੰ ਪੀਸ ਕੇ,ਸਾਬਣ ਦੇ ਤੌਰਤੇ ਵਰਤਿਆ ਜਾਂਦਾ ਸੀ।ਰੁੱਖਾਂ ਦੀ ਲੱਕੜ ਨੂੰ ਖੇਡਾਂ ਦੇ ਸਮਾਨ,ਪੜ੍ਹਨ ਲਈ ਬੱਚਿਆਂ ਦੀਆਂ ਫੱਟੀਆਂ,ਆਵਾਜਾਈ ਦੇ ਸਾਧਨਾਂ,ਫਰਨੀਚਰ ਅਤੇ ਹੋਰ ਅਨੇਕਾਂ ਹੀ ਪ੍ਰਕਾਰ ਦੇ ਸਮਾਨ ਲਈ ਵੀ ਵਰਤਿਆ ਜਾਂਦਾ ਹੈ।ਇਸੇ ਲਈ ਤਾਂ,ਦਰੱਖਤ ਸਾਡੀ ਜਿੰਦਗੀ ਦਾ ਅਟੁੱਟ ਹਿੱਸਾ ਹਨ।

ਮੁੱਕਦੀ ਗੱਲ ਤਾਂ ਇਹ ਹੈ,ਕਿ ਰੁੱਖਾਂ ਤੋਂ ਵਗੈਰ ਇਕੱਲੇ ਮਨੁੱਖ ਦਾ ਹੀ ਜੀਣਾ ਦੁੱਭਰ ਨਹੀਂ ਹੋਇਆ।ਸਗੋਂ ਰੁੱਖਾਂ ਦੀ ਅਣਹੋਂਦ ਦੇ ਕਾਰਨ,ਸੰਸਾਰ ਦੇ ਜੀਵ ਜੰਤੂਆਂ,ਪਸ਼ੂ,ਪੰਛੀਆਂ ਦਾ ਵੀ ਬੁਰਾ ਹਾਲ ਹੈ।ਇਸ ਲਈ,ਹਰ ਮਨੁੱਖ ਨੂੰ ਆਪਣੀ ਜਿੰਦਗੀ ਚ ਕੁੱਝ ਦਰੱਖਤ ਜਰੂਰ ਲਗਾਉਣੇ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ।ਇਹਦੇ ਲਈ,ਸਮਾਜਿਕ ਸੰਸਥਾਵਾਂ ਨੂੰ ਰੁੱਖ ਲਗਾਉਣ ਦੀ ਮੁਹਿੰਮ ਨੂੰ ਇੱਕ ਲਹਿਰ ਬਣਾਉਣਾ ਚਾਹੀਦਾ ਹੈ।ਸਰਕਾਰਾਂ ਨੂੰ ਰੁੱਖ ਲਗਾਉਣ,ਇੰਨ੍ਹਾਂ ਦੀ ਸਾਂਭ ਸੰਭਾਲ ਅਤੇ ਰੁੱਖਾਂ ਦੀ ਬਰਬਾਦੀ ਨੂੰ ਰੋਕਣ ਲਈ,ਸਖਤ ਕਾਨੂੰਨ ਬਨਾਉਣੇ ਚਾਹੀਦੇ ਹਨ।ਸਾਂਝੀਆਂ ਥਾਵਾਂ,ਗਲੀ ਮੁਹੱਲਿਆਂ ਅਤੇ ਘਰਾਂ ਚ,ਰੁੱਖ ਲਗਾਉਣ ਦੀ ਮੁਹਿੰਮ ਨੂੰ ਤੇਜ ਕਰਨਾ ਚਾਹੀਦਾ ਹੈ।ਅਗਰ ਅਸੀਂ,ਰੁੱਖ ਲਗਾਵਾਂਗੇ,ਤਾਂ ਹੀ ਸੁੱਖ ਪਾਵਾਂਗੇ,ਅਗਰ ਰੁੱਖਾਂ ਦੀ ਬੇਵਜ੍ਹਾ ਹੀ ਕਟਾਈ ਕਰੀ ਜਾਵਾਂਗੇ,ਤਾਂ ਸਾਨੂੰ ਦੁੱਖ ਭੋਗਣ ਅਤੇ ਆਪਣੀ ਬਰਬਾਦੀ ਲਈ,ਤਿਆਰ ਰਹਿਣਾ ਚਾਹੀਦਾ ਹੈ।ਜੀਹਦੇ ਲਈ,ਅਸੀਂ ਖੁਦ ਜਿੰਮੇਵਾਰ ਹੋਵਾਂਗੇ।

-ਅਨੀਤਾ ਜਾਂਗੜਾ

# ਕਾਂਗਰਸ ਦੇ ਚੋਣ ਫੰਡ ਵਿੱਚ ਘਪਲੇ ਦੀ ਚਰਚਾ

**ਪਾਤੜਾਂ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਦੌਰਾਨ ਹਲਕਾ ਸ਼ੁਤਰਾਣਾ ਵਿੱਚ ਕਾਂਗਰਸ ਦੀਆਂ ਚੋਣ ਸਰਗਰਮੀਆਂ ਚਲਾਉਣ ਲਈ ਆਏ ਚੋਣ ਫੰਡ ਵਿੱਚ ਘਪਲੇ ਦੀ ਚਰਚਾ ਹੈ। ?ਹਲਕਾ ਸ਼ੁਤਰਾਣਾ ਦੇ ਇਕ ਕਾਂਗਰਸੀ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਹਲਕਾ ਪਟਿਆਲਾ ਤੋਂ ਕਾਂਗਰਸ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਦੇ ਚੱਲਦਿਆਂ ਵੋਟਾਂ ਵਾਲੇ ਦਿਨ ਬੂਥਾਂ ਲਈ ਪ੍ਰਤੀ ਬੂਥ ਦੇ ਹਿਸਾਬ ਨਾਲ ਦਸ ਹਜ਼ਾਰ ਰੁਪਏ ਫੰਡ ਆਇਆ ਸੀ ਜਿਸ ਨਾਲ ਟੈਂਟ, ਕੁਰਸੀਆਂ ਤੋਂ ਇਲਾਵਾ ਵੋਟਾਂ ਦਾ ਭੁਗਤਾਨ ਲਈ ਗੱਡੀਆਂ ਦਾ ਪ੍ਰਬੰਧ ਕੀਤਾ ਜਾਣਾ ਸੀ। ਫੰਡ ਵਿੱਚੋਂ ਕੁਝ ਬੂਥਾਂ ਉੱਤੇ ਦੋ ਤੋਂ ਤਿੰਨ ਹਜ਼ਾਰ ਰੁਪਏ ਵਰਕਰਾਂ ਨੂੰ ਦਿੱਤੇ ਗਏ ਜਦੋਂ ਕਿ ਬਾਕੀ ਸਾਰੀ ਰਕਮ ਕਾਂਗਰਸ ਦੇ ਚੋਣ ਦਫ਼ਤਰ ਵਿੱਚ ਸੇਵਾ ਮੁਕਤ ਕਾਂਗਰਸੀ ਆਗੂ ਸਮੇਤ ਕੁਝ ਹੋਰ ਆਗੂ ਹਜ਼ਮ ਕਰ ਗਏ।

ਉਨ੍ਹਾਂ ਕਿਹਾ ਕਿ ਦੋ ਦਹਾਕੇ ਪਹਿਲਾਂ ਹੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਰਕੇ ਪਾਰਟੀ ਨੂੰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਮੰਗ ਕੀਤੀ ਕਿ ਭ੍ਰਿਸ਼ਟ ਆਗੂਆਂ ਨੂੰ ਪਾਰਟੀ ਤੋਂ ਬਾਹਰ ਕੀਤਾ ਜਾਵੇ। ਹਲਕਾ ਸ਼ੁਤਰਾਣਾ ਤੋਂ ਕਾਂਗਰਸ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਕਿ ਹਾਈ ਕਮਾਂਡ ਵੱਲੋਂ ਚੋਣ ਪ੍ਰਚਾਰ ਲਈ ਜੋ ਰਕਮ ਆਈ ਸੀ ਉਹ ਚੋਣ ਪ੍ਰਚਾਰ ਉੱਤੇ ਖ਼ਰਚ ਕੀਤੀ ਗਈ ਹੈ।

ਇਸ ਸਬੰਧੀ ਪਾਰਟੀ ਹਾਈ ਕਮਾਂਡ ਨੂੰ ਹਿਸਾਬ ਦਿੱਤਾ ਜਾਵੇਗਾ।

# ਇੱਕ ਵਿਆਪਕ ਵਿਸ਼ਲੇਸ਼ਣ:ਸਮਾਰਟ ਕਲਾਸਰੂਮ ਪਹੁੰਚਯੋਗਤਾ ਦਾ ਪ੍ਰਭਾਵ

**ਹਰਸ਼ਦੀਪ ਕੌਰ (ਐਮ. ਐਡ), ਡਾ. ਹਰਦੀਪ ਕੌਰ ਸੈਣੀ (ਅਸਿਸਟੈਂਟ ਪ੍ਰੋਫੈਸਰ)**
**ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ।**

ਹਾਲ ਹੀ ਦੇ ਸਾਲਾਂ ਵਿੱਚ, ਵਿਦਿਅਕ ਸੈਟਿੰਗਾਂ ਵਿੱਚ ਤਕਨਾਲੋਜੀ ਦਾ ਏਕੀਕਰਨ ਤੇਜ਼ੀ ਨਾਲ ਪ੍ਰਚਲਿਤ ਹੋ ਗਿਆ ਹੈ, ਸਮਾਰਟ ਕਲਾਸਰੂਮ ਆਧੁਨਿਕ ਸਿੱਖਣ ਦੇ ਵਾਤਾਵਰਣ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਵਜੋਂ ਉੱਭਰ ਰਹੇ ਹਨ। ਇਹ ਲੇਖ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਅਤੇ ਅਕਾਦਮਿਕ ਪ੍ਰਾਪਤੀਆਂ 'ਤੇ ਸਮਾਰਟ ਕਲਾਸਰੂਮ ਪਹੁੰਚਯੋਗਤਾ ਦੇ ਪ੍ਰਭਾਵ ਦੀ ਜਾਂਚ ਕਰਦਾ ਹੈ। ਮੌਜੂਦਾ ਸਾਹਿਤ, ਸਿਧਾਂਤਕ ਢਾਂਚੇ, ਅਨੁਭਵੀ ਸਬੂਤ, ਅਤੇ ਵਿਹਾਰਕ ਉਲਝਣਾਂ ਦੀ ਸਮੀਖਿਆ ਦੁਆਰਾ, ਇਹ ਪੇਪਰ ਤਕਨਾਲੋਜੀ ਏਕੀਕਰਣ ਅਤੇ ਵਿਦਿਅਕ ਨਤੀਜਿਆਂ ਵਿਚਕਾਰ ਬਹੁਪੱਖੀ ਸਬੰਧਾਂ ਦੀ ਸੂਝ ਪ੍ਰਦਾਨ ਕਰਦਾ ਹੈ। ਇਹ ਸਮਾਰਟ ਕਲਾਸਰੂਮਾਂ ਦੇ ਭਾਗਾਂ, ਉਹਨਾਂ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਵਿਧੀਆਂ, ਪ੍ਰਭਾਵ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ, ਅਭਿਆਸ ਲਈ ਪ੍ਰਭਾਵ, ਅਤੇ ਖੋਜ ਅਤੇ ਲਾਗੂ ਕਰਨ ਲਈ ਭਵਿੱਖ ਦੀਆਂ ਦਿਸ਼ਾਵਾਂ ਦੀ ਪੜਚੋਲ ਕਰਦਾ ਹੈ।

ਜਾਣ-ਪਛਾਣ: ਇੱਕ ਯੁੱਗ ਵਿੱਚ ਤੇਜ਼ੀ ਨਾਲ ਤਕਨੀਕੀ ਤਰੱਕੀ ਦੁਆਰਾ ਵਿਸ਼ੇਸ਼ਤਾ, ਵਿਦਿਅਕ ਸੈਟਿੰਗਾਂ ਵਿੱਚ ਤਕਨਾਲੋਜੀ ਦਾ ਏਕੀਕਰਣ ਤੇਜ਼ੀ ਨਾਲ ਪ੍ਰਚਲਿਤ ਹੋ ਗਿਆ ਹੈ। ਰਵਾਇਤੀ ਕਲਾਸਰੂਮਾਂ ਨੂੰ ਬਦਲਣ ਵਾਲੇ ਨਵੀਨਤਾਕਾਰੀ ਹੱਲਾਂ ਵਿੱਚੋਂ, ਸਮਾਰਟ ਕਲਾਸਰੂਮ ਵਿਦਿਆਰਥੀਆਂ ਦੇ ਸਿੱਖਣ ਦੇ ਤਜ਼ਰਬਿਆਂ ਅਤੇ ਅਕਾਦਮਿਕ ਪ੍ਰਾਪਤੀਆਂ ਨੂੰ ਵਧਾਉਣ ਲਈ ਇੱਕ ਸ਼ਾਨਦਾਰ ਸਾਧਨ ਵਜੋਂ ਉਭਰਿਆ ਹੈ। ਇਹ ਤਕਨੀਕੀ ਤੌਰ 'ਤੇ ਵਿਸਤ੍ਰਿਤ ਸਿੱਖਣ ਦੇ ਵਾਤਾਵਰਣ ਵਿਦਿਆਰਥੀਆਂ ਲਈ ਇੰਟਰਐਕਟਿਵ, ਰੁਝੇਵੇਂ ਅਤੇ ਵਿਅਕਤੀਗਤ ਸਿੱਖਣ ਦੇ ਤਜ਼ਰਬੇ ਬਣਾਉਣ ਲਈ ਡਿਜੀਟਲ ਸਾਧਨਾਂ ਅਤੇ ਸਰੋਤਾਂ ਦਾ ਲਾਭ ਉਠਾਉਂਦੇ ਹਨ। ਜਿਵੇਂ ਕਿ ਵਿਦਿਅਕ ਸੰਸਥਾਵਾਂ ਵਿਸ਼ਵਵਿਆਪੀ ਡਿਜੀਟਲ ਯੁੱਗ ਦੀਆਂ ਮੰਗਾਂ ਦੇ ਅਨੁਕੂਲ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਸਿੱਖਣ ਦੇ ਨਤੀਜਿਆਂ ਅਤੇ ਅਕਾਦਮਿਕ ਪ੍ਰਾਪਤੀਆਂ 'ਤੇ ਸਮਾਰਟ ਕਲਾਸਰੂਮ ਪਹੁੰਚਯੋਗਤਾ ਦੇ ਪ੍ਰਭਾਵ ਨੂੰ ਸਮਝਣਾ ਸਿੱਖਿਅਕਾਂ, ਨੀਤੀ ਨਿਰਮਾਤਾਵਾਂ, ਅਤੇ ਖੋਜਕਰਤਾਵਾਂ ਲਈ ਇਕੋ ਜਿਹਾ ਚਿੰਤਾ ਦਾ ਵਿਸ਼ਾ ਬਣ ਗਿਆ ਹੈ।ਇਸ ਵਿਆਪਕ ਵਿਸ਼ਲੇਸ਼ਣ ਦਾ ਉਦੇਸ਼ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਅਤੇ ਅਕਾਦਮਿਕ ਪ੍ਰਾਪਤੀਆਂ 'ਤੇ ਸਮਾਰਟ ਕਲਾਸਰੂਮ ਪਹੁੰਚਯੋਗਤਾ ਦੇ ਪ੍ਰਭਾਵ ਦੀ ਜਾਂਚ ਕਰਨਾ ਹੈ। ਮੌਜੂਦਾ ਸਾਹਿਤ, ਸਿਧਾਂਤਕ ਢਾਂਚੇ, ਅਨੁਭਵੀ ਸਬੂਤ, ਅਤੇ ਵਿਹਾਰਕ ਉਲਝਣਾਂ ਨੂੰ ਸੰਸ਼ਲੇਸ਼ਣ ਕਰਕੇ, ਇਸ ਅਧਿਐਨ ਦਾ ਉਦੇਸ਼ ਤਕਨਾਲੋਜੀ ਏਕੀਕਰਨ ਅਤੇ ਵਿਦਿਅਕ ਨਤੀਜਿਆਂ ਵਿਚਕਾਰ ਗੁੰਝਲਦਾਰ ਸਬੰਧਾਂ ਵਿੱਚ ਸਮਝ ਪ੍ਰਦਾਨ ਕਰਨਾ ਹੈ। ਇੱਕ ਬਹੁ-ਆਯਾਮੀ ਖੋਜ ਦੇ ਜ਼ਰੀਏ, ਇਹ ਵਿਸ਼ਲੇਸ਼ਣ ਵਿਦਿਅਕ ਸੈਟਿੰਗਾਂ ਵਿੱਚ ਸਮਾਰਟ ਕਲਾਸਰੂਮਾਂ ਨੂੰ ਅਪਣਾਉਣ ਨਾਲ ਜੁੜੇ ਸੰਭਾਵੀ ਲਾਭਾਂ ਅਤੇ ਚੁਣੌਤੀਆਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇੱਕ ਸਮਾਰਟ ਕਲਾਸਰੂਮ ਦੀ ਧਾਰਨਾ ਅਧਿਆਪਨ ਅਤੇ ਸਿੱਖਣ ਨੂੰ ਵਧਾਉਣ ਲਈ ਤਿਆਰ ਕੀਤੀਆਂ ਗਈਆਂ ਤਕਨਾਲੋਜੀਆਂ ਅਤੇ ਸਿੱਖਿਆ ਸ਼ਾਸਤਰੀ ਪਹੁੰਚਾਂ ਦੀ ਇੱਕ ਸ਼੍ਰੇਣੀ ਨੂੰ ਸ਼ਾਮਲ ਕਰਦੀ ਹੈ। ਇਸਦੇ ਮੂਲ ਰੂਪ ਵਿੱਚ, ਇੱਕ ਸਮਾਰਟ ਕਲਾਸਰੂਮ ਇੰਟਰਐਕਟਿਵ ਅਤੇ ਸਹਿਯੋਗੀ ਸਿੱਖਣ ਦੇ ਤਜ਼ਰਬਿਆਂ ਦੀ ਸਹੂਲਤ ਲਈ ਡਿਜੀਟਲ ਟੂਲਸ, ਮਲਟੀਮੀਡੀਆ ਸਰੋਤਾਂ ਅਤੇ ਇੰਟਰਨੈਟ ਕਨੈਕਟੀਵਿਟੀ ਦਾ ਲਾਭ ਉਠਾਉਂਦਾ ਹੈ। ਇੰਟਰਐਕਟਿਵ ਵ੍ਹਾਈਟਬੋਰਡਸ ਅਤੇ ਡਿਜੀਟਲ ਪਾਠ-ਪੁਸਤਕਾਂ ਤੋਂ ਲੈ ਕੇ ਔਨਲਾਈਨ ਸਿਖਲਾਈ ਪਲੇਟਫਾਰਮਾਂ ਅਤੇ ਵਰਚੁਅਲ ਰਿਐਲਿਟੀ ਸਿਮੂਲੇਸ਼ਨਾਂ ਤੱਕ, ਸਮਾਰਟ ਕਲਾਸਰੂਮ ਵਿਦਿਆਰਥੀਆਂ ਨੂੰ ਨਵੀਨਤਾਕਾਰੀ ਤਰੀਕਿਆਂ ਨਾਲ ਕੋਰਸ ਸਮੱਗਰੀ ਨਾਲ ਜੁੜਨ ਲਈ ਸਰੋਤਾਂ ਅਤੇ ਮੌਕਿਆਂ ਦੀ ਵਿਭਿੰਨ ਸ਼੍ਰੇਣੀ ਦੀ ਪੇਸ਼ਕਸ਼ ਕਰਦੇ ਹਨ।ਇਸ ਵਿਸ਼ਲੇਸ਼ਣ ਨੂੰ ਆਧਾਰ ਬਣਾਉਣ ਵਾਲਾ ਸਿਧਾਂਤਕ ਫਰੇਮਵਰਕ ਤਕਨਾਲੋਜੀ ਏਕੀਕਰਣ ਅਤੇ ਸਿੱਖਣ ਦੇ ਨਤੀਜਿਆਂ ਵਿਚਕਾਰ ਸਬੰਧਾਂ ਨੂੰ ਸਪੱਸ਼ਟ ਕਰਨ ਲਈ ਵੱਖ-ਵੱਖ ਵਿਦਿਅਕ ਸਿਧਾਂਤਾਂ ਅਤੇ ਦ੍ਰਿਸ਼ਟੀਕੋਣਾਂ 'ਤੇ ਖਿੱਚਦਾ ਹੈ। ਰਚਨਾਤਮਕ ਸਿਧਾਂਤਾਂ ਤੋਂ ਡਰਾਇੰਗ, ਜੋ ਸਰਗਰਮ ਸਿੱਖਣ, ਪੁੱਛਗਿੱਛ-ਅਧਾਰਿਤ ਹਦਾਇਤਾਂ, ਅਤੇ ਵਿਦਿਆਰਥੀ-ਕੇਂਦਰਿਤ ਪਹੁੰਚਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ, ਸਮਾਰਟ ਕਲਾਸਰੂਮਾਂ ਨੂੰ ਵਿਦਿਆਰਥੀਆਂ ਵਿੱਚ ਡੂੰਘੀ ਸ਼ਮੂਲੀਅਤ ਅਤੇ ਆਲੋਚਨਾਤਮਕ ਸੋਚ ਦੇ ਹੁਨਰ ਨੂੰ ਉਤਸ਼ਾਹਿਤ ਕਰਨ ਲਈ ਵਾਹਨ ਵਜੋਂ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ, ਸਮਾਜਿਕ-ਸੱਭਿਆਚਾਰਕ ਦ੍ਰਿਸ਼ਟੀਕੋਣ ਸਮਾਰਟ ਕਲਾਸਰੂਮ ਵਾਤਾਵਰਨ ਦੇ ਅੰਦਰ ਵਿਦਿਆਰਥੀਆਂ ਦੇ ਬੋਧਾਤਮਕ ਵਿਕਾਸ ਅਤੇ ਅਕਾਦਮਿਕ ਪ੍ਰਾਪਤੀ ਨੂੰ ਆਕਾਰ ਦੇਣ ਵਿੱਚ ਸਮਾਜਿਕ ਪਰਸਪਰ ਪ੍ਰਭਾਵ, ਸਹਿਯੋਗ, ਅਤੇ ਪ੍ਰਸੰਗਿਕ ਸਿੱਖਣ ਦੇ ਤਜ਼ਰਬਿਆਂ ਦੀ ਭੂਮਿਕਾ ਨੂੰ ਉਜਾਗਰ ਕਰਦੇ ਹਨ।

ਜਿਵੇਂ ਕਿ ਤਕਨਾਲੋਜੀ ਸਿੱਖਿਆ ਦੇ ਲੈਂਡਸਕੇਪ ਨੂੰ ਮੁੜ ਆਕਾਰ ਦਿੰਦੀ ਹੈ, ਸਮਾਰਟ ਕਲਾਸਰੂਮਾਂ ਦੇ ਭਾਗਾਂ ਅਤੇ ਵਿਸ਼ੇਸ਼ਤਾਵਾਂ ਨੂੰ ਸਮਝਣਾ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ 'ਤੇ ਉਹਨਾਂ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਜ਼ਰੂਰੀ ਹੈ। ਸਮਾਰਟ ਕਲਾਸਰੂਮਾਂ ਦੇ ਮੁੱਖ ਭਾਗਾਂ ਵਿੱਚ ਇੰਟਰਐਕਟਿਵ ਵ੍ਹਾਈਟਬੋਰਡ, ਡਿਜੀਟਲ ਸਮੱਗਰੀ ਭੰਡਾਰ, ਮਲਟੀਮੀਡੀਆ ਸਰੋਤ, ਸਹਿਯੋਗੀ ਸਾਧਨ, ਅਤੇ ਇੰਟਰਨੈਟ ਕਨੈਕਟੀਵਿਟੀ ਬੁਨਿਆਦੀ ਢਾਂਚਾ ਸ਼ਾਮਲ ਹੈ। ਇਹ ਕੰਪੋਨੈਂਟ ਗਤੀਸ਼ੀਲ ਅਤੇ ਇਮਰਸਿਵ ਸਿੱਖਣ ਦੇ ਵਾਤਾਵਰਣ ਨੂੰ ਬਣਾਉਣ ਲਈ ਤਾਲਮੇਲ ਨਾਲ ਕੰਮ ਕਰਦੇ ਹਨ ਜੋ ਵਿਭਿੰਨ ਸਿੱਖਣ ਦੀਆਂ ਸ਼ੈਲੀਆਂ ਅਤੇ ਤਰਜੀਹਾਂ ਨੂੰ ਪੂਰਾ ਕਰਦੇ ਹਨ।ਸਿੱਖਣ ਦੇ ਨਤੀਜਿਆਂ 'ਤੇ ਸਮਾਰਟ ਕਲਾਸਰੂਮ ਪਹੁੰਚਯੋਗਤਾ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਵਿਧੀਆਂ ਗਿਣਾਤਮਕ ਅਤੇ ਗੁਣਾਤਮਕ ਪਹੁੰਚਾਂ ਦੀ ਇੱਕ ਸ਼੍ਰੇਣੀ ਨੂੰ ਸ਼ਾਮਲ ਕਰਦੀਆਂ ਹਨ। ਮਾਤਰਾਤਮਕ ਤਰੀਕਿਆਂ ਵਿੱਚ ਸਰਵੇਖਣ, ਪ੍ਰਮਾਣਿਤ ਟੈਸਟ ਸਕੋਰ, ਅਤੇ ਵਰਤੋਂ ਵਿਸ਼ਲੇਸ਼ਣ ਸ਼ਾਮਲ ਹੋ ਸਕਦੇ ਹਨ, ਜਦੋਂ ਕਿ ਗੁਣਾਤਮਕ ਵਿਧੀਆਂ ਜਿਵੇਂ ਕਿ ਇੰਟਰਵਿਊ, ਫੋਕਸ ਗਰੁੱਪ, ਅਤੇ ਕਲਾਸਰੂਮ ਨਿਰੀਖਣ ਸਮਾਰਟ ਕਲਾਸਰੂਮ ਵਾਤਾਵਰਨ ਵਿੱਚ ਵਿਦਿਆਰਥੀਆਂ ਦੀਆਂ ਧਾਰਨਾਵਾਂ, ਰਵੱਈਏ ਅਤੇ ਅਨੁਭਵਾਂ ਵਿੱਚ ਸਮਝ ਪ੍ਰਦਾਨ ਕਰਦੇ ਹਨ। ਮਿਸ਼ਰਤ-ਤਰੀਕਿਆਂ ਦੀ ਪਹੁੰਚ ਨੂੰ ਲਾਗੂ ਕਰਕੇ, ਖੋਜਕਰਤਾ ਤਕਨਾਲੋਜੀ ਦੀ ਵਰਤੋਂ, ਅਧਿਆਪਨ ਅਭਿਆਸਾਂ, ਅਤੇ ਵਿਦਿਆਰਥੀ ਸਿੱਖਣ ਦੇ ਨਤੀਜਿਆਂ ਵਿਚਕਾਰ ਗੁੰਝਲਦਾਰ ਪਰਸਪਰ ਪ੍ਰਭਾਵ ਦੀ ਵਿਆਪਕ ਸਮਝ ਪ੍ਰਾਪਤ ਕਰ ਸਕਦੇ ਹਨ। ਹਾਲੀਆ ਖੋਜ ਅਧਿਐਨਾਂ ਤੋਂ ਅਨੁਭਵੀ ਸਬੂਤ ਸਮਾਰਟ ਕਲਾਸਰੂਮ ਪਹੁੰਚਯੋਗਤਾ ਅਤੇ ਅਕਾਦਮਿਕ ਪ੍ਰਾਪਤੀ ਦੇ ਵਿਚਕਾਰ ਸਬੰਧਾਂ ਵਿੱਚ ਕੀਮਤੀ ਸੂਝ ਪ੍ਰਦਾਨ ਕਰਦੇ ਹਨ। ਅਧਿਐਨਾਂ ਨੇ ਦਿਖਾਇਆ ਹੈ ਕਿ ਸਮਾਰਟ ਕਲਾਸਰੂਮਾਂ ਵਿੱਚ ਵਿਦਿਆਰਥੀ ਰਵਾਇਤੀ ਕਲਾਸਰੂਮਾਂ ਵਿੱਚ ਆਪਣੇ ਹਮਰੁਤਬਾ ਦੇ ਮੁਕਾਬਲੇ ਉੱਚ ਪੱਧਰ ਦੀ ਸ਼ਮੂਲੀਅਤ, ਪ੍ਰੇਰਣਾ, ਅਤੇ ਅਕਾਦਮਿਕ ਪ੍ਰਦਰਸ਼ਨ ਦਾ ਪ੍ਰਦਰਸ਼ਨ ਕਰਦੇ ਹਨ। ਇਸ ਤੋਂ ਇਲਾਵਾ, ਟੈਕਨੋਲੋਜੀ-ਵਿਸਤ੍ਰਿਤ ਸਿੱਖਣ ਦੇ ਵਾਤਾਵਰਣ ਵਿਦਿਆਰਥੀਆਂ ਵਿੱਚ ਸਹਿਯੋਗ, ਰਚਨਾਤਮਕਤਾ, ਅਤੇ ਸਮੱਸਿਆ-ਹੱਲ ਕਰਨ ਦੇ ਹੁਨਰ ਨੂੰ ਉਤਸ਼ਾਹਿਤ ਕਰਨ ਲਈ ਪਾਏ ਗਏ ਹਨ, ਉਹਨਾਂ ਨੂੰ ਇੱਕ ਵਧਦੀ ਡਿਜੀਟਲ ਅਤੇ ਆਪਸ ਵਿੱਚ ਜੁੜੇ ਸੰਸਾਰ ਵਿੱਚ ਸਫਲਤਾ ਲਈ ਤਿਆਰ ਕਰਦੇ ਹਨ।ਸਮਾਰਟ ਕਲਾਸਰੂਮਾਂ ਦੀ ਪ੍ਰਭਾਵਸ਼ੀਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਵਿੱਚ ਅਧਿਆਪਕ ਸਿਖਲਾਈ, ਸਿੱਖਿਆ ਸੰਬੰਧੀ ਡਿਜ਼ਾਈਨ, ਵਿਦਿਆਰਥੀਆਂ ਦੀ ਤਿਆਰੀ, ਅਤੇ ਤਕਨੀਕੀ ਬੁਨਿਆਦੀ ਢਾਂਚਾ ਸ਼ਾਮਲ ਹਨ। ਪ੍ਰਭਾਵਸ਼ਾਲੀ ਪੇਸ਼ੇਵਰ ਵਿਕਾਸ ਪ੍ਰੋਗਰਾਮ ਸਿੱਖਿਅਕਾਂ ਨੂੰ ਉਨ੍ਹਾਂ ਦੇ ਅਧਿਆਪਨ ਅਭਿਆਸਾਂ ਵਿੱਚ ਤਕਨਾਲੋਜੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਲਾਭ ਉਠਾਉਣ ਲਈ ਸ਼ਕਤੀ ਪ੍ਰਦਾਨ ਕਰ ਸਕਦੇ ਹਨ, ਜਦੋਂ ਕਿ ਚੰਗੀ ਤਰ੍ਹਾਂ ਡਿਜ਼ਾਇਨ ਕੀਤੀ ਸਿੱਖਿਆ ਸਮੱਗਰੀ ਅਤੇ ਗਤੀਵਿਧੀਆਂ ਸਮਾਰਟ ਕਲਾਸਰੂਮ ਵਾਤਾਵਰਨ ਵਿੱਚ ਵਿਦਿਆਰਥੀਆਂ ਦੇ ਸਿੱਖਣ ਦੇ ਤਜ਼ਰਬਿਆਂ ਨੂੰ ਵਧਾ ਸਕਦੀਆਂ ਹਨ। ਇਸ ਤੋਂ ਇਲਾਵਾ, ਡਿਜੀਟਲ ਇਕੁਇਟੀ ਅਤੇ ਪਹੁੰਚ ਦੇ ਮੁੱਦਿਆਂ ਨੂੰ ਸੰਬੋਧਿਤ ਕਰਨਾ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਤਕਨਾਲੋਜੀ-ਵਿਸਥਾਰਿਤ ਸਿਖਲਾਈ ਅਨੁਭਵਾਂ ਤੋਂ ਲਾਭ ਲੈਣ ਦਾ ਮੌਕਾ ਮਿਲੇ।

ਸਿੱਟੇ ਵਜੋਂ, ਸਮਾਰਟ ਕਲਾਸਰੂਮਾਂ ਦਾ ਏਕੀਕਰਨ ਸਿੱਖਿਆ ਨੂੰ ਬਦਲਣ ਅਤੇ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਦੀ ਅਥਾਹ ਸੰਭਾਵਨਾ ਰੱਖਦਾ ਹੈ। ਇੰਟਰਐਕਟਿਵ, ਰੁਝੇਵੇਂ ਅਤੇ ਵਿਅਕਤੀਗਤ ਸਿੱਖਣ ਦੇ ਤਜ਼ਰਬੇ ਬਣਾਉਣ ਲਈ ਤਕਨਾਲੋਜੀ ਦਾ ਲਾਭ ਉਠਾ ਕੇ, ਸਮਾਰਟ ਕਲਾਸਰੂਮ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਆਲੋਚਨਾਤਮਕ ਸੋਚ, ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੀ ਸ਼ਕਤੀ ਰੱਖਦੇ ਹਨ। ਹਾਲਾਂਕਿ, ਇਸ ਸੰਭਾਵੀ ਨੂੰ ਸਾਕਾਰ ਕਰਨ ਲਈ ਵੱਖ-ਵੱਖ ਕਾਰਕਾਂ 'ਤੇ ਧਿਆਨ ਨਾਲ ਵਿਚਾਰ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਅਧਿਆਪਕ ਸਿਖਲਾਈ, ਨਿਰਦੇਸ਼ਕ ਡਿਜ਼ਾਈਨ, ਅਤੇ ਤਕਨੀਕੀ ਬੁਨਿਆਦੀ ਢਾਂਚਾ ਸ਼ਾਮਲ ਹੈ। ਚੱਲ ਰਹੀ ਖੋਜ, ਸਹਿਯੋਗ, ਅਤੇ ਨਵੀਨਤਾ ਦੁਆਰਾ, ਸਿੱਖਿਅਕ ਅਤੇ ਨੀਤੀ ਨਿਰਮਾਤਾ ਸਿਖਿਆਰਥੀਆਂ ਨੂੰ ਸਸ਼ਕਤ ਬਣਾਉਣ ਅਤੇ 21ਵੀਂ ਸਦੀ ਵਿੱਚ ਸਫਲਤਾ ਲਈ ਤਿਆਰ ਕਰਨ ਲਈ ਸਮਾਰਟ ਕਲਾਸਰੂਮਾਂ ਦੇ ਪੂਰੇ ਲਾਭਾਂ ਦੀ ਵਰਤੋਂ ਕਰ ਸਕਦੇ ਹਨ।

# ਉੱਚ ਸਿੱਖਿਆ ਲਈ ਅਮਰੀਕਾ ਬਣਿਆ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ

**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਉੱਚ ਸਿੱਖਿਆ ਲਈ ਨੰਬਰ ਇੱਕ ਮੰਜ਼ਿਲ ਬਣਿਆ ਹੋਇਆ ਹੈ। ਅਧਿਐਨ ਦਰਸਾਉਂਦੇ ਹਨ ਕਿ 69 ਪ੍ਰਤੀਸ਼ਤ ਭਾਰਤੀ ਵਿਦਿਆਰਥੀ ਕਿਸੇ ਵੀ ਹੋਰ ਮੰਜ਼ਿਲ ਨਾਲੋਂ ਅਮਰੀਕੀ ਸਿੱਖਿਆ ਨੂੰ ਤਰਜੀਹ ਦੇ ਰਹੇ ਹਨ। ਪਿਛਲੇ ਤਿੰਨ ਸਾਲਾਂ 'ਚ ਅਮਰੀਕਾ 'ਚ ਪੜ੍ਹਨ ਲਈ ਚੁਣਨ ਵਾਲੇ ਭਾਰਤੀਆਂ ਦੀ ਗਿਣਤੀ 'ਚ ਮਹੱਤਵਪੂਰਨ ਵਾਧਾ ਹੋਇਆ ਹੈ। 2023 'ਚ ਭਾਰਤ 'ਚ US ਮਿਸ਼ਨ ਨੇ 2018,2019 ਅਤੇ 2020 ਦੇ ਮੁਕਾਬਲੇ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ। ਇਹ ਬੇਮਿਸਾਲ ਵਾਧਾ ਵਿਦਿਆਰਥੀਆਂ ਦੀ ਯਾਤਰਾ ਨੂੰ ਤਰਜੀਹ ਦੇਣ ਅਤੇ ਸੁਵਿਧਾ ਪ੍ਰਦਾਨ ਕਰਨ ਲਈ ਅਮਰੀਕੀ ਸਰਕਾਰ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਦੋਂ ਕਿ ਮਿਸ਼ਨ ਨੇ 2021 ਅਤੇ 2023 ਦੇ ਵਿਚਕਾਰ ਹੋਰ ਸਾਰੇ ਵੀਜ਼ਿਆਂ ਦੀ ਮੰਗ 'ਚ 400 ਪ੍ਰਤੀਸ਼ਤ ਵਾਧੇ ਨੂੰ ਪੂਰਾ ਕੀਤਾ ਹੈ।

ਪਿਛਲੇ ਸਾਲ ਰਿਕਾਰਡ ਇੱਕ ਲੱਖ 40 ਹਜ਼ਾਰ ਵਿਦਿਆਰਥੀ ਵੀਜ਼ੇ ਜਾਰੀ ਕਰਨ ਤੋਂ ਬਾਅਦ ਭਾਰਤ 'ਚ ਅਮਰੀਕੀ ਕੌਂਸਲਰ ਟੀਮ 2024 'ਚ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਸੰਖਿਆ 'ਚ ਸੰਭਾਵਿਤ ਵਾਧੇ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇੱਥੇ ਦੂਤਘਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਾਲ ਅਨੁਮਾਨਿਤ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਸਮਾਨ ਜਾਂ ਜ਼ਿਆਦਾ ਹੋਵੇਗੀ। ਅਮਰੀਕੀ ਦੂਤਘਰ ਵਿਖੇ ਕੌਂਸਲਰ ਟੀਮ ਇੰਡੀਆ ਨੇ ਆਪਣੇ 8ਵੇਂ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਦੌਰਾਨ 39 ਸੌ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਦੀ



ਇੰਟਰਵਿਊ ਲਈ।

US ਰਾਜਦੂਤ ਐਰਿਕ ਗ਼ੈਰਸੈਟੀ ਨੇ ਸਾਰੇ ਭਾਰਤੀ ਵਿਦਿਆਰਥੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ, "ਅਮਰੀਕੀ ਵਿਦਿਅਕ ਸੰਸਥਾਵਾਂ 'ਚ ਹਰੇਕ ਅੰਤਰਰਾਸ਼ਟਰੀ ਵਿਦਿਆਰਥੀ ਇੱਕ ਸ਼ਾਨਦਾਰ ਪ੍ਰਾਪਤੀ ਨੂੰ ਦਰਸਾਉਂਦਾ ਹੈ। ਉਨ੍ਹਾਂ ਦੇ ਸਾਲਾਂ ਦੇ ਅਧਿਐਨ ਅਤੇ ਸਖਤ ਮਿਹਨਤ ਅਕਾਦਮਿਕ ਉਤਮਤਾ ਦੀ ਤਿਆਰੀ 'ਚ ਚਲੇ ਗਏ ਹਨ। ਪਹਿਲਾਂ ਗਏ ਵਿਦਿਆਰਥੀਆਂ ਵਾਂਗ, ਅੱਜ ਦੇ ਭਾਰਤੀ ਵਿਦਿਆਰਥੀ ਅਥਾਹ ਸੰਭਾਵਨਾਵਾਂ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਗਿਆਨ ਤੁਸੀਂ ਪ੍ਰਾਪਤ ਕਰੋਗੇ, ਨਵੇਂ ਹੁਨਰ ਅਤੇ ਮੌਕੇ ਜੋ ਤੁਸੀਂ ਅਨੁਭਵ ਕਰੋਗੇ ਅਤੇ ਤੁਹਾਡੇ ਦੁਆਰਾ ਬਣਾਏ ਜਾਣ ਵਾਲੇ ਰਿਸ਼ਤੇ ਨਿਵੇਸ਼ ਦੇ ਯੋਗ ਹਨ। ਅਸੀਂ ਮਿਲ ਕੇ ਅਮਰੀਕਾ-ਭਾਰਤ ਸਬੰਧਾਂ ਨੂੰ ਅੱਗੇ ਲੈ ਜਾ ਰਹੇ ਹਾਂ।"

ਇਸ ਮੌਕੇ ਦੀ ਮਹੱਤਤਾ ਨੂੰ ਸਮਝਦੇ ਹੋਏ ਕੌਂਸਲਰ ਮਾਮਲਿਆਂ ਦੇ ਮੰਤਰੀ ਰਸਲ ਬ੍ਰਾਊਨ ਨੇ ਕਿਹਾ, "ਇਸ ਸਾਲ, ਭਾਰਤੀ ਵਿਦਿਆਰਥੀ ਸੰਯੁਕਤ ਰਾਜ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਮੂਹ ਬਣ ਗਿਆ ਹੈ। ਅਸੀਂ US, ਡਿਪਾਰਟਮੈਂਟ ਔਫ਼ ਸਟੇਟ ਅਤੇ ਸਾਡੇ ਐਜੂਕੇਸ਼ਨ USA ਦੇ ਭਾਈਵਾਲ ਵਿਦਿਆਰਥੀ ਵੀਜ਼ਾ ਦਿਵਸ ਅਤੇ ਵਿਦਿਆਰਥੀ ਸੀਜ਼ਨ ਦੌਰਾਨ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਦਾ ਸੁਆਗਤ ਕਰਨ ਲਈ ਉਤਸ਼ਾਹਿਤ ਹਾਂ।"

ਭਾਰਤ 'ਚ ਅਮਰੀਕੀ ਦੂਤਘਰ ਅਤੇ ਕੌਂਸਲੇਟ ਭਾਰਤ ਤੋਂ ਵਿਦਿਆਰਥੀ ਵੀਜ਼ਾ ਬਿਨੈਕਾਰਾਂ 'ਚ ਲਗਾਤਾਰ ਵਾਧੇ ਦੀ ਉਮੀਦ ਕਰਦੇ ਹਨ ਅਤੇ ਇਸ ਵਧੀ ਹੋਈ ਮੰਗ ਨੂੰ ਪੂਰਾ ਕਰਨ ਲਈ ਵਿਦਿਆਰਥੀ ਵੀਜ਼ਾ ਸੀਜ਼ਨ ਨੂੰ 2024 ਤਕ ਵਧਾ ਦਿੱਤਾ ਹੈ। ਭਾਰਤੀ ਵਿਦਿਆਰਥੀ, ਜੋ ਪਹਿਲਾਂ ਹੀ ਅਮਰੀਕਾ 'ਚ ਅੰਤਰਰਾਸ਼ਟਰੀ ਗ੍ਰੈਜੂਏਟ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਮੂਹ ਹੈ, ਰੁਜ਼ਗਾਰ-ਆਧਾਰਿਤ US ਵੀਜ਼ਾ ਪ੍ਰਾਪਤ ਕਰਦੇ ਹਨ ਜਾਂ ਆਪਣੇ-ਆਪਣੇ ਖੇਤਰਾਂ 'ਚ ਆਗੂ ਬਣਨ ਲਈ ਭਾਰਤ ਵਾਪਿਸ ਆਉਂਦੇ ਹਨ, ਜੋ ਅਮਰੀਕਾ ਦੀ ਸਿੱਖਿਆ ਦੇ ਜੀਵਨ ਭਰ ਦੇ ਲਾਭਾਂ ਨੂੰ ਦਰਸਾਉਂਦਾ ਹੈ।

# ਹੜ੍ਹਾਂ ਦੇ ਟਾਕਰੇ ਲਈ ਪਟਿਆਲਾ ਪ੍ਰਸ਼ਾਸਨ ਨੇ ਕੀਤੇ ਅਗਾਊਂ ਪ੍ਰਬੰਧ

## ਕਿਸਾਨ ਆਪਣੇ ਖੇਤਾਂ ਨੂੰ ਬਚਾਉਣ ਲਈ ਕਰਨ ਲੱਗੇ ਤਿਆਰੀਆਂ



ਪਟਿਆਲਾ ਨਦੀ ਦੇ ਕਿਨਾਰਿਆਂ 'ਤੇ ਮਿੱਟੀ ਪਾਉਂਦਾ ਹੋਇਆ ਕਿਸਾਨ।

**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਚੌਗਿਰਦੇ ਵਿੱਚ ਬਰਸਾਤੀ ਨਦੀਆਂ ਹੋਣ ਕਰਕੇ ਹੜ੍ਹਾਂ ਦਾ ਖ਼ਤਰਾ ਸਿਰ 'ਤੇ ਮੰਡਰਾ ਰਿਹਾ ਹੈ ਪਰ ਪਟਿਆਲਾ ਪ੍ਰਸ਼ਾਸਨ ਨੇ ਅਜੇ ਤੱਕ ਕੋਈ ਅਗਾਊਂ ਪ੍ਰਬੰਧ ਨਹੀਂ ਕੀਤੇ। ਦੂਜੇ ਪਾਸੇ ਸਰਕਾਰ ਤੋਂ ਝਾਕ ਛੱਡਦਿਆਂ ਕਿਸਾਨਾਂ ਨੇ ਆਪਣੇ ਪੱਧਰ 'ਤੇ ਹੀ ਹੜ੍ਹਾਂ ਤੋਂ ਬਚਾਅ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਪਟਿਆਲਾ ਜ਼ਿਲ੍ਹੇ ਦੇ ਪਿਹੋਵਾ ਨੂੰ ਜਾਂਦੇ ਪਿੰਡ ਬੁਧਮੋਰ ਵਿਚ ਮਾਰਕੰਡਾ, ਟਾਂਗਰੀ ਤੇ ਘੱਗਰ ਦਾ ਮਿਲਾਪ ਹੁੰਦਾ ਹੈ ਉਸ ਤੋਂ ਪਹਿਲਾਂ ਤੇ ਉਸ ਤੋਂ ਅੱਗੇ ਘੱਗਰ ਦੀ ਮਾਰ ਕਾਰਨ ਕਿਸਾਨਾਂ ਸਣੇ ਹੋਰ ਲੋਕਾਂ ਨੂੰ ਭਾਰੀ ਨੁਕਸਾਨ ਝੱਲਣਾ ਕਰਨਾ ਪੈਂਦਾ ਹੈ। ਪਟਿਆਲਾ ਬਰਸਾਤੀ ਨਦੀ ਨੇ ਪਿਛਲੇ ਸਾਲ ਕਾਫ਼ੀ ਕਹਿਰ ਮਚਾਇਆ ਸੀ, ਇਸ ਦਾ ਖ਼ਤਰਾ ਪਟਿਆਲਾ ਹੀ ਨਹੀਂ ਸਗੋਂ ਇਸ ਨਾਲ ਲੱਗਦੇ ਪਿੰਡਾਂ ਨੂੰ ਝੱਲਣਾ ਪੈਂਦਾ ਹੈ। ਹੜ੍ਹਾਂ ਤੋਂ ਬਚਾਉਣ ਲਈ ਅਜੇ ਤੱਕ ਸਰਕਾਰ ਨੇ ਕੋਈ ਪੁਖ਼ਤਾ ਕਦਮ ਨਹੀਂ ਚੁੱਕਿਆ, ਇਸੇ ਤਰ੍ਹਾਂ ਮੀਰਾਂਪੁਰ ਚੋਅ ਵੀ ਪੁਆਧ ਦੇ ਕਈ ਸਾਰੇ ਪਿੰਡਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਬਾਰੇ ਵੀ ਅਜੇ ਕੋਈ ਕੰਮ ਨਹੀਂ ਹੋਇਆ, ਝੰਬੋ ਚੋਅ ਵੀ ਹਰ ਸਾਲ ਕਾਫ਼ੀ ਵਿਕਰਾਲ ਰੂਪ ਧਾਰਨ ਕਰਦੀ ਹੈ, ਉਸ ਬਾਰੇ ਵੀ ਕੋਈ ਖ਼ਾਸ ਤਵੱਜੋ ਦੇਖਣ ਨੂੰ ਨਹੀਂ ਮਿਲੀ। ਦੂਜੇ ਪਾਸੇ ਕਿਸਾਨਾਂ ਨੇ ਪ ?ਟਿਆਲਾ ਨਦੀ ਦੇ ਕਹਿਰ ਤੋਂ ਬਚਾਉਣ ਲਈ ਖ਼ੁਦ ਹੀ ਨਦੀ ਦੇ ਕਿਨਾਰਿਆਂ ਤੇ ਮਿੱਟੀ ਸੁੱਟਣੀ ਸ਼ੁਰੂ ਕਰ ਦਿੱਤੀ ਹੈ। ਕਿਸਾਨ ਬਲਦੇਵ ਸਿੰਘ ਨੇ ਕਿਹਾ ਕਿ ਅਜੇ ਤੱਕ ਨਦੀ ਦੇ ਹੜ੍ਹਾਂ ਤੋਂ ਬਚਾਉਣ ਲਈ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ ਜਿਸ ਕਰਕੇ ਕਿਸਾਨ ਆਪਣੇ ਆਪ ਹੀ ਆਪਣਾ ਬਚਾਅ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਅਵੇਸਲਾਪਣ ਕਾਫ਼ੀ ਨੁਕਸਾਨਦੇਹ ਹੈ। ਇਸੇ ਤਰ੍ਹਾਂ ਗੁਰਧਿਆਨ ਸਿੰਘ ਭਾਨਰੀ ਨੇ ਕਿਹਾ ਕਿ ਸਾਡੇ ਪਟਿਆਲਾ ਨਦੀ ਤੋਂ ਇਲਾਵਾ ਮੈਣ ਵਾਲੀ ਨਦੀ ਵੀ ਕਾਫ਼ੀ ਨੁਕਸਾਨ ਕਰਦੀ ਹੈ, ਅਜੇ ਤੱਕ ਸਰਕਾਰ ਨੇ ਇਸ ਬਾਰੇ ਕੋਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ। ਜਿਸ ਕਰਕੇ ਕਿਸਾਨਾਂ ਤੇ ਆਮ ਲੋਕਾਂ ਨੂੰ ਡਰ ਸਤਾ ਰਿਹਾ ਹੈ।

# ਰਾਜਪੁਰਾ ਰੇਲਵੇ ਸਟੇਸ਼ਨ ਨੂੰ ਚੰਡੀਗੜ੍ਹ-ਮੁਹਾਲੀ ਨਾਲ ਜੋੜਨ ਦੀ ਮੰਗ



ਮੰਗ ਪੱਤਰ ਭੇਜਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਖਜੀਤ ਸਿੰਘ ਬਘੌਰਾ ਅਤੇ ਹੋਰ।

**ਰਾਜਪੁਰਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤਰ ਦੇ ਲੋਕਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਦੇ ਪ੍ਰੈੱਸ ਸਕੱਤਰ ਸੁਖਜੀਤ ਸਿੰਘ ਬਘੌਰਾ ਦੀ ਅਗਵਾਈ ਹੇਠ ਕੇਂਦਰੀ ਰੇਲ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ ਹੈ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਹੈ ਕਿ ਰਾਜਪੁਰਾ ਰੇਲਵੇ ਜੰਕਸ਼ਨ ਨੂੰ ਚੰਡੀਗੜ੍ਹ ਅਤੇ ਮੁਹਾਲੀ ਨਾਲ ਜੋੜਿਆ ਜਾਵੇ, ਨਾਲ ਹੀ ਉਨ੍ਹਾਂ ਨੇ ਮੰਗ ਕੀਤੀ ਕਿ ਰਾਜਪੁਰਾ ਸ਼ਹਿਰ ਵਿੱਚੋਂ ਗੁਜ਼ਰਦੀਆਂ ਰੇਲ ਗੱਡੀਆਂ ਜਿਨ੍ਹਾਂ ਵਿੱਚ ਡੀਲਕਸ ਗੁਰਮੁਖੀ ਐਕਸਪ੍ਰੈੱਸ, ਅਕਾਲ ਤਖ਼ਤ ਅਤੇ ਵੰਦੇ ਭਾਰਤ ਰੇਲ ਗੱਡੀਆਂ ਸ਼ਾਮਲ ਹਨ, ਨੂੰ ਵੀ ਰੋਕਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਆਗੂਆਂ ਕਿਹਾ ਕਿ ਰਾਜਪੁਰਾ ਰੇਲਵੇ ਜੰਕਸ਼ਨ ਨੂੰ ਏਸੀ ਬਣਾਇਆ ਜਾਵੇ ਅਤੇ ਯਾਤਰੂਆਂ ਦੇ ਠਹਿਰਨ ਲਈ ਢੁਕਵਾਂ ਪ੍ਰਬੰਧ ਕੀਤਾ ਜਾਵੇ।

# ਜ਼ਿਲ੍ਹਾ ਕਾਂਗਰਸ ਕਮੇਟੀ ਵੱਲੋਂ ਡਾ. ਗਾਂਧੀ ਦਾ ਸਨਮਾਨ

**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਦੀ ਅਗਵਾਈ ਵਿੱਚ ਅਮਰ ਗਾਰਡਨ ਵਿੱਚ ਡਾਕਟਰ ਧਰਮਵੀਰ ਗਾਂਧੀ ਦੇ ਜਿੱਤ ਦੀ ਖ਼ੁਸ਼ੀ ਵਿਚ ਸਨਮਾਨ ਸਮਾਰੋਹ ਕੀਤਾ ਗਿਆ ਜਿਸ ਵਿੱਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ, ਜ਼ਿਲ੍ਹਾ ਕਾਂਗਰਸ ਕਮੇਟੀ, ਬਲਾਕ ਕਾਂਗਰਸ ਕਮੇਟੀਆਂ ਮਹਿਲਾ ਕਾਂਗਰਸ, ਕੌਂਸਲਰ, ਯੂਥ ਕਾਂਗਰਸ, ਐੱਸਸੀ ਤੇ ਬੀਸੀ ਸੈੱਲ, ਇੰਟਕ, ਮੰਡਲ ਕਮੇਟੀਆਂ, ਬੂਥ ਇੰਚਾਰਜ ਤੇ ਪੋਲਿੰਗ ਏਜੰਟਾਂ ਅਤੇ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਨਵ ਨਿਯੁਕਤ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਾਂਗਰਸ ਹਾਈਕਮਾਨ, ਲੀਡਰ ਤੇ ਵਰਕਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦਿਨ ਰਾਤ ਮਿਹਨਤ ਕਰਕੇ ਕਾਂਗਰਸ ਪਾਰਟੀ ਦੀ ਜਿੱਤ ਪੱਕੀ ਕੀਤੀ। ਸਮਾਗਮ ਵਿੱਚ ਆਏ ਵਿਸ਼ਣੂ ਸ਼ਰਮਾ ਪਟਿਆਲਾ ਸ਼ਹਿਰੀ, ਮੋਹਿਤ ਮਹਿੰਦਰਾ ਪਟਿਆਲਾ ਦਿਹਾਤੀ, ਰਾਜੇਸ਼ ਸ਼ਰਮਾ ਰਾਜੂ, ਹਰਵਿੰਦਰ ਸ਼ੁਕਲਾ, ਵਿਨੋਦ ਭਟਨਾਗਰ, ਵਿਜੈ ਕੇਸਲਾ, ਵਿਕਾਸ ਗਿੱਲ, ਸੰਜੇ ਹਾਂਸ, ਰੇਖਾ ਅਗਰਵਾਲ, ਅਮਰਬੀਰ ਕੌਰ ਬੇਦੀ, ਨਰਿੰਦਰ ਪਾਲ ਲਾਲੀ ਤੇ ਜ਼ਿਲ੍ਹਾ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਨੇ ਵੀ ਸੰਬੋਧਨ ਕੀਤਾ।



ਜ਼ਿਲ੍ਹਾ ਕਾਂਗਰਸ ਕਮੇਟੀ ਦੇ ਆਗੂ ਡਾ. ਧਰਮਵੀਰ ਗਾਂਧੀ ਦਾ ਸਨਮਾਨ ਕਰਦੇ ਹੋਏ

ਇਸ ਮੌਕੇ ਹਰਵਿੰਦਰ ਸਿੰਘ ਨਿੱਪੀ, ਗੋਪਾਲ ਸਿੰਗਲਾ, ਸੰਤੋਖ ਸਿੰਘ, ਯੋਗਿੰਦਰ ਸਿੰਘ ਯੋਗੀ, ਦਰਸ਼ਨ ਸਿੰਘ, ਗੋਪੀ ਰੰਗੀਲਾ ਆਦਿ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਹਿੱਸਾ ਲਿਆ।

# ਰਾਹੁਲਇੰਦਰ ਸਿੱਧੂ ਭੱਠਲ ਟੀਮ ਵੱਲੋਂ ਘੱਗਰ ਦਰਿਆ ਦਾ ਜਾਇਜ਼ਾ

**ਖਨੌਰੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਕਿਸਾਨ ਕਾਂਗਰਸ ਦੇ ਨੈਸ਼ਨਲ ਕੋਆਰਡੀਨੇਟਰ ਰਾਹੁਲਇੰਦਰ ਸਿੰਘ ਸਿੱਧੂ ਭੱਠਲ ਵੱਲੋਂ ਹਲਕੇ ਲਹਿਰਾਗਾਗਾ ਦੇ ਮੂਨਕ ਤੇ ਖਨੌਰੀ ਖੇਤਰਾਂ 'ਚ ਘੱਗਰ ਦਰਿਆ ਦਾ ਆਪਣੀਆਂ ਟੀਮਾਂ ਨਾਲ ਸਰਵੇ ਕੀਤਾ। ਕਾਂਗਰਸੀ ਆਗੂ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਸਰਕਾਰ ਦੀ ਕਹਿਣੀ ਤੇ ਕਰਨੀ ਵਿੱਚ ਫ਼ਰਕ ਹੈ।

ਪਹਿਲੇ ਸਾਲ ਤਾਂ ਇਨ੍ਹਾਂ ਨੇ ਵੱਡੇ-ਵੱਡੇ ਦਾਅਵੇ ਕਰ ਕੇ ਕਿਹਾ,'ਅਸੀਂ ਤਾਂ ਬਰਸਾਤਾਂ ਤੋਂ ਪਹਿਲਾਂ ਹੀ ਦਰਿਆ ਦੀ ਸਫ਼ਾਈ ਕਰਵਾ ਰਹੇ ਹਾਂ ਪਰ ਹੁਣ ਬਰਸਾਤਾਂ ਸਿਰ 'ਤੇ ਆ ਗਈਆਂ ਹਨ ਅਤੇ ਅਜੇ ਤੱਕ ਘੱਗਰ ਦਰਿਆ ਦੀ ਸਫ਼ਾਈ ਨਹੀਂ ਕਰਵਾਈ ਗਈ ਜਿਸ ਦਾ ਇੱਕ ਖ਼ਮਿਆਜ਼ਾ ਖੇਤਰ ਦੇ ਲੋਕਾਂ ਨੂੰ ਭੁਗਤਣਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਘੱਗਰ ਦਰਿਆ ਦਾ ਪ੍ਰਾਜੈਕਟ ਉਨ੍ਹਾਂ ਦੀ ਮਾਤਾ ਬੀਬੀ ਰਾਜਿੰਦਰ ਕੌਰ ਭੱਠਲ ਵੱਲੋਂ ਲੰਬੀ ਲੜਾਈ ਲੜ ਕੇ ਪਾਸ ਕਰਵਾਇਆ ਗਿਆ ਸੀ ਜਿਸ ਦਾ ਤਿੰਨ ਪੜਾਅ ਵਿੱਚ ਕੰਮ ਹੋਣਾ ਸੀ ਅਤੇ ਪਹਿਲੇ ਫ਼ੇਜ਼ ਵਿੱਚ ਖਨੌਰੀ ਤੋਂ ਲੈ ਕੇ ਮੰਡਵੀ ਤੱਕ 150 ਕਰੋੜ ਰੁਪਏ ਦੀ ਲਾਗਤ ਕੰਮ ਕਰਵਾਇਆ ਗਿਆ ਪਰ ਉਸ ਤੋਂ ਬਾਅਦ ਅਗਲੀਆਂ ਸਰਕਾਰਾਂ ਵੱਲੋਂ ਪੈਰਵਾਈ ਨਾ ਕੀਤੇ ਜਾਣ ਕਰਕੇ ਹਰਿਆਣਾ ਸਰਕਾਰ ਵੱਲੋਂ ਮਾਮਲਾ ਕੋਰਟ ਲਿਜਾਏ ਜਾਣ ਕਰਕੇ ਮੰਡਵੀ ਤੋਂ ਮਕੋਰੜ ਸਾਹਿਬ ਅਤੇ ਕੜੈਲ ਤੱਕ ਦੇ ਕੰਮ 'ਤੇ ਰੋਕ ਲੱਗ ਗਈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਸਮਾਂ ਰਹਿੰਦੇ ਘੱਗਰ ਦਰਿਆ ਦੀ ਸਫ਼ਾਈ ਕਰਵਾ ਦੇਵੇ ਤਾਂ ਇਸ ਖੇਤਰ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾ ਸਕਦਾ ਹੈ।



ਘੱਗਰ ਦਰਿਆ ਦੇ ਦੌਰੇ ਦੌਰਾਨ ਕਾਂਗਰਸ ਆਗੂ ਰਾਹੁਲਇੰਦਰ ਸਿੱਧੂ।

# ਕਿਸਾਨ ਵੱਲੋਂ ਜ਼ਹਿਰ ਨਿਗਲ ਕੇ ਖ਼ੁਦਕੁਸ਼ੀ

**ਟੋਹਾਣਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਅਯਾਲਕੀ ਦੇ ਕਿਸਾਨ ਸੁਖਬੀਰ ਸਿੰਘ ਦੀ ਵੇਚੀ ਗਈ 10 ਕਨਾਲ ਜ਼ਮੀਨ ਦੀ ਰਜਿਸ਼ਟਰੀ ਕਰਵਾਉਣ ਤੋਂ ਬਾਅਦ ਵਾਅਦੇ ਮੁਤਾਬਿਕ ਅੱਠ ਲੱਖ ਰੁਪਏ ਨਾ ਦੇਣ 'ਤੇ ਕਿਸਾਨ ਨੇ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ। ਸੁਖਬੀਰ ਸਿੰਘ ਦੀ ਪਤਨੀ ਸੁਮਨਦੀਪ ਕੌਰ ਦੀ ਸ਼ਿਕਾਇਤ ਦੇ ਆਧਾਰ 'ਤੇ ਤੇ ਪੁਲੀਸ ਨੇ ਵਿਚੋਲੀਏ ਅਤੇ ਖਰੀਦਦਾਰਾਂ ਸਮੇਤ ਚਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਮਨਦੀਪ ਕੌਰ ਮੁਤਾਬਕ ਰਿਸ਼ਤੇਦਾਰੀ ਵਿੱਚ ਉਨ੍ਹਾਂ ਦੇ ਮਾਮਾ ਲੱਗਦੇ ਅਮਰੀਕ ਸਿੰਘ ਨਿਵਾਸੀ ਖਾਨ ਮੁੰਹਮਦ ਨੇ ਬੜੋਪਲ ਵਾਸੀ ਕਰਨ ਨਾਲ ਜ਼ਮੀਨ ਦਾ ਸੌਦਾ ਕਰਵਾਇਆ ਸੀ। ਬਕਾਇਆ ਪੈਸੇ ਲਈ ਕਈ ਵਾਰ ਪੰਚਾਇਤਾਂ ਬੈਠੀਆਂ ਪਰ ਰਾਸ਼ੀ ਨਾ ਮਿਲਣ 'ਤੇ ਐਤਵਾਰ ਨੂੰ ਦੁਖੀ ਹੋ ਕੇ ਸੁਖਬੀਰ ਸਿੰਘ ਨੇ ਜ਼ਹਿਰ ਨਿਗਲ ਲਈ।

ਹਾਲਤ ਵਿਗੜਨ ਮਗਰੋਂ ਉਸ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨਿਆ। ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।



ਯੋਧਾ ਸਿੰਘ

# ਜੀਐੱਮ ਜੀਵ: ਜ਼ਹਿਰ ਜਾਂ ਵਰਦਾਨ ?

19ਵੀਂ ਸਦੀ ਦੇ ਅੱਧ ਵਿਚ ਕੋਈ ਗੁਮਨਾਮ ਪਾਦਰੀ ਆਪਣੇ ਚਰਚ ਦੀਆਂ ਕਿਆਰੀਆਂ ਵਿਚ ਮਟਰਾਂ ਦੀ ਖੇਤੀ ਕਰਦਾ ਹੋਇਆ ਕੁਝ ਵਿਲੱਖਣ ਗੱਲਾਂ ਮਹਿਸੂਸ ਕਰਦਾ ਹੈ ਕਿ ਹਰ ਪੀੜ੍ਹੀ ਬਾਅਦ ਮਟਰਾਂ ਦੇ 7 ਗੁਣ, ਖਾਸ ਤਰੀਕੇ ਨਾਲ ਆਪਣੇ ਆਪ ਨੂੰ ਦੁਹਰਾਉਂਦੇ ਹਨ ਜਿਵੇਂ ਪੌਦੇ ਦਾ ਕੱਦ (ਮਧਰਾ/ਲੰਮਾ), ਫੁੱਲ ਦਾ ਰੰਗ (ਪਰਪਲ/ਚਿੱਟਾ) ਆਦਿ। ਉਸ ਨੇ ਆਪਣਾ ਨਿਰੀaਖਣ ਛਪਣ ਲਈ ਭੇਜਿਆ ਪਰ ਵਿਗਿਆਨੀ ਇਸ ਨੂੰ ਬਿਨਾ ਸਿਰ ਪੈਰ ਦੀ ਗੱਲ ਕਹਿ ਕੇ ਰੱਦ ਦਿੰਦੇ ਹਨ ਪਰ 20ਵੀਂ ਸਦੀ ਦੇ ਤਿੰਨ ਵਿਗਿਆਨੀ ਉਸ ਪਾਦਰੀ ਦੇ ਨਤੀਜਿਆ ਉੱਤੇ ਪਹੁੰਚਦੇ ਹਨ ਅਤੇ ਦੇਖਦੇ ਹਨ ਕਿ ਉਹ ਤਾਂ ਯੁੱਗ ਦੀ ਮਹਾਨ ਖੋਜ ਸੀ।

ਪਿਛਲੇ ਲੰਮੇ ਸਮੇਂ ਤੋਂ ਅਨੁਵੰਸ਼ਕੀ ਪੱਧਰ ਤੋਂ ਸੋਧੇ ਹੋਏ ਜੀਵ (Genetically Modified Organism) ਲਗਾਤਾਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਹ ਜੀਐੱਮ ਜੀਵ (GMO) ਹੁੰਦੇ ਕੀ ਹਨ?

19ਵੀਂ ਸਦੀ ਦੇ ਅੱਧ ਵਿਚ ਕੋਈ ਗੁਮਨਾਮ ਪਾਦਰੀ ਆਪਣੇ ਚਰਚ ਦੀਆਂ ਕਿਆਰੀਆਂ ਵਿਚ ਮਟਰਾਂ ਦੀ ਖੇਤੀ ਕਰਦਾ ਹੋਇਆ ਕੁਝ ਵਿਲੱਖਣ ਗੱਲਾਂ ਮਹਿਸੂਸ ਕਰਦਾ ਹੈ ਕਿ ਹਰ ਪੀੜ੍ਹੀ ਬਾਅਦ ਮਟਰਾਂ ਦੇ 7 ਗੁਣ, ਖਾਸ ਤਰੀਕੇ ਨਾਲ ਆਪਣੇ ਆਪ ਨੂੰ ਦੁਹਰਾਉਂਦੇ ਹਨ ਜਿਵੇਂ ਪੌਦੇ ਦਾ ਕੱਦ (ਮਧਰਾ/ਲੰਮਾ), ਫੁੱਲ ਦਾ ਰੰਗ (ਪਰਪਲ/ਚਿੱਟਾ) ਆਦਿ। ਉਸ ਨੇ ਆਪਣਾ ਨਿਰੀਖਣ ਛਪਣ ਲਈ ਭੇਜਿਆ ਪਰ ਵਿਗਿਆਨੀ ਇਸ ਨੂੰ ਬਿਨਾ ਸਿਰ ਪੈਰ ਦੀ ਗੱਲ ਕਹਿ ਕੇ ਰੱਦ ਦਿੰਦੇ ਹਨ ਪਰ 20ਵੀਂ ਸਦੀ ਦੇ ਤਿੰਨ ਵਿਗਿਆਨੀ ਉਸ ਪਾਦਰੀ ਦੇ ਨਤੀਜਿਆ ਉੱਤੇ ਪਹੁੰਚਦੇ ਹਨ ਅਤੇ ਦੇਖਦੇ ਹਨ ਕਿ ਉਹ ਤਾਂ ਯੁੱਗ ਦੀ ਮਹਾਨ ਖੋਜ ਸੀ। ਇਹ ਮਹਾਨ ਖੋਜ ਸੀ ਅਨੁਵੰਸ਼ਕੀ ਦੇ ਸਿਧਾਂਤ ਅਤੇ ਇਹਨਾਂ ਨੂੰ ਖੋਜਣ ਵਾਲਾ ਪਾਦਰੀ ਗਰੇਗਰ ਜੋਹਨ ਮੈਂਡਲ ਸੀ ਜਿਸ ਨੂੰ ਬਾਅਦ ਵਿਚ ਬਣਦਾ ਸਨਮਾਨ ਦਿੱਤਾ ਗਿਆ, ਉਸ ਨੂੰ ਅਨੁਵੰਸ਼ਕੀ ਦੇ ਪਿਤਾਮਾ ਦੇ ਖਿਤਾਬ ਨਾਲ ਨਿਵਾਜਿਆ ਗਿਆ। ਅਨੁਵੰਸ਼ਕੀ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਨੂੰ ਹੇਰੇਡਿਟਰੀ ਵੀ ਕਿਹਾ ਜਾਂਦਾ ਹੈ ਜਿਸ ਵਿਚ ਮਾਪਿਆ ਤੋਂ ਔਲਾਦ ਵਿਚ ਜਾਣ ਵਾਲੇ ਗੁਣਾਂ ਦਾ ਅਧਿਐਨ ਕੀਤਾ ਜਾਂਦਾ ਹੈ। ਅਨੁਵੰਸ਼ਕੀ ਵਿਗਿਆਨ ਨੇ ਇਹ ਖੋਜਿਆ ਕਿ ਸੈੱਲ ਅੰਦਰ ਕੁਝ ਹੈ ਜੋ ਮਾਪਿਆ ਤੋਂ ਬੱਚਿਆ ਤੱਕ ਜਾਂਦਾ ਹੈ ਅਤੇ ਇਸ ਵਿਚ ਜੀਵ ਦੀ ਸਾਰੀ ਜਾਣਕਾਰੀ ਹੁੰਦੀ ਹੈ ਜੋ ਜੀਵਨ ਭਰ ਉਸ ਜੀਵ ਦਾ ਸੰਚਾਲਨ ਕਰਦੀ ਹੈ।


1955 ਵਿਚ ਵਾਟਸਨ ਅਤੇ ਕਰਿਕ ਨਾਮ ਦੇ ਵਿਗਿਆਨੀ ਅਨੁਵੰਸ਼ਕੀ ਤੱਤ ਲੱਭ ਕੇ ਇਸ ਦਾ ਪਹਿਲੀ ਵਾਰ ਮਾਡਲ ਤਿਆਰ ਕਰਦੇ ਹਨ ਅਤੇ ਇਹਨੂੰ ਡੀਐੱਨਏ (ਡਿਓਕਸੀ-ਰਾਈਬੋਜ਼-ਨਿਊਕਲਿਕ ਐਸਿਡ) ਦਾ ਨਾਮ ਦਿੱਤਾ ਜਾਂਦਾ ਹੈ। ਡੀਐੱਨਏ ਹਰ ਸੈੱਲ ਅੰਦਰ ਮੌਜੂਦ ਹੁੰਦਾ ਹੈ ਜਿਸ ਦੀ ਪੈਕਿੰਗ ਨੂੰ ਕਰੋਮੋਸੋਮ ਕਿਹਾ ਜਾਂਦਾ ਹੈ। ਹਰ ਜੀਵ ਵਿਚ ਕਰੋਮੋਸੋਮਾਂ ਦੀਆਂ ਦੋ ਕਾਪੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਇੱਕ ਮਾਂ ਅਤੇ ਇੱਕ ਪਿਓ ਤੋਂ ਬੱਚੇ ਨੂੰ ਮਿਲਦੀ ਹੈ। ਫਿਰ ਖੋਜਾਂ ਰਾਹੀਂ ਇਹ ਪਤਾ ਲੱਗਿਆ ਕਿ ਜੀਵਾਂ ਦੇ ਗੁਣ ਉਹਨਾਂ ਦਾ ਡੀਐੱਨਏ ਤੈਅ ਕਰਦਾ ਹੈ; ਮਤਲਬ, ਅਮਰੂਦ ਦੇ ਬੀਜ 'ਚ ਮੌਜੂਦ ਡੀਐੱਨਏ ਤੋਂ ਜਦੋਂ ਅਗਲੇਰੇ ਬੂਟੇ ਤਿਆਰ ਹੋਣਗੇ ਤਾਂ ਉਹਨਾਂ ਅੰਦਰ ਅਮਰੂਦ ਦੇ ਹੀ ਗੁਣ ਹੋਣਗੇ। ਇਸ ਚਰਚਾ ਵਿਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਮਨੁੱਖ ਨੇ ਮੈਂਡਲ ਦੇ ਕੰਮ-ਕਾਰ ਤੋਂ ਅੱਗੇ ਵਧਦੇ ਹੋਏ ਉਸ ਤੱਤ ਦੀ ਖੋਜ ਕਰ ਲਈ ਜਿਸ ਨਾਲ ਜੀਵਾਂ ਦੇ ਗੁਣ ਤੈਅ ਹੁੰਦੇ ਹਨ ਅਤੇ ਸੈੱਲ ਵਿਚੋਂ ਡੀਐੱਨਏ ਨੂੰ ਬਾਹਰ ਕੱਢ ਕੇ ਅਧਿਐਨ ਵੀ ਕਰਨਾ ਸ਼ੁਰੂ ਕਰ ਦਿੱਤਾ ਗਿਆ।

ਫਿਰ 1960 ਵਿਚ ਵਾਰਨਰ ਅਰਬੇਰ ਨੇ ਕੁਝ ਅਨੋਖਾ ਲੱਭਿਆ। ਉਸ ਨੇ ਦੇਖਿਆ ਕਿ ਵਾਇਰਸ ਜਦੋਂ ਬੈਕਟੀਰੀਆ ਉੱਤੇ ਹਮਲਾ ਕਰਦੇ ਹਨ ਤਾਂ ਬੈਕਟੀਰੀਆ ਦਾ ਬਚਾਅ ਪ੍ਰਬੰਧ ਕੁਝ ਅਜਿਹਾ ਕਰਦਾ ਹੈ ਜਿਸ ਨਾਲ ਵਾਇਰਸ ਦਾ ਡੀਐੱਨਏ ਟੋਟੇ ਟੋਟੇ ਹੋ ਜਾਂਦਾ ਹੈ। ਮਤਲਬ, ਬੈਕਟੀਰੀਆਂ ਕੋਲ ਕੋਈ ਇਸ ਤਰ੍ਹਾਂ ਦਾ ਚਾਕੂ ਹੈ ਜੋ ਵਾਇਰਸ ਦੇ ਡੀਐੱਨਏ ਨੂੰ ਕੱਟ ਕੇ ਟੋਟੇ ਟੋਟੇ ਕਰ ਦਿੰਦਾ ਹੈ। ਫਿਰ ਇਹ ਚਾਕੂ ਵੀ ਲੱਭ ਲਿਆ ਗਿਆ; ਇਹ ਸੀ ਵਿਲੱਖਣ ਪ੍ਰੋਟੀਨ ਐਨਜ਼ਾਈਮ ਜਿਸ ਨੂੰ ਰਿਸਟ੍ਰੀਕਸ਼ਨ ਐਨਜ਼ਾਈਮ ਦਾ ਨਾਮ ਦਿੱਤਾ ਗਿਆ। ਇਸ ਦਾ ਮਤਲਬ ਸੀ ਡੀਐੱਨਏ ਨੂੰ ਖਾਸ ਥਾਂ 'ਤੇ ਕੱਟਣ ਵਾਲਾ ਐਨਜ਼ਾਈਮ।

ਚਲੋ ਫਿਰ ਪ੍ਰਯੋਗਸ਼ਾਲਾ ਵਾਪਸ ਪਰਤਦੇ ਹਾਂ। ਹੁਣ ਸਾਡੇ ਕੋਲ ਟੈਸਟ ਟਿਊਬ ਵਿਚ ਦੋ ਚੀਜ਼ਾਂ ਆ ਚੁੱਕੀਆਂ ਸਨ; ਪਹਿਲੀ, ਜੀਵ ਦਾ ਕੱਢਿਆ ਹੋਇਆ ਡੀਐੱਨਏ; ਦੂਜਾ, ਇਸ ਡੀਐੱਨਏ ਨੂੰ ਕੱਟਣ ਵਾਲਾ ਐਨਜ਼ਾਈਮ ਪ੍ਰੋਟੀਨ (ਰਿਸਟ੍ਰੀਕਸ਼ਨ ਐਨਜ਼ਾਈਮ)। ਪ੍ਰਯੋਗਸ਼ਾਲਾ ਵਿਚ ਤਜਰਬੇ ਕਰ ਕੇ ਦੇਖੇ ਗਏ ਅਤੇ ਇਹ ਐਨਜ਼ਾਈਮ ਡੀਐੱਨਏ ਨੂੰ ਕੱਟ ਰਿਹਾ ਸੀ। ਫਿਰ ਇੱਕ ਹੋਰ ਪ੍ਰੋਟੀਨ (ਐਨਜ਼ਾਈਮ) ਵਰਤਿਆ ਗਿਆ ਜਿਸ ਦਾ ਨਾਮ ਡੀਐੱਨਏ ਲਾਇਗੇਸ ਸੀ ਜੋ ਡੀਐੱਨਏ ਨੂੰ ਫਿਰ ਤੋਂ ਜੋੜ ਸਕਦਾ ਸੀ। ਹੁਣ ਪ੍ਰਯੋਗ ਵਿਚ ਥੋੜ੍ਹਾ ਬਦਲਾਉ ਕੀਤਾ ਗਿਆ। ਟੈਸਟ ਟਿਊਬ ਵਿਚ ਦੋ ਜੀਵਾਂ ਦਾ ਡੀਐੱਨਏ ਲਿਆ ਗਿਆ ਅਤੇ ਉਹਨਾਂ ਨੂੰ ਰਿਸਟ੍ਰੀਕਸ਼ਨ ਐਨਜ਼ਾਈਮ ਨਾਲ ਕੱਟ ਲਗਾ ਕੇ ਜੁੜਨ ਦਿੱਤਾ ਗਿਆ। ਹੁਣ ਇਸ ਨਾਲ ਕੀ ਹੋਇਆ ਹੋਵੇਗਾ? ਪਹਿਲਾਂ ਦੋ ਜੀਵਾਂ ਦਾ ਡੀਐੱਨਏ ਅਲੱਗ ਅਲੱਗ ਪਿਆ ਸੀ, ਉਹਨਾਂ ਨੂੰ ਕੱਟਣ ਵਾਲੇ ਪ੍ਰੋਟੀਨ ਨੇ ਕੱਟ ਲਗਾ ਦਿੱਤੇ ਅਤੇ ਜਦੋਂ ਜੁੜਨ ਦੀ ਵਾਰੀ ਆਈ ਤਾਂ ਇਹ ਦੋ ਅਲੱਗ ਅਲੱਗ ਡੀਐੱਨਏ ਇੱਕ ਦੂਜੇ ਨਾਲ ਵੱਖ ਵੱਖ ਥਾਵਾਂ 'ਤੇ ਜੁੜ ਗਏ। ਜੀਵਨ ਦੇ ਰਹੱਸ ਮਨੁੱਖ ਦੀ ਅੱਖ ਤੋਂ ਓਹਲੇ ਸਨ ਪਰ ਮਨੁੱਖ ਨੇ ਆਪਣੇ ਗਿਆਨ ਦੇ ਇਸ ਸਿਖਰ 'ਤੇ ਪਹੁੰਚਦੇ ਹੋਏ ਸੈੱਲ ਅੰਦਰਲੇ ਰਹੱਸ ਨੂੰ ਸਿਰਫ ਲੱਭਿਆ ਹੀ ਨਹੀਂ ਸਗੋਂ ਉਸ ਨੂੰ ਆਗਿਆ ਅਧੀਨ ਕਰਨ ਦੀ ਤਿਆਰੀ ਵੀ ਕਰ ਲਈ। ਹੁਣ ਮਨੁੱਖ ਆਪਣੇ ਅਨੁਸਾਰ ਪੱਤੇ ਬਦਲਣ ਲਈ ਤਿਆਰ ਸੀ। ਫਿਰ ਵਿਗਿਆਨੀਆਂ ਨੇ ਡੀਐੱਨਏ ਦੇ ਉਹ ਹਿੱਸੇ ਲੱਭੇ ਜਿਸ ਵਿਚ ਗੁਣ ਹੁੰਦੇ ਹਨ। ਇਹਨਾਂ ਨੂੰ ਹੀ ਜੀਨ ਕਿਹਾ ਜਾਂਦਾ ਹੈ; ਜਿਵੇਂ ਚੌਲਾਂ ਵਿਚ ਵਿਟਾਮਿਨ ਏ ਨਹੀਂ ਬਣਦਾ ਕਿਉਂਕਿ ਉਹਨਾਂ ਵਿਚ ਉਹ ਜੀਨ ਨਹੀਂ ਹੈ ਜਿਸ ਨੇ ਬੀਟਾ-ਕੇਰੋਟੀਨ ਪੈਦਾ ਕਰਨਾ ਹੈ ਜੋ ਅੱਗੇ ਚੱਲ ਕੇ ਵਿਟਮਿਨ ਏ ਬਣੇਗੀ। ਫਿਰ ਇੱਕ ਬੈਕਟੀਰੀਆ ਲਿਆ ਗਿਆ ਜਿਸ ਵਿਚ ਜੀਨ ਮੌਜੂਦ ਸੀ ਜਿਸ ਨਾਲ ਵਿਟਾਮਿਨ ਏ ਬਣਾਉਣ ਵਾਲੇ ਰਸਾਇਣਕ ਤੱਤ ਮਿਲਦੇ ਹਨ। ਇਹ ਡੀਐੱਨਏ ਕੱਢ ਕੇ ਉਹ ਖਾਸ ਜੀਨ ਕੱਟ ਲਿਆ ਅਤੇ ਇਸ ਨੂੰ ਚੌਲਾਂ ਦੇ ਡੀਐੱਨਏ ਵਿਚ ਜੋੜ ਦਿੱਤਾ ਤੇ ਫਿਰ ਇਸ ਡੀਐੱਨਏ ਨੂੰ ਸੈੱਲ ਅੰਦਰ ਪਾ ਕੇ ਨਵੀਂ ਫਸਲ ਤਿਆਰ ਕੀਤੀ ਗਈ। ਹੈਰਾਨੀਜਨਕ ਨਤੀਜੇ ਸਾਹਮਣੇ ਆਏ ਚੌਲਾਂ ਵਿਚ ਵਿਟਾਮਿਨ ਏ ਬਣ ਰਿਹਾ ਸੀ। ਇਹ ਸਾਡੀ ਕੁਦਰਤ ਬਾਰੇ ਅਤੇ ਜੀਵ ਵਿਗਿਆਨ ਦੇ ਖੇਤਰ ਵਿਚ ਸੈੱਲ ਬਾਰੇ ਸਮਝ ਦੀ ਗਹਿਰਾਈ ਸੀ ਕਿ ਅਸੀਂ ਜੀਵਾਂ ਨੂੰ ਆਪਣੇ ਹਿਸਾਬ ਨਾਲ ਬਦਲ ਸਕਦੇ ਹਾਂ। ਇਹਨਾਂ ਹੀ ਪੌਦਿਆਂ ਅਤੇ ਜਾਨਵਰਾਂ ਨੂੰ ਅਨੁਵੰਸ਼ਕੀ ਸੋਧਿਆ ਜੀਵ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਇਸ ਖੇਤਰ ਨੂੰ ਖੋਜ ਕਾਰਜਾਂ ਲਈ ਬੇਹਿਸਾਬ ਪੈਸਾ ਮਿਲਦਾ ਹੈ। ਬਹੁਤ ਸਾਰੀਆਂ ਫਸਲਾਂ ਜਿਵੇਂ ਕਪਾਹ, ਬੈਂਗਣ, ਚੌਲ ਆਦਿ ਨੂੰ ਜੈਨੇਟਿਕ ਪੱਧਰ ਤੋਂ ਸੋਧਿਆ ਜਾਂਦਾ ਹੈ। ਹੁਣ ਤੱਕ ਜੋ ਚਰਚਾ ਕੀਤੀ ਹੈ, ਉਹ ਮਨੁੱਖ ਦੀ ਮਹਾਨ ਲੱਭਤ ਦਾ ਇਤਿਹਾਸ ਸੀ ਪਰ ਭਵਿੱਖ ਵਿਚ ਇਸ ਲੱਭਤ ਨੇ ਬਹੁਤ ਸਾਰੇ ਵਿਵਾਦਾਂ ਨੂੰ ਜਨਮ ਦਿੱਤਾ।

ਹੁਣ ਸਵਾਲ ਹੈ ਕਿ ਜੀਐੱਮਓ ਜ਼ਹਿਰ ਹੈ ਜਾਂ ਵਰਦਾਨ?

ਮਨੁੱਖ ਸਦੀਆਂ ਤੋਂ ਵਿਗਿਆਨ ਦੀ ਵਰਤੋਂ ਰਾਹੀਂ ਆਪਣਾ ਜੀਵਨ ਪੱਧਰ ਸੁਧਾਰਦਾ ਰਿਹਾ ਹੈ ਜਿਸ ਦੇ ਮਨੁੱਖ ਤੇ ਕੁਦਰਤ ਨੂੰ ਫਾਇਦੇ ਅਤੇ ਨੁਕਸਾਨ ਵੀ ਹੁੰਦੇ ਰਹੇ ਹਨ। ਅਧੁਨਿਕ ਸਮੇਂ ਦੀ ਸ਼ੁਰੂਆਤ ਜਿਸ ਵਿਚ ਮਨੁੱਖ ਸਨਅਤੀ ਪੈਦਾਵਾਰ ਵੱਲ ਵਧਦਾ ਹੈ ਤਾਂ ਆਵਾਜਾਈ, ਦੂਰ-ਸੰਚਾਰ,



# ਐਵੇਂ ਨਾ ਸਹਾਰੇ ਲੱਭਦੇ ਰਿਹਾ ਕਰੋ

ਕੈਲਾਸ਼ ਚੰਦਰ ਸ਼ਰਮਾ

'ਇੱਕ ਬਜ਼ੁਰਗ ਜੋੜਾ ਹਵਾਈ ਜਹਾਜ਼ ਵਿੱਚ ਸਫ਼ਰ ਕਰ ਰਿਹਾ ਸੀ। ਆਦਮੀ ਦੀ ਉਮਰ ਲਗਭਗ ਅੱਸੀ ਸਾਲ ਦੇ ਕਰੀਬ ਹੋਵੇਗੀ ਤੇ ਔਰਤ ਕੁਝ ਸਾਲ ਘੱਟ। ਜਦੋਂ ਉਹ ਬਜ਼ੁਰਗ ਇੱਕ ਬੋਤਲ ਖੋਲ੍ਹਣ ਲੱਗਾ ਤਾਂ ਉਨ੍ਹਾਂ ਕੋਲੋਂ ਖੁੱਲ੍ਹ ਨਹੀਂ ਸੀ ਰਹੀ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਕੋਲੋਂ ਬੋਤਲ ਖੋਲ੍ਹਣ ਲਈ ਮੰਗੀ ਤਾਂ ਉਨ੍ਹਾਂ ਨੇ ਨਹੀਂ ਦਿੱਤੀ, ਪਰ ਆਪਣੀ ਕੋਸ਼ਿਸ਼ ਜਾਰੀ ਰੱਖੀ। ਬੋਤਲ ਨਾ ਖੁੱਲ੍ਹਦੀ ਦੇਖ ਕੇ ਮੈਂ ਵੀ ਉਨ੍ਹਾਂ ਦੀ ਮਦਦ ਕਰਨ ਲਈ ਹੱਥ ਵਧਾਇਆ, ਪਰ ਸਭ ਕੁਝ ਬੇਕਾਰ।

ਖੁਸ਼ੀਆਂ ਤੇ ਗ਼ਮ ਸਾਡੀ ਜ਼ਿੰਦਗੀ ਵਿੱਚ ਵਾਰੋ-ਵਾਰੀ ਗੇੜੇ ਮਾਰਦੇ ਰਹਿੰਦੇ ਹਨ। ਜਿਸ ਨਾਲ ਵਿਅਕਤੀ ਦੀ ਜ਼ਿੰਦਗੀ ਵਿੱਚ ਹਾਲਾਤ ਮੌਸਮਾਂ ਵਾਂਗ ਬਦਲਦੇ ਰਹਿੰਦੇ ਹਨ। ਕਈ ਵਾਰ ਇਹ ਹਾਲਾਤ ਵਿਅਕਤੀ ਨੂੰ ਇੰਨਾ ਕਮਜ਼ੋਰ ਬਣਾ ਦਿੰਦੇ ਹਨ ਕਿ ਉਸ ਨੂੰ ਇਸ ਵਿੱਚੋਂ ਨਿਕਲਣ ਦਾ ਕੋਈ ਤਰੀਕਾ ਨਹੀਂ ਸੁੱਝਦਾ। ਇਸ ਲਈ ਉਹ ਨਾ ਚਾਹੁੰਦੇ ਹੋਏ ਵੀ ਆਪਣੇ ਨਜ਼ਦੀਕ ਦੇ ਸਬੰਧਾਂ ਵਿੱਚੋਂ ਸਹਾਰਾ ਲੈਣ ਲਈ ਮਜਬੂਰ ਹੋ ਜਾਂਦਾ ਹੈ। ਜਦੋਂ ਸਹਾਰਾ ਆਸਾਨੀ ਨਾਲ ਮਿਲ ਜਾਵੇ ਤਾਂ ਹੌਲੀ ਹੌਲੀ ਦੂਸਰਿਆਂ ਕੋਲੋਂ ਸਹਾਰਾ ਲੱਭਣਾ ਵਿਅਕਤੀ ਦੀ ਆਦਤ ਬਣ ਜਾਂਦੀ ਹੈ ਜੋ ਬਾਅਦ ਦੇ ਜੀਵਨ ਵਿੱਚ ਬਹੁਤੀ ਵਾਰ ਨਮੋਸ਼ੀ ਦਾ ਕਾਰਨ ਵੀ ਬਣਦੀ ਹੈ।

ਸਿਆਣੇ ਕਹਿੰਦੇ ਹਨ ਕਿ ਸਦਾ ਬੇਗਾਨੇ ਖੰਭਾਂ ਦਾ ਸਹਾਰਾ ਲੱਭਣ ਵਾਲੇ ਲੋਕ ਸਾਰੀ ਉਮਰ ਹਨੇਰਾ ਹੀ ਢੋਂਦੇ ਰਹਿੰਦੇ ਹਨ ਤੇ ਕਦੇ ਵੀ ਸਫਲਤਾ ਦੀਆਂ ਉਚਾਈਆਂ ਹਾਸਲ ਨਹੀਂ ਕਰ ਸਕਦੇ। ਵਿਅਕਤੀ ਨੂੰ ਖੁਸ਼ਹਾਲੀ ਦੀਆਂ ਮੰਜ਼ਿਲਾਂ ਪ੍ਰਾਪਤ ਕਰਨ ਤੇ ਆਪਣੀ ਪਰਛਾਈ ਲਈ ਖੁਦ ਧੁੱਪ ਵਿੱਚ ਖੜ੍ਹੇ ਰਹਿਣਾ ਚਾਹੀਦਾ ਹੈ। ਦੂਜਿਆਂ ਦੀ ਛਾਂ ਵਿੱਚ ਖੜ੍ਹੇ ਰਹਿ ਕੇ ਅਸੀਂ ਆਪਣੀ ਪਰਛਾਈ ਖੋ ਦਿੰਦੇ ਹਾਂ ਜਿਸ ਕਾਰਨ ਜ਼ਿੰਦਗੀ ਵਿੱਚ ਬਹੁਤ ਤਕਲੀਫ਼ ਮਿਲਦੀ ਹੈ। ਤੈਰਨਾ ਸਿੱਖਣਾ ਹੈ ਤਾਂ ਪਾਣੀ ਵਿੱਚ ਉਤਰਨਾ ਹੀ ਪਵੇਗਾ, ਕਿਨਾਰੇ ਬੈਠ ਕੇ ਕੋਈ ਗੋਤਾਖੋਰ ਨਹੀਂ ਬਣ ਸਕਦਾ। ਆਪਣੇ ਸੁਪਨਿਆਂ ਦੀ ਮੰਜ਼ਿਲ ਪ੍ਰਾਪਤੀ ਮਾੜੇ ਹਾਲਾਤ ਵਿੱਚੋਂ ਨਿਕਲਣ ਦੀ ਪਹਿਲੀ ਪੁਲਾਂਘ ਖੁਦ ਦੇ ਹੌਸਲੇ ਨਾਲ ਹੀ ਪੁੱਟਣੀ ਪੈਂਦੀ ਹੈ। ਪਰਮਾਤਮਾ ਨੇ ਹਰ ਵਿਅਕਤੀ ਨੂੰ ਅਨੋਖੀਆਂ ਸ਼ਕਤੀਆਂ ਦਿੱਤੀਆਂ ਹਨ, ਪਰ ਜੋ ਵਿਅਕਤੀ ਹਾਲਾਤ ਦੇ ਅੱਗੇ ਹਾਰ ਜਾਂਦੇ ਹਨ, ਰੀੜ੍ਹ ਦੀ ਹੱਡੀ ਹੋਣ ਦੇ ਬਾਵਜੂਦ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਹੀਆ ਨਹੀਂ ਕਰਦੇ, ਉਹ ਸਮੇਂ ਦੀ ਧੂੜ ਵਿੱਚ ਹੀ ਗੁਆਚ ਜਾਂਦੇ ਹਨ ਤੇ ਮੰਗਤਿਆਂ ਵਾਂਗ ਦੂਸਰਿਆਂ ਦੇ ਸਾਹਮਣੇ ਤਰਸ ਦੇ ਪਾਤਰ ਬਣੇ ਰਹਿੰਦੇ ਹਨ। ਇਸ ਲਈ ਮਨੁੱਖ ਨੂੰ ਹਰ ਗੱਲ 'ਤੇ ਆਸਰੇ ਲੈਣ ਵਾਲਾ ਨਹੀਂ ਬਣਨਾ ਚਾਹੀਦਾ।

ਜ਼ਰੂਰਤ ਤੋਂ ਜ਼ਿਆਦਾ ਦੂਜਿਆਂ 'ਤੇ ਨਿਰਭਰਤਾ, ਇਨਸਾਨ ਨੂੰ ਅਪਾਹਜ ਬਣਾ ਦਿੰਦੀ ਹੈ ਤੇ ਅਜਿਹੇ ਲੋਕ ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਦੇਖਣ ਦੀ ਜੁਰੱਅਤ ਨਹੀਂ ਕਰ ਸਕਦੇ। ਜ਼ਿੰਦਗੀ ਵਿੱਚ ਖ਼ੁਦ ਹਿੰਮਤ ਕਰੋਗੇ ਤਾਂ ਸਾਰਾ ਕੁਝ ਬਦਲ ਸਕਦੇ ਹਾਂ। ਕਈ ਵਾਰ ਬਾਰ-ਬਾਰ ਸਹਾਰਾ ਪ੍ਰਾਪਤ ਕਰਨ ਦੀ ਆਦਤ ਕਾਰਨ ਸਹਾਰਾ ਦੇਣ ਵਾਲੇ ਹੀ ਮੰਜ਼ਿਲਾਂ ਤੋਂ ਗੁੰਮਰਾਹ ਵੀ ਕਰ ਦਿੰਦੇ ਹਨ। ਦੂਜਿਆਂ ਤੋਂ ਮਿਲਣ ਵਾਲੇ ਸਹਾਰੇ 'ਤੇ ਰਹਿਣ ਨਾਲ ਜੀਵਨ ਹੀ ਬੰਦ ਹੋ ਜਾਂਦਾ ਹੈ। ਜਿਹੜਾ ਵਿਅਕਤੀ ਅਪਾਹਜ ਹੋਣ ਦੇ ਬਾਵਜੂਦ ਚੱਲਦਾ ਰਹਿੰਦਾ ਹੈ, ਉਸ ਨੂੰ ਅੱਗੇ ਕਿਸਮਤ ਉਡੀਕ ਰਹੀ ਹੁੰਦੀ ਹੈ।

'ਇੱਕ ਬਜ਼ੁਰਗ ਜੋੜਾ ਹਵਾਈ ਜਹਾਜ਼ ਵਿੱਚ ਸਫ਼ਰ ਕਰ ਰਿਹਾ ਸੀ। ਆਦਮੀ ਦੀ ਉਮਰ ਲਗਭਗ ਅੱਸੀ ਸਾਲ ਦੇ ਕਰੀਬ ਹੋਵੇਗੀ ਤੇ ਔਰਤ ਕੁਝ ਸਾਲ ਘੱਟ। ਜਦੋਂ ਉਹ ਬਜ਼ੁਰਗ ਇੱਕ ਬੋਤਲ ਖੋਲ੍ਹਣ ਲੱਗਾ ਤਾਂ ਉਨ੍ਹਾਂ ਕੋਲੋਂ ਖੁੱਲ੍ਹ ਨਹੀਂ ਸੀ ਰਹੀ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਕੋਲੋਂ ਬੋਤਲ ਖੋਲ੍ਹਣ ਲਈ ਮੰਗੀ ਤਾਂ ਉਨ੍ਹਾਂ ਨੇ ਨਹੀਂ ਦਿੱਤੀ, ਪਰ ਆਪਣੀ ਕੋਸ਼ਿਸ਼ ਜਾਰੀ ਰੱਖੀ। ਬੋਤਲ ਨਾ ਖੁੱਲ੍ਹਦੀ ਦੇਖ ਕੇ ਮੈਂ ਵੀ ਉਨ੍ਹਾਂ ਦੀ ਮਦਦ ਕਰਨ ਲਈ ਹੱਥ ਵਧਾਇਆ, ਪਰ ਸਭ ਕੁਝ ਬੇਕਾਰ। ਆਖਰ ਇੱਕ ਦੋ-ਵਾਰ ਹੋਰ ਕੋਸ਼ਿਸ਼ ਕਰਨ 'ਤੇ ਉਨ੍ਹਾਂ ਨੇ ਬੋਤਲ ਖੋਲ੍ਹ ਲਈ। ਮੇਰੇ ਵੱਲ ਦੇਖ ਕੇ ਕਹਿਣ ਲੱਗੇ: ਦੂਜਿਆਂ ਦੇ ਸਹਾਰੇ ਤੋਂ ਵੱਡਾ ਇਸ ਦੁਨੀਆ ਵਿੱਚ ਕੋਈ ਵਾਇਰਸ ਨਹੀਂ ਤੇ ਖੁਦ ਦੀ ਹਿੰਮਤ ਤੋਂ ਵੱਡੀ ਕੋਈ ਵੈਕਸੀਨ ਨਹੀਂ ਹੁੰਦੀ।

ਇਸ ਸੰਸਾਰ ਵਿੱਚ ਸਭ ਤੋਂ ਵੱਡਾ ਗ਼ਰੀਬ ਉਹੀ ਹੈ ਜਿਸ ਦੀਆਂ ਖ਼ੁਸ਼ੀਆਂ ਦੂਜਿਆਂ 'ਤੇ ਨਿਰਭਰ ਕਰਦੀਆਂ ਹਨ। ਕੱਪੜਿਆਂ ਦੀ ਮੈਚਿੰਗ ਬਿਠਾਉਣ ਨਾਲ ਸਿਰਫ਼ ਸਰੀਰ ਸੁੰਦਰ ਦਿਸਦਾ ਹੈ, ਪਰ ਜੇਕਰ ਹਿੰਮਤ ਤੇ ਸੋਚ ਨਾਲ ਮੈਚਿੰਗ ਬਿਠਾ ਲਈਏ ਤਾਂ ਜੀਵਨ ਸੁੰਦਰ ਬਣ ਜਾਵੇਗਾ। ਬਦਕਿਸਮਤੀ ਇਹ ਹੈ ਕਿ ਅਸੀਂ ਛੋਟੀ ਜਿਹੀ ਮੁਸ਼ਕਿਲ ਆ ਜਾਣ 'ਤੇ

# ਕਿਤਾਬਾਂ ਦਾ ਲਾਜਵਾਬ ਤੇ ਲਾਸਾਨੀ ਨਿੱਧ



ਪ੍ਰੋ. ਕੁਲਵੰਤ ਸਿੰਘ ਔਜਲਾ
84377-88856

ਪੜ੍ਹਨ ਦਾ ਨਸ਼ਾ ਦੁਨੀਆਂ ਦੇ ਤਮਾਮ ਨਸ਼ਿਆਂ ਤੋਂ ਉੱਤਮ ਤੇ ਊਰਜਾਵਾਨ ਹੈ। ਇਹ ਨਸ਼ਾ ਸਿਹਤਮੰਦ ਤੇ ਸੁਰਵੰਤ ਇਨਸਾਨਾਂ ਦੀ ਸੰਗਤ ਤੇ ਸੋਹਬਤ ਵਿਚ ਲੱਗਦਾ ਹੈ। ਇਹ ਤਾਉਮਰ ਦਾ ਨਸ਼ਾ ਹੈ। ਮੈਂ ਆਪਣੇ ਗੁਰੂ ਹਰਭਜਨ ਸਿੰਘ ਹੁੰਦਲ ਨੂੰ ਮਿਲਣ ਗਿਆ। ਵਡੇਰੀ ਉਮਰ ਕਾਰਨ ਕਮਜ਼ੋਰ ਸਨ ਪਰ ਅਜੇ ਵੀ ਉਹ ਅੰਗਰੇਜ਼ੀ ਦੀ ਵਿਸ਼ਵ ਪ੍ਰਸਿੱਧ ਕਿਤਾਬ ਪੜ੍ਹਨ ਵਿਚ ਲੀਨ ਸਨ। ਉਨ੍ਹਾਂ ਆਖਿਆ ਕਿ ਮੈਨੂੰ ਚੰਗੀਆਂ ਕਿਤਾਬਾਂ ਦੀ ਦੱਸ ਗੁਰਦਿਆਲ ਬੱਲ ਪਾਉਂਦਾ ਹੈ। ਫਿਰ ਉਹ ਕਿਤਾਬ ਮੈਂ ਹਰ ਹੀਲੇ ਮੰਗਵਾਉਂਦਾ ਅਤੇ ਪੜ੍ਹਦਾ ਹਾਂ। ਪੜ੍ਹਨ ਦੀ ਜਾਗ ਮੈਨੂੰ ਮਿਡਲ ਸਕੂਲ ਵਿਚ ਹਰਭਜਨ ਸਿੰਘ ਹੁੰਦਲ ਦੀ ਪ੍ਰੇਰਨਾ ਨਾਲ ਲੱਗੀ। ਚੰਗੇ ਅਧਿਆਪਕ ਪੜ੍ਹਨ ਲਈ ਮੁਤਾਸਿਰ ਕਰਦੇ ਹਨ। ਪੜ੍ਹਨ ਦੀ ਲਗਨ ਲੱਗ ਜਾਵੇ ਤਾਂ ਟੁੱਟਦੀ ਨਹੀਂ। ਪੜ੍ਹਨ ਵਿਚ ਲਿਵ ਲੱਗ ਜਾਵੇ ਤਾਂ ਰੋਟੀ ਭੁੱਲ ਜਾਂਦੀ ਹੈ। ਪੜ੍ਹਨ ਨਾਲ ਅੰਦਰੂਨੀ ਤੰਦਰੁਸਤੀਆਂ ਦੀ ਲਹਿਰ ਉਰਜਿਤ ਹੁੰਦੀ ਹੈ। ਪੜ੍ਹਨ ਨਾਲ ਮਨ-ਮਸਤਕ ਵਿਚ ਨਵੀਂ ਦੁਨੀਆਂ ਜਾਗਦੀ ਹੈ। ਜਦੋਂ ਯੂਨੀਵਰਸਿਟੀ ਪੜ੍ਹਨ ਗਿਆ ਤਾਂ ਉੱਥੇ ਲਾਲੀ ਬਾਬੇ ਜਿਹੇ ਅਨੇਕਾਂ 'ਭੂਤ' (ਦਲੀਪ ਕੌਰ ਟਿਵਾਣਾ ਵੱਲੋਂ ਆਪਣੇ ਕੁਝ ਵਿਦਿਆਰਥੀਆਂ ਨੂੰ ਪਿਆਰ ਨਾਲ ਦਿੱਤਾ ਗਿਆ 'ਨਾਂ') ਸਨ। ਇਨ੍ਹਾਂ ਬਾਬਿਆਂ ਦੀਆਂ ਬਾਤਾਂ ਸੁਣ-ਸੁਣ ਕੇ ਅਸਚਰਜ ਹੋਈ ਜਾਣਾ। ਆਮ ਜਿਹੇ ਬੰਦਿਆਂ ਵਰਗੇ ਇਹ ਲੋਕ ਮੌਲਿਕ ਤੇ ਵਿਸ਼ੇਸ਼ ਲੱਗਣ ਲੱਗੇ। ਅਜਿਹੇ ਜ਼ਰਖ਼ੇਜ਼ ਮਾਹੌਲ ਵਿਚ ਪੜ੍ਹਨ ਵਾਲਿਆਂ ਨੂੰ ਸ਼ਕਤੀ, ਸਿਦਕ ਤੇ ਸੰਵੇਦਨਾ ਮਿਲਦੀ ਹੈ। ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਇਹ ਬਾਬੇ ਪੜ੍ਹਨ ਦੀਆਂ ਭੱਠੀਆਂ ਮਘਾਈ ਰੱਖਦੇ। ਹਰ ਕਿਸੇ ਦੇ ਹੱਥ ਵਿਚ ਕਿਤਾਬਾਂ ਹੁੰਦੀਆਂ। ਹਰ ਕਿਸੇ ਦਾ ਅੰਦਾਜ਼ ਟੁੰਬਦਾ। ਲਾਇਬਰੇਰੀ ਉਦੋਂ ਪੜ੍ਹਨ ਵਾਲਿਆਂ ਦਾ ਮੱਕਾ ਤੇ ਮਦੀਨਾ ਹੁੰਦੀ ਸੀ। ਯੂਨੀਵਰਸਿਟੀ ਦੀ ਹਵਾ ਵਿਚ ਇਹ ਦੰਦਕਥਾ ਪ੍ਰਚਲਤ ਸੀ ਕਿ ਕਿਤਾਬਾਂ ਪੜ੍ਹੋ ਭਾਵੇਂ ਚੋਰੀ ਕਰ ਕੇ ਪੜ੍ਹੋ। ਲਾਲੀ ਬਾਬੇ ਦੀਆਂ ਮਹੀਨ ਤੇ ਮੁੱਲਵਾਨ ਗੱਲਾਂ ਠਹਿਰੀ ਰਾਤ ਤੀਕ ਚੱਲਦੀਆਂ। ਗੱਲਾਂ ਇਲਮ ਤੇ ਅਨੁਭਵ ਦੇ ਮਿਸ਼ਰਣ ਵਿਚੋਂ ਜੰਮਦੀਆਂ ਹਨ। ਗੱਲਾਂ ਲਈ ਪੜ੍ਹੇ ਤੇ ਗੁੜ੍ਹੇ ਹੋਣਾ ਲਾਜ਼ਮੀ ਹੈ। ਗੱਲਾਂ ਵਿਚ ਜਾਦੂ, ਜੋਸ਼ ਤੇ ਜਜ਼ਬਾ ਹੁੰਦਾ ਹੈ। ਪੜ੍ਹਨ ਨਾਲ ਗੱਲਾਂ ਨੂੰ ਆਤਿਸ਼ ਤੇ ਆਂਤਰਿਕਤਾ ਮਿਲਦੀ ਹੈ। ਪੜ੍ਹਨ ਨਾਲ ਬੰਦਾ ਗਹਿਰਾ ਤੇ ਗੂੜ੍ਹਾ ਹੁੰਦਾ ਹੈ।

ਪੜ੍ਹਨ ਬਿਨਾਂ ਲੋਕ ਫੋਕੇ ਰਹਿ ਜਾਂਦੇ ਹਨ। ਮੇਰਾ 35 ਸਾਲ ਪੁਰਾਣਾ ਨੌਕਰ ਸਵੇਰੇ ਜਦੋਂ ਆਉਂਦਾ ਹੈ ਤਾਂ ਮੇਰੀਆਂ ਅਖ਼ਬਾਰਾਂ ਨੂੰ ਫੜ-ਫੜ ਕੇ ਮੂਰਤਾਂ ਦੇਖਦਾ ਹੈ ਤੇ ਪੁੱਛਦਾ ਹੈ ਕਿ ਇਹ ਕੀ ਹੈ? ਇਹ ਕੀ ਲਿਖਿਆ ਹੈ? ਕਦੇ-ਕਦੇ ਕਹਿੰਦਾ ਹੈ ਕਿ ਪੜ੍ਹ ਜਾਂਦੇ ਤਾਂ ਚੰਗਾ ਸੀ ਪਰ ਮਾਂ-ਬਾਪ ਦੀ ਜਲਦੀ ਮੌਤ ਨਾਲ ਬਾਰਾਂ ਸਾਲ ਦੀ ਉਮਰ ਵਿਚ ਭਰਾਵਾਂ ਨੇ ਜੱਟਾਂ ਨਾਲ ਹਲ ਵਾਹੁਣ ਲਾ ਦਿੱਤਾ। ਨਾ ਪੜ੍ਹ ਸਕਣ ਦਾ ਹੇਰਵਾ ਤੜਫ਼ਾਉਂਦਾ ਹੈ। ਪੜ੍ਹਨ ਦਾ ਸਬੱਬ ਵਕਤ ਦੀ ਰਹਿਮਤ ਹੈ। ਅਸਾਵੇਂ ਹਾਲਾਤ ਵਿਚ ਵੀ ਪੜ੍ਹਨ ਵਾਲੇ ਪੜ੍ਹ ਗਏ। ਅੱਜਕੱਲ੍ਹ ਪੜ੍ਹਨਾ ਅਕਾਦਮਿਕ ਜਿਹਾ ਹੋ ਗਿਆ ਹੈ। ਰਸਮੀ ਤੇ ਰੂਹਹੀਣ ਰਿਵਾਜਪ੍ਰਸਤੀ ਜਿਹਾ। ਪਹਿਲਾਂ ਲੋਕਾਂ ਨੂੰ ਪੜ੍ਹਨ ਦੀ ਭੁੱਖ ਲੱਗਦੀ ਸੀ। ਅੰਦਰੋਂ ਖੋਹ ਪੈਂਦੀ ਸੀ। ਖੋਹ ਪੈਣਾ ਰਚਨਾਤਮਿਕਤਾ ਹੈ। ਖੋਹ ਨਾ ਪੈਣਾ ਧੜਕਣਾਂ ਦੇ ਖੰਡਰਾਤ ਹੋ ਜਾਣ ਦਾ ਪ੍ਰਤੀਕ ਹੈ। ਪੁਸਤਕਾਂ ਸਦੀਵੀ, ਸੁਰੀਲੀਆਂ, ਸੁਪਨਸਾਜ਼ ਤੇ ਸੱਚੀਆਂ ਧੜਕਣਾਂ ਦੀ ਜਾਗਦੀ ਬੋਲਦੀ ਜ਼ੁਬਾਨ ਹਨ। ਪੁਸਤਕਾਂ ਪੜ੍ਹਨ ਨਾਲ ਮਨੁੱਖ ਦੇ ਅੰਦਰੋਂ ਬਾਬੀਹਾ ਬੋਲਦਾ ਹੈ।

ਨਿੱਕੇ ਹੁੰਦੇ ਜਦੋਂ ਬਾਪ ਨਾਲ ਤੜਕੇ ਤੜਕੇ ਕੰਮ ਕਰਨ ਲਈ ਜਾਂਦੇ ਤਾਂ ਕੰਮ ਦੀ ਤਪਸ਼ ਤੇ ਤਾਜ਼ਗੀ ਨਾਲ ਡਾਹਢੀ ਭੁੱਖ ਲੱਗਦੀ। ਵਾਰ ਵਾਰ ਪਿੰਡ ਵੱਲ ਨੂੰ ਦੇਖਦੇ, ਸ਼ਾਇਦ ਮਾਂ ਰੋਟੀਆਂ ਲੈ ਕੇ ਆਉਂਦੀ ਹੋਵੇ। ਅਜਿਹੀ ਭੁੱਖ ਹੁਣ ਕਦੇ ਨਹੀਂ ਲੱਗਦੀ। ਖਾਣ ਪ੍ਰਤੀ ਅਜਿਹੀ ਅੰਦਰੂਨੀ ਕਸ਼ਿਸ਼ ਤੇ ਕਾਵਿਕਤਾ ਮੁੜ ਕਦੇ ਨਹੀਂ ਪੰਘਰੀ। ਏਨੀ ਮਿੱਠੀ ਤੇ ਮਮਤਾਮਈ ਉਡੀਕ ਮੁੜ ਅੱਖਾਂ ਵਿਚ ਕਦੇ ਨਹੀਂ ਉਤਰੀ। ਮਾਂ-ਬਾਪ ਨਾਲ ਕੰਮ ਕਰਦਿਆਂ ਉਰਜਿਤ ਹੋਈ ਇਸ ਰਚਨਾਤਮਿਕ ਭੁੱਖ, ਅੰਦਰੂਨੀ ਸਵਾਦ ਤੇ ਇਲਾਹੀ ਉਡੀਕ ਨੇ ਪੜ੍ਹਨ ਦੇ ਰਾਜ਼ ਤੇ ਰੂਹਦਾਰੀਆਂ ਦਾ ਰਾਹ ਸਮਝਾਇਆ। ਪੜ੍ਹਨਾ ਰੂਹ ਦੀ ਖ਼ੁਰਾਕ ਤੇ ਖ਼ਾਬਗੋਈ ਹੈ। ਨਾ ਹੁਣ ਪੜ੍ਹਾਉਣ ਵਾਲੇ ਪਹਿਲਾਂ ਵਰਗੇ ਰਹੇ। ਨਾ ਪੜ੍ਹਨ ਵਾਲੇ ਪਹਿਲਾਂ ਵਰਗੇ। ਭੂਤਾਂ ਤੇ ਬਾਬਿਆਂ ਨੂੰ ਯਾਦ ਕਰਦਿਆਂ ਕਦੇ ਲਿਖਿਆ ਸੀ:

ਗਲਾਂ ਵਿਚ ਫਲਸਫ਼ੇ ਫ਼ਕੀਰੀਆਂ ਦੇ ਫੰਦੇ
ਕਿੱਥੇ ਗਏ ਭਾਵੁਕ ਤੇ ਭੁਲੱਕੜ ਜਿਹੇ ਬੰਦੇ

ਰਾਤ ਨੂੰ ਅਸੀਂ ਪੜ੍ਹਨਾ ਤੇ ਮਾਂ ਨੇ ਕੁਝ ਨਾ ਕੁਝ ਕਰੀ ਜਾਣਾ ਤਾਂ ਕਿ ਬੱਚੇ ਸੌਂ ਨਾ ਜਾਣ। ਆਪ ਜਾਗ ਕੇ ਦੂਸਰਿਆਂ ਨੂੰ ਜਗਾਉਣ ਦੀ ਥਾਂ ਲੋਕ ਹੁਣ ਡਿਜੀਟਲ ਡਰਾਮੇਬਾਜ਼ੀਆਂ ਦਾ ਸ਼ਿਕਾਰ ਹੋ ਗਏ ਹਨ। ਤੜਕੇ ਉੱਠ ਕੇ ਮਾਂ ਨੇ ਚੁੱਲ੍ਹਾ ਬਾਲਣਾ ਤੇ ਨਾਲ ਹੀ ਸਾਨੂੰ ਪੜ੍ਹਨ ਲਈ ਜਗਾ ਦੇਣਾ। ਅਜਿਹੀ ਤਪੱਸਿਆ ਤੇ ਤਸੱਵੁਰ ਹੁਣ ਨਹੀਂ ਮਿਲਦਾ। ਜਦੋਂ ਮੇਰੀ ਕਿਤਾਬ 'ਮਾਂ ਵਰਗੀ ਕਵਿਤਾ' ਆਈ ਤਾਂ ਕਈ ਸ਼ਹਿਰੀ ਜਿਹੇ ਲੋਕਾਂ ਨੇ ਮੈਨੂੰ ਕਿਹਾ ਕਿ ਤੂੰ ਮਾਂ-ਬਾਪ ਬਾਰੇ ਬਹੁਤ ਜਜ਼ਬਾਤੀ ਜਾਪਦਾ ਹੈਂ। ਮੈਂ ਕਿਹਾ, "ਮੇਰੇ ਜਜ਼ਬੇ ਮੈਨੂੰ ਮਾਨਵੀ ਮੁਸ਼ੱਕਤ ਤੇ ਮੋਹ ਦੀ ਕਾੜ੍ਹਨੀ ਵਿਚੋਂ ਮਿਲੇ ਹਨ। ਤੁਹਾਡੀ ਮਸ਼ੀਨੀ ਵਿਆਕਰਨ ਤੁਹਾਨੂੰ ਮੁਬਾਰਕ।" ਮਾਂ ਚਰਖਾ ਕੱਤਦੀ ਤੇ ਮੈਂ ਪੜ੍ਹਨ ਦਾ ਸੂਤ ਕੱਤਦਾ। ਅਜਿਹਾ ਸਾਹਵਰਧਕ ਤੇ ਸਰੀਲਾ ਕੱਤਣ ਮੁੜ ਨਹੀਂ ਜੁੜਿਆ। ਇਸ ਬਾਰੇ ਲਿਖਿਆ ਗਹੁ ਨਾਲ ਪੜ੍ਹਨਾ:

ਪੀੜ੍ਹੀ ਉੱਤੇ ਬੈਠੀ ਹੋਈ ਬਿਲਕੁਲ ਮਾਂ ਵਾਂਗੂ
ਸੂਤ ਸਮਝ ਅੱਖਰਾਂ ਨੂੰ ਰਹਿੰਦਾ ਹਾਂ ਅਟੇਰਦਾ
ਜੀਭ ਦੇ ਸੁਆਦਾਂ ਵਾਲੇ ਲੋਕ ਨਹੀਂ ਜਾਣਦੇ
ਕੈਸਾ ਸੀ ਸੁਆਦ ਟੁੱਕੇ ਭੀਲਣੀ ਦੇ ਬੇਰ ਦਾ

ਪੜ੍ਹਨ ਵਾਲੇ ਲੋਕਾਂ ਦੀ ਵੱਖਰੀ ਰੂਹ ਤੇ ਵੱਖਰਾ ਰੱਬ ਹੁੰਦਾ ਹੈ। ਮੇਰੇ ਗੁਰੂ ਨਰਿੰਦਰ ਸਿੰਘ ਕਪੂਰ ਸੇਵਾਮੁਕਤ ਹੋ ਕੇ ਵੀ ਲਿਖਣੋਂ ਨਹੀਂ ਹਟੇ। ਅਜਿਹੇ ਗੁਰੂ ਲੋਕ ਅਨੁਭਵ ਤੇ ਅਦਬ ਦੇ ਰਚਨਾਤਮਿਕ ਗ੍ਰੰਥ ਹਨ। ਇਨ੍ਹਾਂ ਲੋਕਾਂ ਨੂੰ ਸਿਮਰਣ ਵਾਂਗ ਪੜ੍ਹਿਆ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਦਾ ਤਪੱਸਵੀ ਕੰਮ ਧੜਕਦਾ ਹੈ। ਡਾ. ਰਵੀ ਦੇ ਬੋਲ ਅੱਜ ਵੀ ਹਵਾ ਵਿਚ ਗੂੰਜਦੇ ਹਨ। ਸਿਮਰਤੀਆਂ, ਸੰਗਰਾਮਾਂ ਤੇ ਸਦਾਚਾਰਾਂ ਵਰਗੇ ਇਹ ਲੋਕ ਪੜ੍ਹਨ ਵਾਲੇ ਉਤਸ਼ਾਹਵਰਧਕ ਮਿਸਾਲਾਂ ਸਿਰਜ ਗਏ। ਜਸਵਿੰਦਰ, ਮੱਖਣ ਤੇ ਮੈਂ ਆਨਰਜ਼ ਸਕੂਲ ਵਿਚ ਪੜ੍ਹਦੇ ਸਾਂ। ਰੋਟੀ ਖਾ ਕੇ ਦੁਪਹਿਰ ਨੂੰ ਜਦੋਂ ਬਹੁਤੇ ਲੋਕ ਸੌਣ ਨੂੰ ਫਿਰਦੇ ਹੁੰਦੇ, ਅਸੀਂ ਤਿੰਨੇ ਲਾਇਬਰੇਰੀ ਦੀ ਉਪਰਲੀ ਮੰਜ਼ਿਲ 'ਤੇ ਪੜ੍ਹਨ ਚਲੇ ਜਾਂਦੇ। ਫਿਰ ਸਤੀਸ਼, ਪਵਨ ਤੇ ਹੋਰ ਲੋਕ ਆ ਗਏ। ਪੜ੍ਹਨ ਦਾ ਮਾਨਵੀ ਮੁਕਾਬਲਾ ਹੁੰਦਾ ਸੀ ਸਾਡੇ ਵਿਚਕਾਰ। ਕੁਝ ਬਣਨ ਦੀ ਰੀਝ ਸੀ। ਕੁਝ ਹੋਣ ਦਾ ਸੁਪਨਾ ਸੀ। ਸੁਪਨੇ ਉਗਾਉਣ ਲਈ ਜ਼ਮੀਨ ਮਿਲ ਜਾਵੇ ਤਾਂ ਪੜ੍ਹਨ ਦੀ ਰਵਾਇਤ ਤੇ ਰੂਹ ਸਹੂਲਤਾਂ ਤੇ ਸਜਾਵਟਾਂ ਵਿਚੋਂ ਨਹੀਂ ਸਗੋਂ ਧੜਕਣਾਂ ਦੇ ਰਾਗਾਤਮਿਕ ਜਨੂੰਨ ਵਿਚੋਂ ਜੰਮਦੀ ਹੈ। ਰਵਾਇਤਾਂ ਤੇ ਰੂਹਾਂ ਉੱਜੜ ਜਾਣ ਤਾਂ ਅਦਾਰੇ ਖੰਡਰਾਤ ਹੋ ਜਾਂਦੇ ਹਨ। ਪੜ੍ਹਨ ਵਾਲਿਆਂ ਦੀ ਪੌਦ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ। ਜਿਵੇਂ ਦਾਬਾਂ ਲਾਈਦੀਆਂ ਹਨ। ਜਿਵੇਂ ਕਣਕ ਨੂੰ ਸਿੰਜੀਦਾ ਹੈ। ਫ਼ਰੀਦਕੋਟ ਕਾਲਜ ਮਿਲਿਆ ਨੌਕਰੀ ਲਈ। ਉੱਥੇ ਵੀ ਪੜ੍ਹਨ ਪੜ੍ਹਾਉਣ ਦੀ ਮਿਸਾਲੀ ਸੰਵੇਦਨਾ ਤੇ ਸ਼ਿੱਦਤ ਦੇਖਣ ਨੂੰ ਮਿਲੀ। ਚਾਹ ਪੀਣ ਵੇਲੇ ਵੀ ਬਹੁਤੀਆਂ ਗੱਲਾਂ ਪੜ੍ਹਨ ਬਾਰੇ ਹੁੰਦੀਆਂ। ਨਵੀਆਂ ਕਿਤਾਬਾਂ ਤੇ ਰਸਾਲਿਆਂ ਦੀ ਚਰਚਾ ਹੁੰਦੀ। ਇਸ ਚਰਚਾ ਵਿਚੋਂ ਹੀ ਮੈਨੂੰ 'ਥੈਂਕ ਯੂ ਮਿਸਟਰ ਗਲਾਡ' ਵਰਗੀ ਸੂਰਬੀਰ ਰਚਨਾ ਪੜ੍ਹਨ ਦੀ ਕਨਸੋਅ ਮਿਲੀ। ਸੁਪਨਸਾਜ਼ ਤੇ ਸੰਵਾਦਮੁਖੀ ਆਲਾ-ਦੁਆਲਾ ਪੜ੍ਹਨ ਲਈ ਆਕਰਸ਼ਿਤ ਕਰਦਾ ਹੈ। ਪੜ੍ਹਨ ਦੀ ਜਾਗ ਅੰਦਰੋਂ ਲੱਗਦੀ ਹੈ। ਪੜ੍ਹਨ ਦੀ ਜਾਗ ਲਗਾਉਣੀ ਬਹੁਤ ਔਖੀ ਹੈ। ਇਹ ਸਿੱਖੀ ਤੇ ਸਿਖਾਈ ਨਹੀਂ ਜਾ ਸਕਦੀ। ਅਜੋਕੇ ਫ਼ਾਰਮੂਲਿਆਂ ਤੇ ਫ਼ਹਿਰਿਸਤਾਂ ਦੇ ਯੁੱਗ ਵਿਚ ਅੰਦਰੂਨੀ ਜਾਗ ਦੀ ਸਿਨਫ਼ ਤੇ ਸਚਿਆਰਤਾ ਲਗਪਗ ਮੁੱਕਣ ਕਿਨਾਰੇ ਹੈ। ਪੜ੍ਹਨ ਦੇ ਗੁਰਮੰਤਰ ਤੇ ਗੁਰਿਆਈਆਂ ਬਾਜ਼ਾਰੂ ਹੋ ਗਈਆਂ ਹਨ। ਘਰਾਂ ਵਿਚ ਕਾਰਾਂ ਹਨ, ਟਰੈਕਟਰ ਹਨ, ਪੈਸਾ ਹੈ ਪਰ ਪੜ੍ਹਨ ਦੀ ਲਗਨ, ਲਿਆਕਤ ਤੇ ਲੋਅ ਕਿਸੇ ਨੁੱਕਰ ਵਿਚ ਵੀ ਨਹੀਂ ਮਿਲਦੀ। ਮਸੀਂ ਅਖ਼ਬਾਰ ਪੜ੍ਹਨ ਜੋਗੀ ਪੜ੍ਹਾਈ ਹੈ ਜਾਂ ਫਿਰ ਆਈਲੈਟਸ ਦੀ ਨਾਮੁਰਾਦ ਬਿਮਾਰੀ ਦਾ ਰੌਲਾ ਹੈ। ਪੜ੍ਹਨ ਲਈ ਸਵਾਰਥ ਨਹੀਂ, ਸੁਪਨੇ ਤੇ ਸਾਧਨਾਂ ਦੀ ਲੋੜ ਹੈ। ਸਾਡੇ ਘਰ ਆਈਲੈਟਸ ਕਰਨ ਲਈ ਆਈ ਰਿਸ਼ਤੇਦਾਰ ਲੜਕੀ ਕੁਝ ਮਹੀਨੇ ਠਹਿਰੀ। ਕੌਨਵੈਂਟ ਸਕੂਲ ਤੋਂ ਬਾਰਾਂ ਜਮਾਤਾਂ ਪੜ੍ਹੀ ਹੋਈ। ਕੈਨੇਡਾ ਜਾਣ ਦੀ ਲਾਲਸਾ ਜਾਗ ਪਈ। ਖ਼ੂਬ ਘੋਟੇ ਲਾਵੇ। ਪੜ੍ਹਨਾ ਹੱਡਾਂ ਵਿਚ ਨਹੀਂ ਸੀ। ਸੋਚੇ ਕਿਹੜੀ ਘੜੀ ਕੈਨੇਡਾ ਪਹੁੰਚ ਜਾਵਾਂ। ਅੱਜਕੱਲ੍ਹ ਮਾਪਿਆਂ ਨੂੰ ਵੀ ਕੈਨੇਡਾ ਦੇ ਸਵਰਗਮਈ ਸੁਪਨੇ ਆਉਂਦੇ ਹਨ। ਕੈਨੇਡਾ ਦੇ ਸੁਪਨਿਆਂ ਨੇ ਪੜ੍ਹਨ ਦੇ ਸੁਪਨੇ ਖੋਹ ਲਏ। ਗੁਰੂਆਂ ਦੀ ਧਰਤੀ ਵੀਰਾਨ ਹੋਣ ਨੂੰ ਫਿਰਦੀ ਹੈ। ਦੁਕਾਨਦਾਰੀਆਂ ਨੇ ਪੁੰਗਾਰ ਨੂੰ ਪੱਤਝੜ ਵਿਚ ਤਬਦੀਲ ਕਰ ਦਿੱਤਾ ਹੈ। ਹੁਣ ਹਰ ਖੇਤ, ਹਰ ਘਰ, ਹਰ ਸਕੂਲ ਤੇ ਹਰ ਅਦਾਰੇ ਵਿਚੋਂ ਕੈਨੇਡਾ ਦੀ ਫ਼ਸਲ ਉੱਗ ਰਹੀ ਹੈ। ਕੈਨੇਡਾ ਜੋਗਾ ਪੜ੍ਹਨ ਦੀ ਤੇਜ਼ ਦੌੜ ਨੇ ਪੜ੍ਹਨ ਦੀ ਉਡਾਣ ਤੇ ਊਰਜਾ ਦੇ ਖੰਭ ਕੁਤਰ ਦਿੱਤੇ ਹਨ। ਪੜ੍ਹਨਾ ਵਿਅਰਥ ਲੱਗਣ ਲੱਗ ਪਿਆ ਹੈ। ਪੜ੍ਹਨਾ ਭੋਰੇ ਵਿਚੋਂ ਕੀਤੀ ਲੰਬੀ ਤਪੱਸਿਆ ਵਾਂਗ ਹੈ। ਪੜ੍ਹਨ ਦੇ ਬੂਟੇ ਨੂੰ ਡਾਲਰ ਨਹੀਂ ਲੱਗਦੇ। ਸਾਡੇ ਮਾਂ-ਬਾਪ ਅਨਪੜ੍ਹ ਸਨ ਪਰ ਜ਼ਿੰਦਗੀ ਦੀ ਪੜ੍ਹਾਈ ਵਿਚ ਪਰਪੱਕ ਤੇ ਪੂਰੇ। ਅੱਜ ਦੇ ਪੜ੍ਹਾਕੂ ਹਰ ਪੱਖੋਂ ਕੋਰੇ ਤੇ ਕਾਗਜ਼ੀ ਨੇ। ਡਾਲਰਾਂ ਦੇ ਦੇਸ਼ ਜਾ ਕੇ ਅੰਗਰੇਜ਼ੀ ਬੋਲਣੀ ਸਿੱਖ ਲੈਣੀ ਹੀ ਕਾਫ਼ੀ ਨਹੀਂ। ਪੜ੍ਹਨ ਨਾਲ ਜ਼ਿੰਦਗੀ ਨੂੰ ਪੜ੍ਹਨਾ ਆਉਂਦਾ ਹੈ। ਪੜ੍ਹਨ ਨਾਲ ਸਰੀਰ ਤੰਦਰੁਸਤ ਤੇ ਤਾਜ਼ਗੀ ਭਰਪੂਰ ਰਹਿੰਦਾ ਹੈ। ਪੜ੍ਹਨਾ ਜੀਅ ਲਾਉਂਦਾ ਹੈ। ਪੜ੍ਹਨ ਨਾਲ ਖ਼ੁਦ ਨੂੰ ਪੜ੍ਹਨ ਦੀ ਸੋਝੀ ਆਉਂਦੀ ਹੈ। ਕਰੋਨਾ ਦੇ ਖ਼ੌਫ਼ਨਾਕ ਸਮੇਂ ਵਿਚ ਪੜ੍ਹਨ ਦੀ ਆਦਤ ਬੜੀ ਕੰਮ ਆਈ। ਲਗਾਤਾਰ ਪੜ੍ਹੀ ਜਾਣ ਦੀ ਰੀਤ ਨੇ ਆਸ ਬੁਝਣ ਨਾ ਦਿੱਤੀ। ਖ਼ੌਫ਼ ਤੋਂ ਬਚਣ ਦਾ ਸਭ ਤੋਂ ਕਾਰਗਰ ਤੇ ਕਰਮਸ਼ੀਲ ਸਹਾਰਾ ਪੁਸਤਕਾਂ ਬਣੀਆਂ।

ਖ਼ੌਫ਼ ਆਉਂਦਾ ਰਿਹਾ ਬਣ ਬਣ ਕੇ ਧਾੜਵੀ ਛੱਲਾਂ
ਅਸੀਂ ਪਰ ਕਰਦੇ ਰਹੇ ਪੁਸਤਕਾਂ ਦੇ ਨਾਲ ਗੱਲਾਂ

ਪੁਸਤਕਾਂ ਨਾਲ ਗੱਲਾਂ ਕਰਨਾ ਲੇਕਿਨ ਸੌਖਾ ਤੇ ਸਰਲ ਕਾਰਜ ਨਹੀਂ। ਅੰਦਰੂਨੀ ਸਹਿਜ ਤੇ ਸੰਵੇਦਨਾ ਦੇ ਨਿਰੰਤਰ ਅਭਿਆਸ ਨਾਲ ਪੁਸਤਕਾਂ ਨਾਲ ਦੋਸਤੀ ਹੁੰਦੀ ਹੈ ਜਿਸ ਸਦਕਾ ਦੁਨਿਆਵੀ ਦੋਸਤੀਆਂ ਦੀ ਲੋੜ ਤੇ ਸਮਝ ਜਾਗਰਿਤ ਹੁੰਦੀ ਹੈ। ਉਦਰੇਵੇਂ ਉਦਾਸੀਆਂ ਭੱਜਦੇ ਹਨ। ਤਨ ਮਨ ਨਿਰੋਗ ਰਹਿੰਦਾ ਹੈ। ਤਰੰਨੁਮ ਪੰਘਰਦਾ ਹੈ।

## ਵਾਤਾਵਰਣ ਕਮੇਟੀ ਦੀ ਮੀਟਿੰਗ ਵਿੱਚ ਕੂੜਾ ਪ੍ਰਬੰਧਨ ਉੱਤੇ ਜ਼ੋਰ

# ਵਾਤਾਵਰਣ ਸੰਭਾਲ ਲਈ ਹਰੇਕ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ : ਨਿਕਾਸ ਕੁਮਾਰ




ਅੰਮ੍ਰਿਤਸਰ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਅੰਮ੍ਰਿਤਸਰ ਨੇ ਜ਼ਿਲਾ ਵਾਤਾਵਰਣ ਕਮੇਟੀ ਦੀ ਮੀਟਿੰਗ ਵਿਚ ਜਿਲੇ ਦੇ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਕੂੜਾ ਪ੍ਰਬੰਧਨ ਨੂੰ ਬਿਹਤਰ ਢੰਗ ਨਾਲ ਅਮਲ ਵਿੱਚ ਲਿਆਉਣ ਉੱਤੇ ਜ਼ੋਰ ਦਿੱਤਾ। ਉਨਾਂ ਕਿਹਾ ਕਿ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ ਵੱਖ ਇਕੱਠਾ ਕਰਕੇ ਇਸ ਦਾ ਠੋਸ ਪ੍ਰਬੰਧ ਕੀਤਾ ਜਾਵੇ ਤਾਂ ਕਿ ਸ਼ਹਿਰ ਅਤੇ ਪਿੰਡਾਂ ਦੀ ਸਫਾਈ ਵਿੱਚ ਆਮ ਲੋਕਾਂ ਦਾ ਸਾਥ ਵੀ ਮਿਲ ਸਕੇ। ਉਨਾਂ ਨੇ ਸਮੂਹ ਕਾਰਜ ਸਾਧਕ ਅਫ਼ਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪਣੇ ਆਪਣੇ ਖੇਤਰ ਅਧੀਨ ਪੈਂਦੇ ਜਨਤਕ ਥਾਵਾਂ ਤੇ ਕੂੜਾ ਸੁੱਟਣ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸਬੰਧਤ ਮੀਟਿੰਗ ਵਿੱਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਹੋਰ ਵਿਭਾਗਾਂ ਦਾ ਸਾਥ ਲੈਣ ਲਈ ਸਹਿਯੋਗ ਮੰਗਿਆ ਗਿਆ। ਮੀਟਿੰਗ ਦੌਰਾਨ ਸ਼ਹਿਰੀ ਖੇਤਰਾਂ ਅਤੇ ਪੇਂਡੂ ਖੇਤਰਾਂ ਵਿੱਚ ਪੈਦਾ ਹੋਣ ਵਾਲੇ ਕੂੜੇ ਦੀ ਸਾਂਭ ਸੰਭਾਲ ਤੋਂ ਇਲਾਵਾ ਪਲਾਸਟਿਕ ਵੇਸਟ ਦੀ ਸਾਂਭ ਸੰਭਾਲ, ਗੰਦੇ ਪਾਣੀ ਦੀ ਟਰੀਟਮੈਂਟ, ਸਿੰਗਲ ਯੂਜ ਪਲਾਸਟਿਕ ਤੇ ਰੋਕਥਾਮ, ਹਵਾ ਪ੍ਰਦੂਸ਼ਣ ਅਤੇ ਹੋਰ ਵਾਤਾਵਰਣ ਦੇ ਮੁਦਿਆ ਬਾਰੇ ਸਬੰਧਤ ਵਿਭਾਗਾ ਨਾਲ ਚੱਲ ਰਹੇ ਕੰਮਾਂ ਦੀ ਸਮਿਖਿਆ ਕੀਤੀ ਗਈ। ਸ੍ਰੀ ਨਿਕਾਸ ਕੁਮਾਰ ਨੇ ਕਾਰਜ ਸਾਧਕ ਅਫ਼ਸਰਾਂ ਨੂੰ ਕਿਹਾ ਕਿ ਉਹ ਟੀਮਾਂ ਦਾ ਗਠਨ ਕਰਕੇ ਚਾਇਨਾ ਡੋਰ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ ਅਤੇ ਸਮੇਂ ਸਮੇਂ ਸਿਰ ਚਾਇਨਾਂ ਡੋਰ ਵੇਚਣ ਵਾਲਿਆਂ ਵਿਰੁੱਧ ਛਾਪੇਮਾਰੀ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਵਿੱਚ ਅੰਮ੍ਰਿਤਸਰ ਸ਼ਹਿਰ ਲਈ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਤਹਿਤ ਆਏ ਫੰਡਾਂ ਦੇ ਖਰਚੇ ਸਬੰਧੀ ਵੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨੇ ਸਬੰਧਤ ਵਿਭਾਗਾਂ ਦੇ ਮੁਖਿਆਂ ਨਾਲ ਜ਼ਿਲ੍ਹਾ ਵਾਤਾਵਰਣ ਪਲਾਨ ਅੰਮ੍ਰਿਤਸਰ ਵਿੱਚ ਦਰਜ ਵੱਖ-ਵੱਖ ਕੰਮਾਂ ਨੂੰ ਪ੍ਰਾਪਤ ਕਰਨ ਦੇ ਟੀਚਿਆ ਨੂੰ ਸਮਾਂਬੱਧ ਤਰੀਕੇ ਨਾਲ ਸਿਰੇ ਚੜਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਮੀਟਿੰਗ ਦੌਰਾਨ ਸ਼੍ਰੀ ਸੁਖਦੇਵ ਸਿੰਘ, ਵਾਤਾਵਰਣ ਇੰਜੀਨੀਅਰ, ਸ਼੍ਰੀ ਵਿਨੋਦ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ, ਸ਼੍ਰੀ ਸੰਦੀਪ ਮਲਹੋਤਰਾ, ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਡਾ. ਹਰਜੋਤ ਕੌਰ ਜਿਲ੍ਹਾ ਮਲੇਰੀਆ ਅਫ਼ਸਰ, ਸ: ਹਰਪਿੰਦਰ ਸਿੰਘ ਏ.ਸੀ.ਪੀ., ਸ: ਜਗਤਾਰ ਸਿੰਘ ਕਾਰਜ ਸਾਧਕ ਅਫ਼ਸਰ ਨਗਰ ਪੰਚਾਇਤ ਰਾਜਾਸਾਂਸੀ ਅਤੇ ਮਿਊਂਸਿਪਲ ਕਮੇਟੀ ਜੰਡਿਆਲਾ ਗੁਰੂ, ਸ: ਸੰਦੀਪ ਸਿੰਘ ਏ.ਐਫ.ਐਸ.ਓ. ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

# ਕੌਮਾਂਤਰੀ ਸਰਹੱਦ ਨਾਲ ਲੱਗਦੇ 205 ਪਿੰਡਾਂ ਦੇ 42406 ਘਰਾਂ ਵਿਚ ਰਹਿੰਦੇ 235114 ਲੋਕਾਂ ਦੇ ਆਜਾਦੀ ਦੇ 77 ਸਾਲ ਬਾਅਦ ਮੁੱਕੇਗੀ ਪੀਣ ਵਾਲੇ ਪਾਣੀ ਦੀ ਪਿਆਸ

## ➢ ਗੰਦੇ ਪਾਣੀ ਤੋਂ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਮਿਲੇਗੀ ਰਾਹਤ, ਧਰਤੀ ਹੇਠਲੇ ਪਾਣੀ ਕਾਰਨ ਅਨੇਕਾਂ ਲੋਕ ਗੰਭੀਰ ਬਿਮਾਰੀਆਂ ਦਾ ਕਰ ਰਹੇ ਸਨ ਸਾਹਮਣਾ ➢ ਡਿਪਟੀ ਕਮਿਸ਼ਨਰ ਨੇ ਲਿਆ ਪ੍ਰੋਜੈਕਟਾ ਦਾ ਜਾਇਜ਼ਾ

ਫਾਜ਼ਿਲਕਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਦੇ ਫਾਜ਼ਿਲਕਾ ਤੇ ਜਲਾਲਾਬਾਦ ਤਹਿਸੀਲ ਦੇ 205 ਪਿੰਡਾਂ ਦੇ ਲੋਕਾਂ ਦੀ ਦਹਾਕਿਆਂ ਪੁਰਾਣੀ ਪੀਣ ਦੇ ਪਾਣੀ ਦੀ ਸਮੱਸਿਆ ਦਾ ਪੱਕਾ ਹੱਲ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਇਸ ਲਈ ਪਿੰਡ ਘੱਟਿਆਂ ਵਾਲੀ ਵਿਖੇ ਨਹਿਰੀ ਪਾਣੀ ਤੇ ਅਧਾਰਤ ਮੈਗਾ ਵਾਟਰ ਵਰਕਸ ਬਣਾਇਆ ਜਾ ਰਿਹਾ ਹੈ, ਜਿਸ ਨਾਲ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਇੰਨ੍ਹਾਂ ਪਿੰਡਾਂ ਦੀ ਸਾਫ ਪਾਣੀ ਦੀ ਆਸ ਆਜਾਦੀ ਦੇ 77 ਸਾਲ ਬਾਅਦ ਪੂਰੀ ਹੋਣ ਜਾ ਰਹੀ ਹੈ।

ਇਸ ਪ੍ਰੋਜੈਕਟ ਦੇ ਕੰਮ ਦਾ ਜਾਇਜ਼ਾ ਲੈਣ ਪਹੁੰਚੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਇੱਥੋਂ ਪਾਇਪ ਰਾਹੀਂ ਸਾਰੇ ਪਿੰਡਾਂ ਨੂੰ ਸਾਫ ਪਾਣੀ ਮੁਹਈਆ ਕਰਵਾਇਆ ਜਾਵੇਗਾ। ਇਸ ਦੇ ਨਿਰਮਾਣ ਤੇ 185 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।



ਜਿਕਰਯੋਗ ਹੈ ਕਿ ਫਾਜ਼ਿਲਕਾ ਦੇ ਸਰਹੱਦੀ ਇਲਾਕੇ ਵਿਚ ਛਿਮਾਹੀ ਨਹਿਰਾਂ ਹੋਣ ਕਾਰਨ ਜਿਆਦਾਤਰ ਜਲ ਸਪਲਾਈ ਸਕੀਮਾਂ ਟਿਊਬਵੈਲ ਦੇ ਪਾਣੀ ਨਾਲ ਚਲਾਈਆਂ ਜਾਂਦੀਆਂ ਸਨ ਅਤੇ ਧਰਤੇ ਹੇਠਲੇ ਪਾਣੀ ਵਿਚ ਭਾਰੀਆਂ ਧਾਂਤਾਂ ਸਮੇਤ ਹਾਨੀਕਾਰਕ ਤੱਤ ਪਾਏ ਜਾਣ ਕਾਰਨ ਇਹ ਪਾਣੀ ਪੀਣ ਨਾਲ ਲੋਕਾਂ ਵਿਚ ਬਿਮਾਰੀਆਂ ਦੀ ਦਰ ਜਿਆਦਾ ਸੀ। ਇਸ ਲਈ ਦਹਾਕਿਆਂ ਤੋਂ ਇਹ ਸਰਹੱਦੀ ਪਿੰਡਾਂ ਦੇ ਲੋਕ ਪੀਣ ਦੇ ਸਾਫ ਪਾਣੀ ਦੀ ਉਡੀਕ ਕਰ ਰਹੇ ਸਨ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹੁਣ ਇੰਨ੍ਹਾਂ ਦੀ ਇਹ ਪਿਆਸ ਜਲਦ ਮੁਕਾ ਦੇਣ ਦਾ ਫੈਸਲਾ ਕੀਤਾ ਹੈ।ਜਿਕਰਯੋਗ ਹੈ ਕਿ ਗੰਦੇ ਪਾਣੀ ਦਾ ਸਰਾਪ ਝੱਲ ਰਹੇ ਇੰਨ੍ਹਾਂ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਸਾਰ ਲੈਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਦ ਪਹੁੰਚੇ ਸੀ ਜਦ ਉਹ ਹਾਲੇ ਸਿਆਸਤ ਵਿਚ ਨਹੀਂ ਸੀ ਆਏ ਤੇ ਹੁਣ ਜਦ ਉਹ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਇੰਨ੍ਹਾਂ ਪਿੰਡਾਂ ਦੀ ਦਹਾਕਿਆਂ ਪੁਰਾਣੀ ਸਮੱਸਿਆ ਦਾ ਸਥਾਈ ਹਲ ਕਰਨ ਦਾ ਰਾਹ ਲੱਭਿਆ ਹੈ।

ਇਸ ਲਈ ਘੱਟਿਆਂ ਵਾਲੀ ਵਿਖੇ ਵੱਡਾ ਵਾਟਰ ਵਰਕਸ ਬਣ ਰਿਹਾ ਹੈ ਜਿਸਦੀ ਸਮਰਥਾਂ 34 ਐਮਐਲਡੀ ਹੈ। ਇਸ ਨੂੰ ਗੰਗ ਕੈਨਾਲ ਨਹਿਰ ਤੋਂ ਪਾਣੀ ਮਿਲੇਗਾ ਜੋ ਕਿ ਸਾਲ ਦਾ ਜਿਆਦਾਤਰ ਹਿੱਸਾ ਚਲਦੀ ਹੈ। ਇਸ ਕਾਰਨ ਇਸ ਵਿਚ ਪਾਣੀ ਦੀ ਕਮੀ ਕਦੇ ਨਹੀਂ ਆਵੇਗੀ। ਨਹਿਰੀ ਪਾਣੀ ਹੋਣ ਕਾਰਨ ਇਹ ਭਾਰੀਆਂ ਧਾਂਤਾਂ ਤੋਂ ਵੀ ਮੁਕਤ ਹੋਵੇਗਾ।

ਇੱਥੋਂ ਇਹ ਪਾਣੀ ਪਾਈਪਾਂ ਰਾਹੀਂ ਜਲਾਲਾਬਾਦ ਅਤੇ ਫਾਜ਼ਿਲਕਾ ਦੇ 205 ਪਿੰਡਾਂ ਦੇ 42406 ਘਰਾਂ ਵਿਚ ਰਹਿੰਦੇ 235114 ਲੋਕਾਂ ਨੂੰ ਸਾਫ ਪਾਣੀ ਮਿਲੇਗਾ। ਇਸ ਲਈ 261 ਕਿਲੋਮੀਟਰ ਲੰਬੀ ਨਵੀਂ ਪਾਈਪ ਪਾਈ ਜਾਣੀ ਹੈ ਜਿਸ ਵਿਚੋਂ 118 ਕਿਲੋਮੀਟਰ ਪਾਈਪ ਪਾਉਣ ਦਾ ਕੰਮ ਮੁਕੰਮਲ ਹੋ ਗਿਆ ਹੈ। ਵਾਟਰ ਵਰਕਸ ਦਾ 44 ਫੀਸਦੀ ਕੰਮ ਮੁਕੰਮਲ ਹੋ ਗਿਆ ਹੈ।ਇੱਥੋਂ ਫਾਜ਼ਿਲਕਾ ਬਲਾਕ ਦੇ 74, ਅਰਨੀਵਾਲਾ ਬਲਾਕ ਦੇ 9 ਅਤੇ ਜਲਾਲਾਬਾਦ ਬਲਾਕ ਦੇ 122 ਪਿੰਡਾਂ ਨੂੰ ਸਾਫ ਪਾਣੀ ਮਿਲੇਗਾ।

ਵਿਭਾਗ ਦੇ ਕਾਰਜਕਾਰੀ ਇੰਜਨੀਅਰ ਸ੍ਰੀ ਧਰਮਿੰਦਰ ਕੁਮਾਰ ਨੇ ਦੱਸਿਆ ਕਿ ਇੱਥੋਂ ਸਾਫ ਪਾਣੀ ਪਿੰਡ ਪਿੰਡ ਪਹੁੰਚੇਗਾ ਅਤੇ ਅੱਗੋਂ ਪਿੰਡਾਂ ਵਿਚ ਬਣੇ ਜਲ ਸਪਲਾਈ ਨੈਟਵਰਕ ਨਾਲ ਇਹ ਪਾਣੀ ਟੂਟੀ ਰਾਹੀਂ ਹਰੇਕ ਘਰ ਤੱਕ ਪੁੱਜੇਗਾ।

## ਸਾਥੀ ਇੰਦਰਜੀਤ ਮੁਕਤਸਰ ਨਹੀਂ ਰਹੇ ਟਰੇਡ ਯੂਨੀਅਨਜ਼ ਸੀਟੂ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ: ਚੰਦਰਸੇਖਰ

ਮਾਛੀਵਾੜਾ ਸਾਹਿਬ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ ( ਸੀਟੂ) ਲਈ ਸਾਥੀ ਇੰਦਰਜੀਤ ਸਿੰਘ ਦੀ ਮੌਤ ਦੀ ਖ਼ਬਰ ਬਹੁਤ ਵੱਡਾ ਝਟਕਾ ਅਤੇ ਜੱਥੇਬੰਦੀ ਲਈ ਪੂਰਾ ਨਾਂ ਹੋਣ ਵਾਲਾ ਘਾਟਾ ਹੈ। ਸਾਥੀ ਜੀ ਦਾ ਪੂਰਾ ਜੀਵਨ ਸ਼ਹੀਦੇ-ਆਜਮ ਭਗਤ ਸਿੰਘ ਜੀ ਦੀ ਸੋਚ ਤੋਂ ਪੂਰੀ ਤਰਾਂ ਪ੍ਰਭਾਵਿਤ ਸੀ।ਓਹਨਾਂ ਨੇ ਜੀਵਨ ਭਰ ਇਕ ਕੁਲਵਕਤੀ ਵਜੋਂ ਸੀਟੂ ਲਈ ਮਿਸਾਲੀ ਅਤੇ ਸਮਰਪਿਤ ਜੀਵਨ ਜੀਵਿਆ ਹੈ।



ਅਸੀਂ ਸੀਟੂ ਦੇ ਕੁਲ ਹਿੰਦ ਸਕੱਤਰ ਭੈਣ ਊਸ਼ਾ ਰਾਣੀ ਸੂਬਾਈ ਪ੍ਰਧਾਨ ਮਹਾਂ ਸਿੰਘ ਰੌੜੀ ਅਤੇ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਸਾਥੀ ਇੰਦਰਜੀਤ ਸਿੰਘ ਮੁਕਤਸਰ ਨੂੰ ਸ਼ਰਧਾਪੂਰਵਿਕ ਲਾਲ ਸਲਾਮ ਕਰਦੇ ਹਾਂ ਅਤੇ ਉਹਨਾਂ ਦੇ ਸ਼ੋਕ ਵਿੱਚ ਸਾਰੇ ਪੰਜਾਬ ਦੇ ਸੀਟੂ ਦਫ਼ਤਰਾਂ ਅਤੇ ਗੇਟਾਂ ਉਤੇ ਇਕ ਦਿਨ ਲਈ ਸੀਟੂ ਦੇ ਝੰਡੇ ਝੁਕਾਉਂਣ ਦਾ ਸੱਦਾ ਦਿੰਦੇ ਹਾਂ ਇਸ ਮੌਕੇ ਲਾਲ ਝੰਡਾ ਪੇਂਡੂ ਚੌਕੀਦਾਰ ਯੂਨੀਅਨ ਪੰਜਾਬ ਸੀਟੂ ਦੇ ਸੂਬਾਈ ਪ੍ਰਧਾਨ ਪ੍ਰਧਾਨ ਸਾਥੀ ਪਰਮਜੀਤ ਨੀਲੋਂ, ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਸੀਟੂ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ, ਗੁਰਨਾਮ ਸਿੰਘ ਘਨੌਰ, ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਦੇ ਸੂਬਾਈ ਪ੍ਰਧਾਨ ਭੈਣ ਹਰਜੀਤ ਕੌਰ ਪੰਜੋਲਾ ਜਨਰਲ ਸਕੱਤਰ ਭੈਣ ਸੁਭਾਸ਼ ਰਾਣੀ ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਸਾਥੀ ਦਲਜੀਤ ਕੁਮਾਰ ਗੋਰਾ ਜਨਰਲ ਸਕੱਤਰ ਸਾਥੀ ਨੈਬ ਸਿੰਘ ਲੋਚਮਾ ਨੇ ਸਾਥੀ ਇੰਦਰਜੀਤ ਸਿੰਘ ਮੁਕਤਸਰ ਦੇ ਵਿਛੋੜੇ ਤੇ ਗਹਿਰੇ ਸਦਮੇ ਦਾ ਇਜ਼ਹਾਰ ਕੀਤਾ ਅਤੇ ਆਪੋ ਆਪਣੀਆਂ ਯੂਨੀਅਨਾਂ ਦੇ ਝੰਡੇ ਝੁਕਾ ਕੇ ਵਿੱਛੜੇ ਸਾਥੀ ਨੂੰ ਇਨਕਲਾਬੀ ਸ਼ਰਧਾਂਜਲੀਆਂ ਭੇਂਟ ਕੀਤੀਆਂ।

## ਵਿਧਾਇਕ ਡਾ: ਅਜੇ ਗੁਪਤਾ ਨੇ ਨਗਰ ਨਿਗਮ ਕਮਿਸ਼ਨਰ ਅਤੇ ਨਿਗਮ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਇਹ ਹਦਾਇਤਾਂ ਦਿੱਤੀਆਂ

ਅੰਮ੍ਰਿਤਸਰ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਡਾ: ਅਜੇ ਗੁਪਤਾ ਨੇ ਨਿਗਮ ਦਫਤਰ ਵਿਖੇ ਨਿਗਮ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ, ਵਧੀਕ ਕਮਿਸ਼ਨਰ ਸ੍ਰੀ ਸੁਰਿੰਦਰ ਸਿੰਘ, ਸਹਾਇਕ ਕਮਿਸ਼ਨਰ ਵਿਸ਼ਾਲ ਵਧਾਵਨ, ਸੁਪਰਡੈਂਟ ਇੰਜੀਨੀਅਰ ਸੰਦੀਪ ਸਿੰਘ, ਸੁਪਰਡੈਂਟ ਇੰਜੀਨੀਅਰ ਸੁਰਜੀਤ ਸਿੰਘ, ਐਕਸੀਅਨ ਸੁਨੀਲ ਮਹਾਜਨ ਨਾਲ ਮੀਟਿੰਗ ਕੀਤੀ। ਰਣਜੀਤ ਐਵੀਨਿਊ ਨੇ ਐਮਟੀਪੀ ਨਰਿੰਦਰ ਸ਼ਰਮਾ, ਐਮਟੀਪੀ ਮੇਹਰਬਾਨ ਸਿੰਘ, ਏਟੀਪੀ ਪਰਮਜੀਤ ਦੱਤਾ, ਡੀਸੀਐਫਏ ਮਨੂ ਸ਼ਰਮਾ ਅਤੇ ਨਿਗਮ ਦੇ ਹੋਰ ਅਧਿਕਾਰੀਆਂ ਵੀ ਮੀਟਿੰਗ ਵਿੱਚ ਹਾਜ਼ਰ ਸਨ। ਮੀਟਿੰਗ ਵਿੱਚ ਵਿਧਾਇਕ ਡਾ: ਅਜੇ ਗੁਪਤਾ ਨੇ ਨਿਗਮ ਅਧਿਕਾਰੀਆਂ ਨੂੰ ਨਗਰ ਨਿਗਮ ਵੱਲੋਂ ਸ਼ਹਿਰ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਪਿਛਲੇ ਢਾਈ ਸਾਲਾਂ ਵਿੱਚ ਅਸੀਂ ਕੋਈ ਖਾਸ ਸੁਧਾਰ ਨਹੀਂ ਕਰ ਸਕੇ . ਇਸ ਨੂੰ ਸੁਧਾਰਨ ਲਈ ਸਾਨੂੰ ਸਖ਼ਤ ਮਿਹਨਤ ਕਰਨੀ ਪਵੇਗੀ।



ਸਫਾਈ ਸਿਸਟਮ ਨੂੰ ਠੀਕ ਕਰੋ

ਵਿਧਾਇਕ ਡਾ: ਗੁਪਤਾ ਨੇ ਕਿਹਾ ਕਿ ਸ਼ਹਿਰ ਖਾਸ ਕਰਕੇ ਚਾਰਦੀਵਾਰੀ 'ਚ ਸਫ਼ਾਈ ਵਿਵਸਥਾ ਦਾ ਬੁਰਾ ਹਾਲ ਹੈ । ਉਨ੍ਹਾਂ ਕਿਹਾ ਕਿ ਹਰ ਰੋਜ਼ 70 ਹਜ਼ਾਰ ਤੋਂ 1 ਲੱਖ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਲਈ ਆਉਂਦੇ ਹਨ। ਸਫ਼ਾਈ ਦੀ ਮਾੜੀ ਹਾਲਤ ਦੇਖ ਕੇ ਗੁਰੂ ਨਗਰੀ ਅੰਮ੍ਰਿਤਸਰ ਦਾ ਅਕਸ ਖ਼ਰਾਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਖਾਸ ਕਰਕੇ ਘਰ-ਘਰ ਕੂੜਾ ਇਕੱਠਾ ਕਰਨ ਵਾਲੀ ਕੰਪਨੀ ਦਾ ਕੰਮ ਬਿਲਕੁਲ ਵੀ ਚੰਗਾ ਨਹੀਂ ਹੈ। ਉਨ੍ਹਾਂ ਨਿਗਮ ਕਮਿਸ਼ਨਰ ਨੂੰ ਕਿਹਾ ਕਿ ਜਿਹੜੀਆਂ ਕੰਪਨੀਆਂ ਇਕਰਾਰਨਾਮੇ ਅਨੁਸਾਰ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੀਆਂ, ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਪੱਸ਼ਟ ਕਿਹਾ ਕਿ ਨਗਰ ਨਿਗਮ ਨੂੰ ਆਉਣ ਵਾਲੇ ਦਿਨਾਂ ਵਿੱਚ ਸਫ਼ਾਈ ਲਈ ਹੋਰ ਵਿਕਲਪ ਅਪਣਾਉਣੇ ਚਾਹੀਦੇ ਹਨ। ਦੂਸ਼ਿਤ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ।

ਵਿਧਾਇਕ ਡਾ.ਅਜੈ ਗੁਪਤਾ ਨੇ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਦੂਸ਼ਿਤ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਵੱਡੀ ਸਮੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੀਵਰੇਜ ਦੇ ਗੰਦੇ ਪਾਣੀ ਦੀ ਨਿਕਾਸੀ ਜਲਦੀ ਤੋਂ ਜਲਦੀ ਕਰਵਾਈ ਜਾਵੇ। ਆਉਣ ਵਾਲੇ ਦਿਨਾਂ 'ਚ ਬਾਰਿਸ਼ ਹੋਣ ਵਾਲੀ ਹੈ। ਵਿਧਾਇਕ ਡਾ.ਗੁਪਤਾ ਨੇ ਦੱਸਿਆ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਦੂਸ਼ਿਤ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਸਮੱਸਿਆ ਬਾਰੇ ਅੱਜ ਉਨ੍ਹਾਂ ਨੂੰ ਵਿਸਥਾਰ ਨਾਲ ਲਿਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਨਿਗਮ ਕਮਿਸ਼ਨਰ ਵਿਕਾਸ ਕਾਰਜਾਂ ਲਈ ਫੰਡ ਲਿਆਉਣਗੇ। ਉਨ੍ਹਾਂ ਕਿਹਾ ਕਿ ਨਗਰ ਨਿਗਮਾਂ ਨੂੰ ਆਪਣੇ ਵਿਭਾਗਾਂ ਦੀ ਆਮਦਨ ਦਾ ਟੀਚਾ ਵਧਾ ਕੇ ਮਾਲੀਆ ਇਕੱਠਾ ਕਰਨਾ ਚਾਹੀਦਾ ਹੈ।

## ਟੈਲੀ ਸਲੂਸ਼ਨਸ ਨੇ ਲੁਧਿਆਣਾ ਦੇ ਟੈਕਸ ਮਾਹਿਰਾਂ ਨੂੰ ਐਮ.ਐਸ.ਐਮ.ਈਜ਼ ਦੀ ਡਿਜੀਟਲ ਤਬਦੀਲੀ ਵਿੱਚ ਯੋਗਦਾਨ ਲਈ ਸਨਮਾਨਿਤ ਕੀਤਾ



ਲੁਧਿਆਣਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਬੀਐਮਐਸ ਪ੍ਰਣਾਲੀਆਂ ਵਿੱਚ ਇੱਕ ਪ੍ਰਮੁੱਖ ਟੈਕਨਾਲੋਜੀ ਪਲੇਅਰ ਟੈਲੀ ਸਲੂਸ਼ਨਸ ਨੇ ਦੇਸ਼ ਭਰ ਵਿੱਚ ਛੋਟੇ, ਸੂਖਮ ਅਤੇ ਦਰਮਿਆਨੇ ਉਦਯੋਗਾਂ (ਐਮਐਸਐਮਈ) ਦੀਆਂ ਲੇਖਾਕਾਰੀ ਅਤੇ ਪਾਲਣਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੁਧਿਆਣਾ ਦੇ ਟੈਕਸ ਅਤੇ ਲੇਖਾਕਾਰੀ ਭਾਈਚਾਰੇ ਨੂੰ ਸਨਮਾਨਿਤ ਕੀਤਾ ਹੈ ਤਕਨਾਲੋਜੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ. GSTPs, ਲੇਖਾਕਾਰਾਂ, ਟੈਕਸ ਐਡਵੋਕੇਟਾਂ ਅਤੇ ਹੋਰ ਪੇਸ਼ੇਵਰਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ, ਟੈਲੀ ਨੇ ਇੱਕ ਵਿਸ਼ੇਸ਼ ਸਮਾਗਮ 'ਟੈਕਸ ਐਂਡ ਅਕਾਊਂਟਿੰਗ ਟਾਇਟਨਸ' ਦਾ ਆਯੋਜਨ ਕੀਤਾ, ਜਿਸ ਵਿੱਚ ਖੇਤਰ ਦੇ 18 ਪੁਰਸਕਾਰ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਟੈਕਸ ਅਤੇ ਲੇਖਾਕਾਰੀ ਭਾਈਚਾਰੇ ਦੇ 160 ਤੋਂ ਵੱਧ ਪੇਸ਼ੇਵਰਾਂ ਨੇ ਹਿੱਸਾ ਲਿਆ। ਇਸ ਮੌਕੇ ਸੀ.ਆਈ.ਸੀ.ਯੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਅਤੇ ਲਾਵਾ ਐਸੋਸੀਏਸ਼ਨ ਲੁਧਿਆਣਾ ਦੇ ਪ੍ਰਧਾਨ ਨਰੇਸ਼ ਕਲਹੋਤਰਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਪਹਿਲਕਦਮੀ 'ਤੇ ਟਿੱਪਣੀ ਕਰਦੇ ਹੋਏ, ਬਾਲਾਜੀ ਐਸ, ਜਨਰਲ ਮੈਨੇਜਰ - ਉੱਤਰੀ ਜ਼ੋਨ, ਟੈਲੀ ਸਲੂਸ਼ਨਸ ਨੇ ਕਿਹਾ, ÷ਜੀਐਸਟੀਪੀ, ਅਕਾਊਟੈਂਟਸ ਅਤੇ ਟੈਕਸ ਐਡਵੋਕੇਟ ਕਮਿਊਨਿਟੀ ਅਤੇ 31 - ਇਹਨਾਂ ਸਾਰਿਆਂ ਨੇ ਖੇਤਰ ਵਿੱਚ ਐਮ.ਐਸ.ਐਮ.ਈਜ਼ ਲਈ ਤਕਨਾਲੋਜੀ ਨੂੰ ਅਪਣਾਉਣ ਵਿੱਚ ਵਾਧਾ ਕਰਨ ਵਿੱਚ ਯੋਗਦਾਨ ਪਾਇਆ ਹੈ। ਟੈਲੀ 'ਤੇ, ਅਸੀਂ ਐਮ.ਐਸ.ਐਮ.ਈਜ਼ ਦੀਆਂ ਲੇਖਾਕਾਰੀ ਅਤੇ ਸੰਚਾਲਨ ਲੋੜਾਂ ਨੂੰ ਪੂਰਾ ਕਰਦੇ ਹਾਂ, ਜਦਕਿ ਉਹਨਾਂ ਦੀ ਪਾਲਣਾ ਕਰਨ ਵਿੱਚ ਵੀ ਮਦਦ ਕਰਦੇ ਹਾਂ। ਸਾਡੀ ਪਹਿਲਕਦਮੀ 'ਟੈਕਸ ਐਂਡ ਅਕਾਊਂਟਿੰਗ ਟਾਈਟਨਸ' ਉਹਨਾਂ ਲੋਕਾਂ ਦੇ ਇਹਨਾਂ ਯਤਨਾਂ ਨੂੰ ਮਾਨਤਾ ਦਿੰਦੀ ਹੈ ਜੋ ਸਿਸਟਮ ਵਿੱਚ ਇੱਕ ਬਰਾਬਰ ਤਬਦੀਲੀ ਲਿਆਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ

## ਗੌਤਮ ਗੰਭੀਰ ਬਣ ਸਕਦਾ ਹੈ ਭਾਰਤੀ ਕ੍ਰਿਕਟ ਟੀਮ ਦਾ ਮੁੱਖ ਕੋਚ

ਨਵੀਂ ਦਿੱਲੀ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਸਾਬਕਾ ਸਲਾਮੀ ਬੱਲੇਬਾਜ਼ ਗੌਤਮ ਗੰਭੀਰ ਦੀ ਅੱਜ ਕੌਮੀ ਟੀਮ ਦੇ ਮੁੱਖ ਕੋਚ ਦੇ ਅਹੁਦੇ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਦੀ ਕ੍ਰਿਕਟ ਸਲਾਹਕਾਰ ਕਮੇਟੀ (ਸੀਏਸੀ) ਨੇ ਇੰਟਰਵਿਊ ਲਈ। ਇਹ ਇੰਟਰਵਿਊ ਜ਼ੂਮ ਕਾਲ 'ਤੇ ਹੋਈ, ਜਿਸ ਵਿਚ ਗੰਭੀਰ ਅਤੇ ਅਸ਼ੋਕ ਮਲਹੋਤਰਾ ਦੋਵਾਂ ਨੇ ਆਨਲਾਈਨ ਹਿੱਸਾ ਲਿਆ। ਬੀਸੀਸੀਆਈ ਦੇ ਸੂਤਰ ਨੇ ਦੱਸਿਆ, 'ਗੰਭੀਰ ਸੀਏਸੀ ਨਾਲ ਇੰਟਰਵਿਊ ਲਈ ਹਾਜ਼ਰ ਹੋਏ। ਅੱਜ ਚਰਚਾ ਦਾ ਇਕ ਦੌਰ ਹੋਇਆ। ਭਲਕੇ ਦੂਜਾ ਗੇੜ ਹੋਣ ਦੀ ਸੰਭਾਵਨਾ ਹੈ।' ਮੰਨਿਆ ਜਾ ਰਿਹਾ ਹੈ ਕਿ ਗੰਭੀਰ ਹੀ ਚੋਣ ਮੈਦਾਨ ਵਿੱਚ ਹਨ ਅਤੇ ਉਨ੍ਹਾਂ ਦੇ ਨਾਂ ਦਾ ਐਲਾਨ ਮਹਿਜ਼ ਰਸਮੀ ਕਾਰਵਾਈ ਹੈ।

## ਸਾਂਸੇ ਹੋ ਰਹੀ ਹੈ ਕਮ ਆਓ ਪੇੜ ਲਗਾਏ ਹਮ, ਰੁੱਖ ਲਗਾਓ ਤੇ ਸੁੱਖ ਪਾਓ, ਇੱਕ ਰੁੱਖ ਸੋ ਸੁੱਖ



ਪਟਿਆਲਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸੁਧਾਰ ਸਭਾ ਰਜਿ: ਸ੍ਰੀ ਕੇਦਾਰ ਨਾਥ ਜੀ ਰਜਿ: ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਜੀ ਪਟਿਆਲਾ ਵਿਖੇ ਨਿਰਜਲਾ ਇਕਾਦਸ਼ੀ ਦੇ ਮੌਕੇ ਤੇ ਦੁੱਧ ਵਾਲੀ ਛਬੀਲ ਅਤੇ ਵਰਤ ਵਾਲੇ ਆਲੂ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਸਰਪ੍ਰਸਤ ਸਤਨਾਮ ਹਸੀਜਾ ਅਤੇ ਆਪ ਪਾਰਟੀ ਦੇ ਆਗੂ ਰਣਜੀਤ ਸਿੰਘ ਚੰਡੋਕ ਅਤੇ ਸਮੂੰਹ ਸੁਧਾਰ ਸਭਾ ਦੇ ਮੈਂਬਰਾਂ ਵੱਲੋਂ ਪੌਦੇ ਵੀ ਲਗਾਏ ਗਏ। ਜਿਹੜੇ ਪੌਦੇ ਲਗਾਏ ਗਏ ਹਨ ਉਹ ਸ਼ਿਵ ਜੀ ਦੇ ਚਰਨਾ ਵਿੱਚ ਬਿੱਲ ਪੱਤਰ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਾਸਤੇ ਨਿੰਮ ਅਤੇ ਪਿੱਪਲ ਦੇ ਪੌਦੇ ਲਗਾਏ ਗਏ ਅਤੇ ਸਾਰੇ ਸ਼ਰਧਾਲੂਆ ਅਤੇ ਪੰਜਾਬ ਵਾਸੀਆਂ ਨੂੰ ਬੇਨਤੀ ਕੀਤੀ ਕਿ ਜਿੰਨੇ ਨਿੰਮ ਅਤੇ ਪਿੱਪਲ ਲੱਗਣੇ ਉਨ੍ਹਾਂ ਹੀ ਪੰਜਾਬ ਦਾ ਵਿਕਾਸ ਹੋਵੇਗਾ ਅਤੇ ਤਪਦੀ ਗਰਮੀ ਤੋਂ ਰਾਹਤ ਮਿਲੇਗੀ ਅਤੇ ਨਿੰਮ ਅਤੇ ਪਿੱਪਲ ਜ਼ੋ ਕਿ ਦਿਨ ਰਾਤ ਆਕਸੀਜਨ ਦਿੰਦੇ ਹਨ।

ਸੁਧਾਰ ਸਭਾ ਸਭ ਨੂੰ ਬੇਨਤੀ ਕਰਦੀ ਹੈ ਕਿ ਨਿਮ ਅਤੇ ਪਿੱਪਲ ਦੇ ਪੌਦੇ ਵੱਧ ਤੋਂ ਵੱਧ ਲਗਾਓ।

## ਬਿਰਧ ਆਸ਼ਰਮ ਵਿੱਚ ਰਹਿਣ ਲਈ ਲੋੜਵੰਦ ਬਜ਼ੁਰਗ ਆਪਣਾ ਰਜਿਸਟ੍ਰੇਸ਼ਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫਤਰ ਵਿਖੇ ਕਰਵਾ ਸੱਕਦੇ ਹਨ: ਡਿਪਟੀ ਕਮਿਸ਼ਨਰ

ਬਰਨਾਲਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ ਵੱਲੋ ਖੱਟਰ ਪੱਤੀ ਤਪਾ, ਜ਼ਿਲ੍ਹਾ ਬਰਨਾਲਾ ਵਿਖੇ ਲੋੜਵੰਦ ਬਜ਼ੁਰਗਾਂ ਦੇ ਰਹਿਣ ਲਈ 72 ਬੈੱਡਾਂ ਦਾ ਸਰਕਾਰੀ ਬਿਰਧ ਆਸ਼ਰਮ ਬਣ ਰਿਹਾ ਹੈ। ਜੋ ਕਿ ਕੁਝ ਸਮੇਂ ਤੱਕ ਬਣਕੇ ਤਿਆਰ ਹੋ ਜਾਣਾ ਹੈ।



ਉਨ੍ਹਾਂ ਕਿਹਾ ਕਿ ਜੋ ਵੀ ਲੋੜਵੰਦ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਾ ਚਾਹੁੰਦੇ ਹਨ ਉਹ ਆਪਣਾ ਆਧਾਰ ਕਾਰਡ ਲੈ ਕੇ ਤਹਿਸੀਲ ਕੰਪਲੈਕਸ, ਨੇੜੇ ਸੇਵਾ ਕੇਂਦਰ, ਹੰਡਿਆਇਆ ਰੋਡ, ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਬਰਨਾਲਾ ਜਾਂ ਆਪਣੇ ਬਲਾਕ ਨਾਲ ਸਬੰਧਤ ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ (ਸੀ ਡੀ ਪੀ ਓ) ਵਿਖੇ ਜਾ ਕੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਬਰਨਾਲਾ ਵੱਲੋ ਇਹ ਵੀ ਦੱਸਿਆ ਗਿਆ ਕਿ ਜੋ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਗੇ.

ਉਨ੍ਹਾਂ ਨੂੰ ਰਹਿਣ ਲਈ ਕਮਰੇ, ਸਿਹਤ ਅਤੇ ਮੈਡੀਕਲ ਸੇਵਾਵਾਂ, ਖਾਣਾ ਪੀਣਾ, ਕੱਪੜੇ, ਸੁਰੱਖਿਆ ਅਤੇ ਸੰਭਾਲ, ਲਾਇਬ੍ਰੇਰੀ ਅਤੇ ਹੋਰ ਆਧੁਨਿਕ ਸਹੂਲਤਾਂ ਮੁਫਤ ਮੁਹੱਇਆ ਕਰਵਾਈਆਂ ਜਾਣਗੀਆ।

## ਲਿੰਕਡਇਨ ਭਾਰਤ ਵਿੱਚ ਨਵੇਂ ਗ੍ਰੈਜੂਏਟਾਂ ਲਈ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਨੌਕਰੀਆਂ

ਚੰਡੀਗੜ੍ਹ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਵੇਂ ਗ੍ਰੈਜੂਏਟਾਂ ਲਈ ਜੋ ਕਿ ਨੌਕਰੀ ਦੀ ਮਾਰਕੀਟ ਵਿੱਚ ਪ੍ਰਵੇਸ਼ ਕਰਨਾ ਚਾਹੁੰਦੇ ਹਨ, LinkedIn, ਵਿਸ਼ਵ ਦੇ ਸਭ ਤੋਂ ਵੱਡੇ ਪੇਸ਼ੇਵਰ ਨੈਟਵਰਕ, ਨੇ ਅੱਜ ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਭੂਮਿਕਾਵਾਂ, ਉਦਯੋਗਾਂ, ਕਾਰਜਾਂ ਅਤੇ ਹੁਨਰਾਂ ਬਾਰੇ ਨਵੇਂ ਡੇਟਾ ਦਾ ਖੁਲਾਸਾ ਕੀਤਾ ਹੈ। ਲਿੰਕਡਇਨ ਡੇਟਾ ਦੱਸਦਾ ਹੈ ਕਿ ਡਿਜ਼ਾਈਨ, ਵਿਸ਼ਲੇਸ਼ਣ ਅਤੇ ਪ੍ਰੋਗਰਾਮਿੰਗ ਅੱਜ ਐਂਟਰੀ-ਪੱਧਰ ਦੀਆਂ ਭੂਮਿਕਾਵਾਂ ਲਈ ਚੋਟੀ ਦੇ ਹੁਨਰ ਹਨ। ਕੰਪਨੀਆਂ 2024 ਵਿੱਚ ਲਚਕਤਾ ਨੂੰ ਅਪਣਾਉਣੀਆਂ ਜਾਰੀ ਰੱਖਦੀਆਂ ਹਨ, ਵਧੇਰੇ ਲਚਕਦਾਰ ਕੰਮਕਾਜੀ ਪ੍ਰਬੰਧਾਂ ਵੱਲ ਰੁਝਾਨ ਮਹੱਤਵਪੂਰਨ ਤੌਰ @ਤੇ ਵਧ ਰਿਹਾ ਹੈ। ਸਿਰਫ਼ ਸਾਈਟ @ਤੇ ਭੂਮਿਕਾਵਾਂ 15% ਘਟ ਰਹੀਆਂ ਹਨ ਅਤੇ ਸਾਲ-ਦਰ-ਸਾਲ ਐਂਟਰੀ-ਪੱਧਰ ਦੀਆਂ ਭੂਮਿਕਾਵਾਂ ਲਈ ਹਾਈਬ੍ਰਿਡ ਪੋਜੀਸ਼ਨਾਂ 52% ਵੱਧ ਰਹੀਆਂ ਹਨ। ਇਹ ਸ਼ਿਫਟ ਨਵੇਂ ਗ੍ਰੈਜੂਏਟਾਂ ਨੂੰ ਚੁਣਨ ਅਤੇ ਅੱਗੇ ਵਧਾਉਣ ਲਈ ਕੰਮ ਦੇ ਪ੍ਰਬੰਧਾਂ ਦੀ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦੀ ਹੈ।ਲਿੰਕਡਇਨ ਦੀ ਕਰੀਅਰ ਸਟਾਰਟਰ 2024 ਰਿਪੋਰਟ ਦੇ ਅਨੁਸਾਰ, ਯੂਟਿਲਿਟੀਜ਼ ਬੈਚਲਰ ਡਿਗਰੀ ਵਾਲੇ ਨੌਜਵਾਨ ਪੇਸ਼ੇਵਰਾਂ ਲਈ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਉਦਯੋਗ ਹੈ। ਨਵੇਂ ਗ੍ਰੈਜੂਏਟਾਂ ਨੂੰ ਭਰਤੀ ਕਰਨ ਵਾਲੇ ਹੋਰ ਪ੍ਰਮੁੱਖ ਉਦਯੋਗਾਂ ਵਿੱਚ ਤੇਲ, ਗੈਸ ਅਤੇ ਮਾਈਨਿੰਗ, ਰੀਅਲ ਅਸਟੇਟ, ਉਪਕਰਣ ਰੈਂਟਲ ਸੇਵਾਵਾਂ, ਅਤੇ ਖਪਤਕਾਰ ਸੇਵਾਵਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਜਿਨ੍ਹਾਂ ਕੋਲ ਬੈਚਲਰ ਡਿਗਰੀ ਨਹੀਂ ਹੈ, ਉਨ੍ਹਾਂ ਕੋਲ ਸਿੱਖਿਆ, ਤਕਨਾਲੋਜੀ ਅਤੇ ਸੂਚਨਾ ਅਤੇ ਮੀਡੀਆ ਖੇਤਰਾਂ ਵਿੱਚ ਬਹੁਤ ਸਾਰੇ ਮੌਕੇ ਹਨ। ÷ਇੱਕ ਤੰਗ ਨੌਕਰੀ ਦੀ ਮਾਰਕੀਟ ਵਿੱਚ ਦਾਖਲ ਹੋਣਾ ਔਖਾ ਹੋ ਸਕਦਾ ਹੈ, ਖਾਸ ਕਰਕੇ ਕੈਰੀਅਰ ਦੀ ਯਾਤਰਾ ਦੀ ਸ਼ੁਰੂਆਤ ਵਿੱਚ. ਉਦਯੋਗ ਦੇ ਰੁਝਾਨਾਂ ਅਤੇ ਮੰਗ-ਰਹਿਤ ਨੌਕਰੀਆਂ @ਤੇ ਅੱਪਡੇਟ ਰਹਿਣਾ, ਅਤੇ ਭੂਮਿਕਾਵਾਂ ਦੀ ਪੜਚੋਲ ਕਰਨਾ ਜੋ ਸ਼ਾਇਦ ਪਹਿਲਾਂ ਸਪੱਸ਼ਟ ਨਹੀਂ ਜਾਪਦਾ, ਵਿਕਲਪਾਂ ਨੂੰ ਵਧਾ ਸਕਦਾ ਹੈ। ਅੱਜ ਬਹੁਤ ਸਾਰੇ ਹੁਨਰ ਸਾਰੇ ਉਦਯੋਗਾਂ ਵਿੱਚ ਤਬਾਦਲੇਯੋਗ ਹਨ, ਅਤੇ 19 ਦਾ ਉਭਾਰ ਵੱਖ-ਵੱਖ ਖੇਤਰਾਂ ਵਿੱਚ ਵਧੇਰੇ ਤਕਨੀਕੀ-ਸਬੰਧਤ ਭੂਮਿਕਾਵਾਂ ਪੈਦਾ ਕਰ ਰਿਹਾ ਹੈ, ਕੰਪਨੀਆਂ ਵਿਭਿੰਨ ਵਿਦਿਅਕ ਪਿਛੋਕੜ ਵਾਲੇ ਪੇਸ਼ੇਵਰਾਂ ਦੀ ਭਾਲ ਕਰਨ ਲਈ ਮੋਹਰੀ ਹਨ। ਇਹ ਭਰਤੀ ਕਰਨ ਦੇ ਰੁਝਾਨ ਊਰਜਾ ਖੇਤਰ ਦੀ ਤਰ੍ਹਾਂ ਵਿਆਪਕ ਆਰਥਿਕ ਪੈਟਰਨ ਨੂੰ ਦਰਸਾਉਂਦੇ ਹਨ। ਆਪਣੇ ਦੂਰੀ ਦਾ ਵਿਸਤਾਰ ਕਰਨ ਲਈ, ਨੌਕਰੀ ਲੱਭਣ ਵਾਲਿਆਂ ਨੂੰ ਆਪਣੇ ਹੁਨਰ ਨੂੰ ਮਜ਼ਬੂਤ ਕਰਦੇ ਰਹਿਣਾ ਚਾਹੀਦਾ ਹੈ ਅਤੇ ਪੇਸ਼ੇਵਰਾਂ ਨਾਲ ਨੈੱਟਵਰਕਿੰਗ ਕਰਨੀ ਚਾਹੀਦੀ ਹੈ, ਨਿਰਜਿਤਾ ਬੈਨਰਜੀ, L inkedIn ਕਰੀਅਰ ਐਕਸਪਰਟ ਅਤੇ ਇੰਡੀਆ ਸੀਨੀਅਰ ਮੈਨੇਜਿੰਗ ਐਡੀਟਰ ਕਹਿੰਦੀ ਹੈ।

ਲਿੰਕਡਇਨ ਦਾ ਡੇਟਾ ਵੱਖ-ਵੱਖ ਵਿਦਿਅਕ ਯੋਗਤਾਵਾਂ ਵਾਲੇ ਪੇਸ਼ੇਵਰਾਂ ਲਈ ਚੋਟੀ ਦੀਆਂ ਨੌਕਰੀਆਂ ਦੀ ਵਿਭਿੰਨ ਸ਼੍ਰੇਣੀ ਦਾ ਖੁਲਾਸਾ ਕਰਦਾ ਹੈ। ਬੈਚਲਰ ਡਿਗਰੀ ਧਾਰਕ ਸਾਫਟਵੇਅਰ ਇੰਜੀਨੀਅਰ, ਸਿਸਟਮ ਇੰਜੀਨੀਅਰ ਅਤੇ ਪ੍ਰੋਗਰਾਮਿੰਗ ਐਨਾਲਿਸਟ ਵਰਗੀਆਂ ਭੂਮਿਕਾਵਾਂ ਦੀ ਪੜਚੋਲ ਕਰ ਸਕਦੇ ਹਨ।

# ਨਾਭਾ ਸ਼ਹਿਰ ਵਿੱਚ ਸੀਵਰੇਜ਼ ਨਾ ਹੋਣ ਕਾਰਨ ਮਾਨ ਸਰਕਾਰ ਖਿਲਾਫ ਨਾਅਰੇਬਾਜ਼ੀ ਕਰ ਕੇ ਕੀਤਾ ਪ੍ਰਦਰਸ਼ਨ

ਪਟਿਆਲਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਸ਼ਹਿਰ ਵਿੱਚ ਸੀਵਰੇਜ਼ ਦੀਆਂ ਸਹੂਲਤਾਂ ਨਾ ਹੋਣ ਕਾਰਨ ਫੈਲੀ ਗੰਦਗੀ ਨੂੰ ਲੈ ਕੇ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਮਾਨ ਸਰਕਾਰ ਵਿਰੁੱਧ ਨਾਅਰੇਬਾਜੀ ਕਰਕੇ ਨਾਭੇ ਸ਼ਹਿਰ ਵਿੱਚ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਵਿਕਾਸ ਪੱਖੋਂ ਵਾਂਝੇ ਨਾਭਾ ਵਾਸੀਆਂ ਦੀਆਂ ਸਮੱਸਿਆਵਾਂ ਦਾ ਵੇਰਵਾ ਦਿੰਦਿਆ ਕਿਹਾ ਕਿ ਨਾਭੇ ਸ਼ਹਿਰ ਵਿੱਚ ਸੀਵਰੇਜ਼ ਨਾ ਹੋਣ ਕਾਰਨ ਜਿੱਥੇ ਲੋਕਾਂ ਵਿੱਚ ਬੀਮਾਰੀਆਂ ਫੈਲਦੀਆਂ ਹਨ ਉੱਥੇ ਹੀ ਅਨੇਕਾਂ ਪਰਿਵਾਰ ਨਰਕ ਭਰੀ ਜਿੰਦਗੀ ਬਤੀਤ ਕਰਨ ਲਈ ਮਜਬੂਰ ਹਨ। ਸੀਵਰੇਜ਼ ਨਾ ਹੋਣ ਕਰਕੇ ਟੁਆਇਲਟਾਂ ਦਾ ਗੰਦਾ ਪਾਣੀ ਬਾਹਰ ਸੜਕਾਂ ਤੇ ਨਾਲੇ ਨਾਲੀਆਂ ਵਿੱਚ ਜਾਂਦਾ ਹੈ। ਜਿਹੜਾ ਕਿ ਬਰਸਾਤਾਂ ਦੌਰਾਨ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨਾਲੀਆਂ ਦੇ ਗੰਦੇ ਪਾਣੀ ਵਿੱਚ ਬਰਸਾਤੀ ਪਾਣੀ ਮਿਕਸ ਹੋ ਕੇ ਓਵਰਫਲੋਅ ਹੋ ਕੇ ਲੋਕਾਂ ਦੇ ਘਰਾਂ ਵਿੱਚ ਦਾਖਲ ਹੋ ਜਾਂਦਾ ਹੈ। ਫਿਰ ਅਨੇਕਾਂ ਪਰਿਵਾਰਾਂ ਲਈ ਖੱਜਲ ਖੁਆਰੀ ਤੇ ਮੁਸੀਬਤਾਂ ਖੜੀਆਂ ਕਰ ਦਿੰਦਾ ਹੈ। ਬਰਸਾਤਾਂ ਦੌਰਾਨ ਦੁਕਾਨਾਂ ਵਿੱਚ ਗੰਦਾ ਪਾਣੀ ਦਾਖਲ ਹੋਣ ਕਰਕੇ ਦੁਕਾਨਦਾਰਾਂ ਨੂੰ ਵੀ ਆਪਣੀਆਂ ਮਾਰਕੀਟਾਂ ਬੰਦ ਕਰਨੀਆਂ ਪੈਂਦੀਆਂ ਹਨ। ਜਿਸ ਕਰਕੇ ਨਾਭਾ ਵਾਸੀ ਬੇਹੱਦ ਦੁੱਖੀ ਤੇ ਪ੍ਰੇਸ਼ਾਨ ਹਨ ਜੇਕਰ ਨਾਭਾ ਸ਼ਹਿਰ ਵਿੱਚ ਬਾਹਰੋ ਕੋਈ ਵਿਅਕਤੀ ਆਉਂਦਾ ਹੈ ਤਾਂ ਉਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅੱਜ ਦੇ ਯੁੱਗ ਵਿੱਚ ਵੀ ਨਾਭੇ ਦੇ ਲੋਕ ਗੰਦਗੀ ਦੇ ਵਾਤਾਵਰਣ ਵਿੱਚ ਕਿਵੇ ਆਪਣੀ ਜਿੰਦਗੀ ਬਤੀਤ ਕਰ ਰਹੇ ਹਨ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਸਰਕਾਰ ਦੀ ਕਾਰਗੁਜਾਰੀ ਤੇ ਸਵਾਲ ਚੁੱਕਦਿਆਂ ਰੋਸ ਭਰੇ ਸ਼ਬਦਾਂ ਵਿੱਚ ਕਿਹਾ ਕਿ ਨਾਭਾ ਸ਼ਹਿਰ ਦੀ ਮੂੰਹ ਬੋਲਦੀ ਤਸਵੀਰ ਦੱਸ ਰਹੀ ਹੈ ਕਿ ਹੁਣ ਨਾਭਾ ਸ਼ਹਿਰ ਵਿਕਾਸ ਕਾਰਜਾਂ ਦੇ ਮਾਮਲੇ ਵਿੱਚ ਪੱਛੜ ਚੁੱਕਾ ਹੈ ਤੇ ਗੰਦਗੀ ਦੇ ਮਾਮਲੇ ਵਿੱਚ ਨੰਬਰ 1 ਤੇ ਆ ਗਿਆ ਹੈ। ਜੇਕਰ ਫੈਲੀ ਗੰਦਗੀ ਦੀ ਗੱਲ ਕੀਤੀ ਜਾਵੇ ਤਾਂ ਸਵੱਛਤ ਭਾਰਤ ਅਭਿਆਨ ਦਾ ਨਾਅਰਾ ਹੋਰਡਿੰਗ ਬੋਰਡਾਂ ਤੱਕ ਹੀ ਸੀਮਤ ਰਹਿ ਗਿਆ, ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੂੰ ਸ਼ਹਿਰ ਦੇ ਵਸਨੀਕਾਂ ਨੇ ਦੱਸਿਆ ਕਿ ਸੀਵਰੇਜ਼ ਪਾਉਣ ਦੀ ਮੰਗ ਰਾਜਨੀਤਕਿ ਪਾਰਟੀ ਦੇ ਆਗੂਆਂ ਤੋਂ ਕਈ ਵਾਰ ਕੀਤੀ ਜਾ ਚੁੱਕੀ ਹੈ ਪਰ ਇਨ੍ਹਾਂ ਨੇ ਨਾਭਾ ਵਾਸੀਆਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਜਿਸ ਦਾ ਖਮਿਆਜਾ ਨਾਭਾ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ। ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ ਦੇ ਦਾਅਵੇ ਵਾਅਦੇ ਸਬ ਖੋਖਲੇ ਸਾਬਿਤ ਹੋਏ ਹਨ। ਨਾਭੇ ਸ਼ਹਿਰਾਂ—ਪਿੰਡਾਂ ਵਿੱਚ ਕੋਈ ਬਦਲਾਵ ਨਹੀਂ ਆਇਆ। ਸਿਰਫ ਨਾਭੇ ਦਾ ਮੌਜੂਦਾ ਐਮ.ਐਲ.ਏ. ਸਾਈਕਲ ਤੋਂ ਗੱਡੀਆਂ ਤੇ ਆ ਗਿਆ ਹੈ। ਨਾਭੇ ਸ਼ਹਿਰ ਦੇ ਲੋਕ ਆਪਣੇ ਆਪ ਨੂੰ ਠੱਗੇ ਤੇ ਗੁੰਮਰਾਹ ਹੋਏ ਮਹਿਸੂਸ ਕਰ ਰਹੇ ਹਨ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਨਾਭਾ ਸ਼ਹਿਰ ਦੇ ਹਵਾਲਾ ਨੂੰ ਅਤਿ ਚਿੰਤਾਯੋਗ ਤੇ ਤਰਸਯੋਗ ਦੱਸਦਿਆ ਕਿਹਾ ਕਿ ਨਾਭੇ ਵਿੱਚ ਸੀਵਰੇਜ਼ ਪਾਉਣ ਦਾ ਕੰਮ ਸਰਕਾਰ ਵਲੋਂ ਜਲਦ ਸ਼ੁਰੂ ਨਾ ਕੀਤਾ ਤਾਂ ਨਾਭੇ ਵਾਸੀਆਂ ਨੂੰ ਨਾਲ ਲੈ ਕੇ ਸੜਕਾਂ ਤੇ ਉੱਤਰ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਕੇਵਲ ਸਿੰਘ, ਸੁਰਜੀਤ ਸਿੰਘ, ਬੰਟੀ ਸਿੰਘ, ਸੁਖਦੇਵ ਸਿੰਘ, ਲਕਸ਼ਮੀ, ਚਮਕੌਰ ਸਿੰਘ, ਗੁਰਦੀਪ ਆਦਿ ਹਾਜ਼ਰ ਸਨ।



## ਕੇਂਦਰ ਸਰਕਾਰ ਸੰਸਾਰ ਪ੍ਰਸਿੱਧ ਸ਼ਖ਼ਸੀਅਤਾਂ ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਨੂੰ ਹੱਥ ਪਾਉਣ ਤੋਂ ਬਾਜ਼ ਆਵੇ : ਪੰਜਾਬ ਜਮਹੂਰੀ ਮੋਰਚਾ

ਪਟਿਆਲਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਜਮਹੂਰੀ ਮੋਰਚੇ ਨੇ ਦਿੱਲੀ ਦੇ ਉੱਪ ਰਾਜਪਾਲ ਵਲੋਂ ਇੱਕ 14 ਸਾਲ ਪੁਰਾਣੇ ਮਾਮਲੇ 'ਚ ਸੰਸਾਰ ਪ੍ਰਸਿੱਧ ਲੇਖਕਾ ਅਤੇ ਸਮਾਜਿਕ ਕਾਰਕੁੰਨ ਅਤੇ ਬੁਧੀਜੀਵੀ ਅਰੁੰਧਤੀ ਰੌਏ ਤੇ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਉੱਪਰ 'ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ' ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇਣ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਕੇਂਦਰ ਸਰਕਾਰ ਨੂੰ ਆਪਣੇ ਮਾੜੇ ਅਤੇ ਗੈਰ ਜਮਹੂਰੀ ਇਰਾਦਿਆਂ ਨਾਲ ਇਹਨਾਂ ਸ਼ਖ਼ਸੀਅਤਾਂ ਨੂੰ ਹੱਥ ਪਾਉਣ ਤੋਂ ਬਾਜ਼ ਆਉਣ ਲਈ ਕਿਹਾ ਹੈ।

ਮੋਰਚੇ ਦੇ ਕਨਵੀਨਰ ਜੁਗਰਾਜ ਸਿੰਘ ਟੱਲੇਵਾਲ ਅਤੇ ਸੂਬਾ ਆਗੂ ਮਾਸਟਰ ਸੁੱਚਾ ਸਿੰਘ, ਹਰਜਿੰਦਰ ਸਿੰਘ ਅਤੇ ਜਸਵੰਤ ਸਿੰਘ ਪੱਟੀ ਨੇ ਕਿਹਾ ਕਿ

ਮਸ਼ਹੂਰ ਲੇਖਕਾ ਅਰੁੰਧਤੀ ਰੌਏ ਤੇ ਕਸ਼ਮੀਰ ਕੇਂਦਰੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾਕਟਰ ਸ਼ੇਖ ਸ਼ੌਕਤ ਹੁਸੈਨ ਵੱਲੋਂ ਨਵੰਬਰ 2010 ਵਿੱਚ ਇੱਕ ਪ੍ਰੋਗਰਾਮ ਵਿੱਚ ਕਸ਼ਮੀਰ ਸਬੰਧੀ ਦਿੱਤੇ ਬਿਆਨ ਨੂੰ ਅਧਾਰ ਬਣਾਕੇ ਇਕ ਸਾਜ਼ਿਸ਼ ਅਧੀਨ ਇੱਕ ਵਿਅਕਤੀ ਸੁਸ਼ੀਲ ਪੰਡਿਤ ਵੱਲੋਂ ਦਰਜ ਕਰਵਾਏ ਮੁਕੱਦਮੇ ਨੂੰ ਆਧਾਰ ਬਣਾ ਕੇ ਹੁਣ 14 ਸਾਲ ਬਾਅਦ ਯੂ.ਏ.ਪੀ.ਏ. ਤਹਿਤ ਇਹ ਕਾਰਵਾਈ ਕੀਤੀ ਜਾ ਰਹੀ ਹੈ।



ਮੋਦੀ ਹਕੂਮਤ ਦੀ ਇਹ ਕਾਰਵਾਈ ਅਸਲ ਵਿੱਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲਣ ਲਈ ਮੁਲਕ ਦੀਆਂ ਸਾਰੀਆਂ ਲੋਕ ਪੱਖੀ ਆਵਾਜਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਾਉਣ ਦਾ ਹਿੱਸਾ ਹੈ। ਇਸੇ ਤਰ੍ਹਾਂ ਹੀ ਪਹਿਲਾਂ ਗੌਤਮ ਨਵਲੱਖਾ, ਜੀ ਐਨ ਸਾਈਬਾਬਾ , ਵਰਵਰਾ ਰਾਓ ਸਮੇਤ ਦਰਜਨਾਂ ਬੁੱਧੀਜੀਵੀਆਂ , ਲੇਖਕਾਂ, ਵਕੀਲਾਂ, ਸਭਿਆਚਾਰਕ ਕਾਮਿਆਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਸਾਲਾਂ ਬੱਧੀ ਜੇਲ੍ਹਾਂ ਵਿੱਚ ਸਾੜਿਆ ਗਿਆ ਅਤੇ ਉਮਰ ਖਾਲਿਦ, ਗੁਲਫਿਸ਼ਾ ਫਾਤਿਮਾ ਜਿਹੇ ਅਨੇਕਾਂ ਨੌਜਵਾਨਾਂ ਉੱਪਰ ਝੂਠੇ ਮੁਕੱਦਮੇ ਪਾ ਕੇ ਸਾਲਾਂ ਤੋਂ ਜੇਲ੍ਹੀਂ ਡੱਕਿਆ ਹੋਇਆ ਹੈ।

ਹੁਣ ਅਜਿਹਾ ਕਰਕੇ ਨਵੀਂ ਬਣੀ ਐਨ ਡੀ ਏ ਸਰਕਾਰ ਨੇ ਲੋਕਾਂ ਦੇ ਹੱਕ 'ਚ ਉੱਠਣ ਵਾਲ਼ੀਆਂ ਅਵਾਜਾਂ ਨੂੰ ਦਬਾਉਣ ਦੀ ਮੁਹਿੰਮ ਦਾ ਆਗਾਜ ਕਰ ਦਿੱਤਾ। ਜਿਸ ਨੂੰ ਦੇਸ਼ ਦੇ ਜਮਹੂਰੀ ਅਤੇ ਇਨਸਾਫ਼ ਪਸੰਦ ਲੋਕ ਕਦਾਚਿੱਤ ਬਰਦਾਸ਼ਤ ਨਹੀ ਕਰਨਗੇ।

ਉਹਨਾਂ ਦੇਸ਼ ਦੀਆਂ ਇਨਕਲਾਬੀ ਜਮਹੂਰੀ ਤਾਕਤਾਂ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਰਾਖੀ ਕਰਨ ਲਈ ਨੂੰ ਅਰੁੰਧਤੀ ਰੌਏ ਤੇ ਪ੍ਰੋਫੈਸਰ ਸ਼ੌਕਤ ਹੁਸੈਨ ਉੱਪਰ ਮੁਕੱਦਮਾ ਚਲਾਉਣ ਅਤੇ ਝੂਠੇ ਕੇਸਾਂ 'ਚ ਉਲਝਾਉਣ ਦੇ ਮੋਦੀ ਸਰਕਾਰ ਦੇ ਯਤਨਾਂ ਦਾ ਜੋਰਦਾਰ ਵਿਰੋਧ ਕਰਨ ਲਈ ਜ਼ੋਰਦਾਰ ਜਨਤਕ ਲਾਮਬੰਦੀ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ।

# ਧੂਰੀ ਵਿਖੇ ਨਹਿਰੀ ਪਟਵਾਰ ਯੂਨੀਅਨ ਅਤੇ ਕਿਸਾਨ ਭਗਤਰੀ ਜਥੇਬੰਦੀਆਂ ਵੱਲੋਂ ਨਵੀਂ ਅਨਾਜ ਮੰਡੀ ਧੂਰੀ ਵਿਖੇ ਕੀਤੀ ਗਈ ਵਿਸ਼ਾਲ ਰੋਸ ਰੈਲੀ

**ਧੂਰੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਧੂਰੀ ਵਿਖੇ ਨਹਿਰੀ ਪਟਵਾਰ ਯੂਨੀਅਨ ਅਤੇ ਮੁਲਾਜਿਮ ਅਤੇ ਕਿਸਾਨ ਭਗਤਰੀ ਜਥੇਬੰਦੀਆਂ ਵੱਲੋਂ ਧੂਰੀ ਦੀ ਨਵੀਂ ਅਨਾਜ ਮੰਡੀ ਵਿਖੇ ਇੱਕ ਵਿਸ਼ਾਲ ਰੋਸ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਯੂਨੀਅਨ ਦੇ ਸੂਬਾ ਪ੍ਰਧਾਨ ਜਸਕਰਨ ਸਿੰਘ ਬੁੱਟਰ ਵਲੋਂ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਪੰਜਾਬ ਸਰਕਾਰ ਵਲੋਂ ਨਹਿਰੀ ਪਾਣੀ ਅਤੇ ਮੁਹਿਮ ਮਾਰੂ ਵਧੀਕੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ ਗਈ।

ਓਹਨਾ ਆਖਿਆ ਕਿ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਸਾਹਿਬ ਵਲੋਂ ਨਹਿਰੀ ਪਟਵਾਰੀਆਂ ਉਪਰ ਇੱਕ W.R.O whatts app ਗਰੁੱਪ ਬਣਾ ਕੇ ਪ੍ਰੈਸ਼ਰ ਪਾਈਆਂ ਜਾ ਰਿਹਾ ਹੈ ਕੇ ਪੰਜਾਬ ਦੀ ਧਰਤੀ ਉਪਰ ਦਿੱਤੇ ਗਏ ਪਾਣੀ ਨਾਲ ਪੂਰੀ ਤਰਾਂ ਮੁਕੰਮਲ ਸਿੰਚਾਈ ਹੋ ਰਹੀ ਹੈ ਜਦੋਂ ਕਿ ਸੱਚ ਬਿਲਕੁਲ ਇਸਦੇ ਉਲਟ ਹੈ। ਓਹਨਾ ਦਸਿਆ ਕੇ ਖੇਤੀ ਵਿਗਿਆਨੀਆਂ ਦੇ ਦਿੱਤੇ ਗਏ ਅੰਕੜਿਆਂ ਅਨੁਸਾਰ ਪੂਰੇ ਪੰਜਾਬ ਨੂੰ ਸਿਰਫ ਖੇਤੀ ਕਰਨ ਲਈ 62.12 23$ ਪਾਣੀ ਦੀ ਜਰੂਰਤ ਹੈ।

ਜਦਕਿ ਅੱਜ ਦੀ ਘੜੀ ਅਸੀਂ 53.06 23$ ਟਿਊਬਲ ਤੋਂ ਬਿਨਾ ਪਾਣੀ ਵਰਤਿਆ ਜਾ ਰਿਹਾ ਹੈ ਜਦਕਿ ਪੰਜਾਬ ਨੂੰ 13.06 23$ ਪਾਣੀ ਦੀ ਜਰੂਰਤ ਹੋਰ ਹੈ । ਪਰ ਜਲ ਸਰੋਤ ਵਿਭਾਗ ਦੇ ਪ੍ਰਮੁੱਖ 20% ਤੋਂ 27 % ਹੋ ਰਹੀ ਸਿੰਚਾਈ ਨੂੰ ਆਪਣੇ ਅੰਕੜਿਆਂ ਦੀ ਖੇਡ ਰਾਹੀਂ 100% ਕਰਵਾ ਰਹੇ ਹਨ ਜੋਂ ਸਰਾਸਰ ਗ਼ਲਤ ਕੀਤਾ ਜਾ ਰਿਹਾ ਹੈ ।ਓਹਨਾ ਇਹ ਵੀ ਦਸਿਆ ਕਿ ਸਕੱਤਰ ਸਾਬ ਆਪਣੇ ਅੰਕੜਿਆਂ ਦੀ ਖੇਡ ਨੂੰ ਪੂਰਾ ਕਰਵਾਉਣ ਲਈ ਨਹਿਰੀ ਪਟਵਾਰੀਆਂ ਤੇ ਚਾਰਜਸ਼ੀਟ ਕਰ ਕੇ ਮੁਅੱਤਲ ਕਰਵਾ ਰਹੇ ਹਨ ਤਾਂ ਕੇ ਆਪਣਾ ਫਰਜੀ ਅੰਕੜਾ ਪੂਰਾ ਕਰਵਾਇਆ ਜਾ ਸਕੇ ਜੋਂ ਕੇ ਆਣ ਵਾਲੇ ਸਮੇਂ ਦੇ ਵਿੱਚ ਖੇਤੀ ਲਈ ਘਾਤਕ ਸਿੱਧ ਹੋਵੇਗਾ।

ਓਹਨਾ ਦਸਿਆ ਕੇ ਪ੍ਰਮੁੱਖ ਸਕੱਤਰ ਸਾਬ ਤਾਨਾਸ਼ਾਹੀ ਰਵਈਆ ਆਪਣਾ ਕੇ ਨਹਿਰੀ ਪਟਵਾਰੀਆਂ ਨੂੰ ਵੱਖ ਵੱਖ ਪੱਤਰਾ ਰਾਹੀਂ ਲਗਾਤਾਰ ਹੁਕਮ ਸੁਣਾਏ ਜਾ ਰਹੇ ਹਨ ਅਤੇ ਪਟਵਾਰੀਆਂ ਦੀਆਂ ਤਨਖਾਹਾਂ ਵੀ ਰਿਲੀਜ਼ ਨਹੀਂ ਕੀਤੀਆਂ ਜਾ ਰਹੀਆਂ ਹਨ। ਜੇਕਰ ਪੰਜਾਬ ਸਰਕਾਰ ਦਾ ਰਵਈਆ ਇਸ ਤਰਾਂ ਦਾ ਰਿਹਾ ਤਾਂ ਅਸੀਂ ਸੰਘਰਸ਼ ਹੋਰ ਤਿੱਖਾ ਕਰਾਂਗੇ। ਇਸ ਰੋਸ ਰੈਲੀ ਦੇ ਵਿੱਚ ਪੂਰੇ ਪੰਜਾਬ ਭਰ ਤੋਂ ਨਹਿਰੀ ਪਟਵਾਰ ਯੂਨੀਅਨ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਇਸ ਦੇ ਵਿੱਚ ਸ਼ਾਮਿਲ ਹੋਏ।

# ਫਾਦਰ ਡੇ ਦੇ ਮੌਕੇ ਤੇ ਰੋਟਰੀ ਕਲੱਬ ਅਤੇ ਰੋਟਰੀ ਫਾਊਂਡੇਸ਼ਨ ਧੂਰੀ ਵੱਲੋਂ ਇਕ ਵੱਲੋਂ ਪਰਿਵਾਰਿਕ ਮਿਲਣੀ ਪ੍ਰੋਗਰਾਮ ਕਰਵਾਇਆ ਗਿਆ



**ਧੂਰੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਅਤੇ ਰੋਟਰੀ ਫਾਊਂਡੇਸ਼ਨ ਧੂਰੀ ਵੱਲੋਂ ਹਰ ਸਮੇਂ ਚੰਗੇ ਕਾਰਜ ਕੀਤੇ ਜਿਸ ਦੇ ਚਲਦਿਆਂ ਫਾਦਰ ਡੇ ਦੇ ਮੌਕੇ ਤੇ ਰੋਟਰੀ ਕਲੱਬ ਧੂਰੀ ਵੱਲੋਂ ਆਪਣੀ ਕੀਤੀ ਸਵੈਨ ਬਰਡ ਵਿੱਚ ਇੱਕ ਪਰਿਵਾਰਿਕ ਮਿਲਣੀ ਦਾ ਪ੍ਰੋਗਰਾਮ ਕਰਵਾਇਆ ਗਿਆ। ਇਸ ਦੇ ਵਿੱਚ ਰੋਟਰੀ ਕਲੱਬ ਧੂਰੀ ਦੇ ਚੇਅਰਮੈਨ ਏ ਆਰ ਸ਼ਰਮਾ ਅਤੇ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਮੱਖਣ ਲਾਲ ਗਰਗ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਇਸ ਦੇ ਵਿੱਚ ਰੋਟਰੀ ਕਲੱਬ ਦੇ ਮੈਂਬਰਾਂ ਵੱਲੋਂ ਆਪਣੇ ਪਰਿਵਾਰ ਸਮੇਤ ਇਸ ਪ੍ਰੋਗਰਾਮ ਦੇ ਵਿੱਚ ਸ਼ਾਮਿਲ ਹੁੰਦੇ ਹੋਏ ਪ੍ਰੋਗਰਾਮ ਦਾ ਆਨੰਦ ਮਾਣਿਆ। ਇਸ ਮੌਕੇ ਤੇ ਪ੍ਰਧਾਨ ਮੱਖਣ ਲਾਲ ਗਰਗ ਨੇ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਭਗਵਾਨ ਵਲੋਂ ਬਖਸ਼ੀ ਹੋਈ ਅਨਮੁੱਲੀ ਦਾਤ ਹਨ। ਸਾਡਾ ਸੰਸਾਰ ਸਾਡੇ ਬੱਚਿਆਂ ਦੇ ਹਨ ਅਤੇ ਉਹਨਾਂ ਦੇ ਲਈ ਅਸੀਂ ਹੀ ਉਨ੍ਹਾਂ ਦਾ ਸੰਸਾਰ ਹਾਂ ਬੱਚਿਆਂ ਨੇ ਹਮੇਸ਼ਾ ਹੀ ਸਾਡਾ ਮਾਨ ਵਧਾਇਆ ਹੈ। ਇਸ ਮੌਕੇ ਤੇ ਬੱਚਿਆਂ ਵੱਲੋਂ ਆਪਣੇ ਆਪਣੇ ਪਿਤਾ ਦੇ ਲਈ ਬਹੁਤ ਹੀ ਅੱਛੇ ਅੱਛੇ ਸ਼ਬਦ ਕਹੇ ਗਏ ਜਿਸ ਨਾਲ ਮਾਹੌਲ ਥੋੜਾ ਜਿਹਾ ਭਾਵੁਕ ਹੋ ਗਿਆ। ਇਸ ਮੌਕੇ ਤੇ ਕਲੱਬ ਦੇ ਮੈਂਬਰ ਰਜਨੀਸ਼ ਗਰਗ ਨੇ ਕਿਹਾ ਕਿ ਕਲੱਬ ਵੱਲੋਂ ਹਮੇਸ਼ਾ ਹੀ ਇਹੋ ਜਿਹੇ ਉਪਰਾਲੇ ਕੀਤੇ ਜਾਂਦੇ ਹਨ ਜਿਸ ਨਾਲ ਸੰਸਾਰ ਦੇ ਵਿੱਚ ਚੰਗਾ ਮੈਸੇਜ ਜਾਵੇ ਉਨ੍ਹਾਂ ਨੇ ਕਲੱਬ ਦੇ ਚੇਅਰਮੈਨ ਏ ਆਰ ਸ਼ਰਮਾ ਅਤੇ ਪ੍ਰਧਾਨ ਮੱਖਣ ਨਾਲ ਗਰਗ ਦਾ ਵਿਸ਼ੇਸ਼ ਧੰਨਵਾਦ ਕੀਤਾ ਕਿਉਂਕਿ ਉਨ੍ਹਾਂ ਵੱਲੋਂ ਇੱਕ ਫਾਊਂਡੇਸ਼ਨ ਜੋ ਕਿ ਗਰੀਬ ਬੱਚਿਆਂ, ਲੜਕੀਆਂ ਅਤੇ ਔਰਤਾਂ ਦੀ ਮਦਦ ਕਰਦੇ ਹਨ। ਜਿਸ 'ਚ ਉਹ ਬੱਚਿਆਂ ਨੂੰ ਕੰਪਿਊਟਰ ਸਿਖਾਉਂਦੇ ਹਨ ਅਤੇ ਲੜਕੀਆਂ ਅਤੇ ਔਰਤਾਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦਿੰਦੇ ਹਨ। ਫਾਊਂਡੇਸ਼ਨ ਵੱਲੋਂ ਉਹਨਾਂ ਕੋਲੋਂ ਕਿਸੇ ਵੀ ਤਰ੍ਹਾਂ ਦਾ ਕੋਈ ਪੈਸਾ ਨਹੀਂ ਲਿਆ ਜਾਂਦਾ ਹੈ। ਇਹ ਭਾਵਨਾ ਨੂੰ ਦੇਖਦੇ ਹੋਏ ਚੇਅਰਮੈਨ ਏ ਆਰ ਸ਼ਰਮਾ ਅਤੇ ਪ੍ਰਧਾਨ ਮੱਖਣ ਲਾਲ ਗਰਗ ਵਲੋਂ ਉਨ੍ਹਾਂ ਦੀ ਮਦਦ ਕਰਦੇ ਹੋਏ ਆਪਣੀ ਜਗਹਾ ਨੂੰ ਬਿਨਾਂ ਕਿਸੇ ਕਿਰਾਏ ਤੇ ਫਾਊਂਡੇਸ਼ਨ ਨੂੰ ਚਲਾਣ ਦੇ ਲਈ ਦੇ ਦਿੱਤੀ ਗਈ ਅਤੇ ਨਾਲ ਹੀ ਏ ਆਰ ਸ਼ਰਮਾ ਅਤੇ ਮੱਖਣ ਨਾਲ ਗਰਗ ਨੇ ਜੋ ਬੱਚਿਆਂ ਨੂੰ ਸਿਖਲਾਈ ਕਢਾਈ ਅਤੇ ਕੰਪਿਊਟਰ ਦੀ ਟ੍ਰੇਨਿੰਗ ਦਿੰਦੇ ਹਨ ਉਨ੍ਹਾਂ ਦਾ ਵੀ ਖਰਚ ਚੱਕਣ ਦੇ ਲਈ ਸਹਿਮਤੀ ਦੇ ਦਿੱਤੀ।

ਇਸ ਮੌਕੇ ਤੇ ਫਾਊਂਡੇਸ਼ਨ ਦੇ ਮੈਂਬਰ ਵੱਲੋਂ ਚੇਅਰਮੈਨ ਏ ਆਰ ਸ਼ਰਮਾ ਅਤੇ ਪ੍ਰਧਾਨ ਮੱਖਣ ਲਾਲ ਗਰਗ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਨਾਲ ਹੀ ਉਹਨਾਂ ਵੱਲੋਂ ਰੋਟਰੀ ਕਲੱਬ ਦੇ ਮੈਂਬਰ ਰਜਨੀਸ਼ ਗਰਗ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੀ ਮਿਹਨਤ ਸਦਕਾ ਰੋਟਰੀ ਕਲੱਬ ਅਤੇ ਰੋਟਰੀ ਫਾਊਂਡੇਸ਼ਨ ਅੱਗੇ ਆ ਕੇ ਸਾਡੀ ਫਾਊਂਡੇਸ਼ਨ ਦੀ ਮਦਦ ਕਰਨ ਲਈ ਅੱਗੇ ਆਏ।ਇਸ ਮੌਕੇ ਤੇ ਡਾਕਟਰ ਰਮੇਸ਼ ਸ਼ਰਮਾ ਅਸਿਸਟੈਂਟ ਗਵਰਨਰ ਰੋਟਰੀ ਕਲੱਬ, ਦੀਪਕ ਗਰਗ, ਰਜਨੀਸ਼ ਗਰਗ, ਦਰਸ਼ਨ ਕੁਮਾਰ, ਮੱਖਣ ਗੋਇਲ, ਅਤੇ ਰੋਟਰੀ ਕਲੱਬ ਦੇ ਹੋਰ ਮੈਂਬਰ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਵਿਸ਼ੇਸ਼ ਤੌਰ ਤੇ ਹਾਜਰ ਹੋਏ।

# ਝੋਨੇ ਦੀ ਲੁਆਈ ਸ਼ੁਰੂ ਹੋਣ ਦੇ ਬਾਵਜੂਦ ਕਰਮਗੜ੍ਹ ਰਜਬਾਹੇ 'ਚ ਨਹੀਂ ਆਇਆ ਪਾਣੀ



**ਪਾਤੜਾਂ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦਾ ਸੀਜ਼ਨ ਸ਼ੁਰੂ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਦੇ ਦਾਅਵੇ ਹਕੀਕਤ ਤੋਂ ਉਲਟ ਹਨ। ਇੱਥੇ ਸ਼ਹਿਰ ਕੋਲੋਂ ਲੰਘਦੇ ਕਰਮਗੜ੍ਹ ਰਜਬਾਹੇ ਦੀ ਅਤਾਂਲਾਂ ਬ੍ਰਾਂਚ ਵਿੱਚ ਕਈ ਸਾਲਾਂ ਤੋਂ ਪਾਣੀ ਨਹੀਂ ਆਇਆ। ਨਹਿਰੀ ਪਾਣੀ ਨੂੰ ਤਰਸਦੇ ਕਿਸਾਨਾਂ ਨੇ ਸਰਕਾਰ ਵੱਲੋਂ ਖੇਤੀ ਵਾਸਤੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਕੀਤੇ ਜਾਂਦੇ ਦਾਅਵਿਆਂ ਨੂੰ ਖੋਖਲੇ ਆਖਦੇ ਹੋਏ ਪਾਣੀ ਖੇਤਾਂ ਤੱਕ ਪੁੱਜਦਾ ਕਰਨ ਦੀ ਮੰਗ ਕੀਤੀ ਹੈ।

ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂ ਅਮਰੀਕ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਦੇ ਵੱਡੇ ਦਾਅਵੇ ਕਰਦੀ ਹੈ ਪਰ ਦੂਜੇ ਪਾਸੇ ਨਹਿਰਾਂ, ਰਜਬਾਹਿਆਂ ਤੇ ਖਾਲਾਂ ਦੀ ਖਸਤਾ ਹਾਲਤ ਹੋਣ ਕਾਰਨ ਟੇਲਾਂ ਤੱਕ ਪਾਣੀ ਨਹੀਂ ਪੁੱਜਦਾ। ਵਿਭਾਗ ਵਲੋਂ ਨਹਿਰਾਂ ਤੂੰਦ ਦੇ ਡਰੇਂ ਪੂਰਾ ਪਾਣੀ ਨਾ ਛੱਡਣ ਕਰਕੇ ਪੰਜਾਬ ਦਾ ਨਹਿਰੀ ਪਾਣੀ ਹਰਿਆਣਾ ਤੇ ਰਾਜਸਥਾਨ ਨੂੰ ਜਾ ਰਿਹਾ ਹੈ। ਪਿੰਡ ਕਾਹਨਗੜ੍ਹ ਘਰਾਚੋਂ ਦੇ ਕਿਸਾਨ ਜਸਵਿੰਦਰ ਸਿੰਘ, ਦਿਉਗੜ੍ਹ ਦੇ ਗੁਲਾਬ ਸਿੰਘ, ਜਗਪਾਲ ਸਿੰਘ ਨੇ ਦੱਸਿਆ ਕਿ ਪਾਤੜਾਂ ਦੇ ਬਾਈਪਾਸ ਦੇ ਨਾਲੋਂ ਲੰਘਦੇ ਕਰਮਗੜ੍ਹ ਰਜਬਾਹੇ ਦੀ ਅਤਾਂਲਾਂ ਬ੍ਰਾਂਚ ਜਦੋਂ ਕੱਚੀ ਸੀ ਉਸ ਸਮੇਂ ਪਾਣੀ ਆਉਂਦਾ ਸੀ ਤੇ ਇਸ ਨੂੰ ਪੱਕੀ ਕਰਨ ਮਗਰੋਂ ਇਸ ਦੀ ਢਲਾਣ ਅਤੇ ਪਾਣੀ ਭੇਜਣ ਦੀ ਸਮਰੱਥਾ ਘੱਟ ਹੋਣ ਕਾਰਨ ਪਾਣੀ ਟੇਲਾਂ ਤੱਕ ਨਹੀਂ ਪੁੱਜਦਾ। ਉਨ੍ਹਾਂ ਕਿਹਾ ਕਿ ਰਜਬਾਹੇ ਦੇ ਨਾਲ ਦੁਕਾਨਾਂ ਬਣ ਜਾਣ ਕਾਰਨ ਇਸ ਦਾ ਅਕਾਰ ਛੋਟਾ ਹੋ ਗਿਆ ਹੈ। ਇਸ ਤੋਂ ਇਲਾਵਾ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੇ ਅਣਅਧਿਕਾਰਤ ਪੁਲੀਆਂ ਬਣਾਉਣ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਹੈ ਕਿ ਕੰਢੇ ਨਾਲੋਂ ਵਿੱਚ ਬਦਲ ਚੁੱਕੇ ਰਜਬਾਹੇ ਦੀ ਵਿਭਾਗ ਨੇ ਸਾਰ ਨਹੀਂ ਲਈ। ਕਿਸਾਨਾਂ ਦੀ ਮੰਗ ਹੈ ਕਿ ਰਜਬਾਹੇ ਦਾ ਨਵੀਨੀਕਰਨ ਕਰਕੇ ਕਿਸਾਨਾਂ ਨੂੰ ਪਾਣੀ ਮੁਹੱਈਆ ਕਰਵਾਇਆ ਜਾਵੇ। ਨਹਿਰੀ ਵਿਭਾਗ ਦੇ ਐੱਸਡੀਓ ਪਟਿਆਲਾ ਨੇ ਕਿਹਾ ਕਿ ਕਰਮਗੜ੍ਹ ਰਜਬਾਹੇ ਦੀ ਮੰਨ ਬ੍ਰਾਂਚ ਅਤਾਂਲਾਂ ਦਾ ਨਵੀਨੀਕਰਨ ਕਰਕੇ ਨਵੰਬਰ ਜਾਂ ਦਸੰਬਰ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਨਹਿਰੀ ਪਾਣੀ ਪਹਿਲਾਂ ਵਾਂਗ ਹੀ ਰਹੇਗਾ।

# ਅਰਬਨ ਅਸਟੇਟ ਵਿੱਚ ਸੜਕਾਂ 'ਤੇ ਲੱਗੇ ਕੂੜੇ ਦੇ ਢੇਰ



**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁੱਡਾ ਅਧੀਨ ਆਉਂਦੇ ਅਰਬਨ ਅਸਟੇਟ ਵਿੱਚ ਪੁੱਡਾ ਵੱਲੋਂ ਕੂੜਾ ਪ੍ਰਬੰਧਨ ਦੇ ਇੰਤਜ਼ਾਮ ਨਾ ਕਰਨ 'ਤੇ ਸੜਕਾਂ ਦੇ ਆਲ ਦੁਆਲੇ ਕੂੜੇ ਦੇ ਢੇਰ ਲੱਗੇ ਹੋਏ ਹਨ। ਅਰਬਨ ਅਸਟੇਟ ਫੇਸ-2 ਵਿੱਚ ਸੜਕਾਂ 'ਤੇ ਕੂੜੇ ਦੇ ਢੇਰ ਆਮ ਹੀ ਦੇਖੇ ਜਾ ਸਕਦੇ ਹਨ। ਭਾਵੇਂ ਪੁੱਡਾ ਵੱਲੋਂ ਲਾਏ ਬੋਰਡਾਂ ਵਿੱਚ ਲਿਖਿਆ ਹੈ "ਇੱਥੇ ਕੂੜਾ ਸੁੱਟਣਾ ਮਨ੍ਹਾਂ ਹੈ" ਪਰ ਫਿਰ ਲੋਕ ਇੱਥੇ ਘਰੇਲੂ ਕੂੜਾ ਸੁੱਟਦੇ ਹਨ। ਜਾਣਕਾਰੀ ਅਨੁਸਾਰ ਪੁੱਡਾ ਪ੍ਰਸ਼ਾਸਨ ਨੇ ਕੂੜਾ ਕਿਸੇ ਨਿਰਧਾਰਤ ਥਾਂ 'ਤੇ ਇਕੱਤਰ ਕਰਨ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਜਿਸ ਕਰਕੇ ਲੋਕ ਵੀ ਮਨ ਮਰਜ਼ੀ ਨਾਲ ਕੂੜਾ ਕਿਤੇ ਵੀ ਸੁੱਟ ਦਿੰਦੇ ਹਨ। ਇਸ ਤੋਂ ਇਲਾਵਾ ਨਵੇਂ ਬੱਸ ਸਟੈਂਡ ਤੋਂ ਸਰਹਿੰਦ ਰੋਡ ਨੂੰ ਜੋੜਨ ਵਾਲੀ ਸੜਕ ਦੇ ਅਰਬਨ ਅਸਟੇਟ ਫੇਸ-2 ਵਾਲੇ ਪਾਸੇ ਬਹੁਤ ਸਾਰਾ ਘਰੇਲੂ ਕੂੜਾ ਲਿਫਾਫਿਆਂ ਵਿਚ ਪਿਆ ਮਿਲ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਦੀ ਕੰਧ ਕੋਲ ਕੋਲ ਵੀ ਇਸੇ ਤਰ੍ਹਾਂ ਦੇ ਗੰਦਗੀ ਦੇ ਭਰੇ ਲਿਫ਼ਾਫ਼ੇ ਮਿਲ ਜਾਂਦੇ ਹਨ।

ਸੜਕ ਦੇ ਨਾਲ ਰਿਆਨ ਸਕੂਲ ਨੇੜੇ ਬਣੇ ਗਰਾਊਂਡ 'ਚ ਵੀ ਕੂੜੇ ਦੇ ਢੇਰ ਦੇਖੇ ਜਾ ਸਕਦੇ ਹਨ। ਕਈ ਵਾਰੀ ਇਨ੍ਹਾਂ ਢੇਰਾਂ 'ਤੇ ਅੱਗ ਵੀ ਲੱਗੀ ਹੁੰਦੀ, ਜਿਸ ਨਾਲ ਰਾਹਗੀਰਾਂ ਨੂੰ ਆਵਾਜਾਈ ਵਿੱਚ ਦਿੱਕਤਾਂ ਆਉਂਦੀਆਂ ਹਨ। ਇੱਥੋਂ ਦੇ ਵਸਨੀਕ ਵਰਿੰਦਰ ਸੂਦ ਨੇ ਕਿਹਾ ਕਿ ਪੁੱਡਾ ਵੱਲੋਂ ਅਜਿਹਾ ਕੋਈ ਇੰਤਜ਼ਾਮ ਨਹੀਂ ਕੀਤਾ ਹੋਇਆ ਕਿ ਲੋਕ ਕੂੜਾ ਕਿਸੇ ਨਿਰਧਾਰਤ ਥਾਂ 'ਤੇ ਸੁੱਟਣ। ਭਾਵੇਂ ਘਰਾਂ ਵਿਚੋਂ ਕੁਝ ਲੋੜਵੰਦ ਲੋਕ ਕੂੜਾ ਇਕੱਠਾ ਕਰਨ ਵੀ ਆਉਂਦੇ ਹਨ ਪਰ ਫਿਰ ਵੀ ਲੋਕ ਘਰੇਲੂ ਕੂੜਾ ਸੜਕਾਂ 'ਤੇ ਸੁੱਟ ਦਿੰਦੇ ਹਨ, ਜਿਸ ਕਰਕੇ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਬਾਰੇ ਪੁੱਡਾ ਦੇ ਏਸੀਏ ਜਸ਼ਨਪ੍ਰੀਤ ਕੌਰ ਗਿੱਲ ਤੇ ਹੋਰ ਕਈ ਅਧਿਕਾਰੀਆਂ ਨਾਲ ਗੱਲ ਕਰਨੀ ਚਾਹੀ ਤਾਂ ਕਿਸੇ ਨੇ ਫ਼ੋਨ ਨਹੀਂ ਚੁੱਕਿਆ।

# ਮਸੀਂਗਣ ਤੋਂ ਈਸਰਹੇੜੀ ਤੱਕ ਬਰਮ ਛੱਡੇ ਬਗੈਰ ਬਣਾਈ ਸੜਕ

**ਦੇਵੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਮੰਡੀ ਬੋਰਡ ਵੱਲੋਂ ਪਿੰਡ ਮਸੀਂਗਣ ਤੋਂ ਪਿੰਡ ਈਸਰਹੇੜੀ ਤੱਕ ਬਣਾਈ ਸੜਕ ਨੂੰ ਚੌੜਾ ਤਾਂ ਕੀਤਾ ਗਿਆ ਹੈ ਪਰ ਇਸ ਸੜਕ ਦੇ ਦੋਵੇਂ ਪਾਸੇ ਬਰਮ ਬਿਲਕੁਲ ਵੀ ਨਹੀਂ ਛੱਡੇ ਗਏ। ਇਹ ਸੜਕ ਇਤਿਹਾਸਕ ਪਿੰਡ ਮਗਰ ਸਾਹਿਬ ਨੂੰ ਜਾਂਦੀ ਹੈ ਹੋਣ ਕਾਰਨ ਇਸ 'ਤੇ ਆਵਾਜਾਈ ਬਹੁਤ ਰਹਿੰਦੀ ਹੈ। ਆਵਾਜਾਈ ਜ਼ਿਆਦਾ ਹੋਣ ਕਾਰਨ ਇਹ ਸੜਕ ਹੁਣ ਤੋਂ ਹੀ ਕਿਨਾਰਿਆਂ ਨੂੰ ਧਸਣ ਲੱਗ ਪਈ ਹੈ ਅਤੇ ਜਦੋਂ ਮੀਂਹ ਪੈਣੇ ਸ਼ੁਰੂ ਹੋਏ ਇਹ ਸੜਕ ਕਿਨਾਰਿਆਂ ਤੋਂ ਖੁਰ ਸਕਦੀ ਹੈ। ਇਸ ਸੜਕ ਦੇ ਦੋਵੇਂ ਪਾਸੇ ਬਰਮ ਨਾ ਹੋਣ ਕਾਰਨ ਕਦੇ ਵੀ ਕੋਈ ਹਾਦਸਾ ਵਾਪਰ ਸਕਦਾ ਹੈ। ਇਸ ਤੋਂ ਇਲਾਵਾ ਇਸ ਸੜਕ 'ਤੇ ਪਿੰਡ ਇਸਰਹੇੜੀ ਨੇੜੇ ਪਿਛਲੀਆਂ ਬਰਸਾਤਾਂ ਦੌਰਾਨ ਪੁਲੀ ਟੁੱਟ ਗਈ ਸੀ, ਜੋ ਅੱਜ ਤੱਕ ਨਹੀਂ ਬਣੀ। ਲੋਕਾਂ ਨੇ ਮੰਗ ਕੀਤੀ ਕਿ ਇਸ ਸੜਕ ਦੇ ਦੋਵੇਂ ਪਾਸੇ ਬਰਮ ਜਲਦੀ ਬਣਾਏ ਜਾਣ ਅਤੇ ਟੁੱਟੀ ਪੁਲੀ ਨੂੰ ਵੀ ਜਲਦੀ ਬਣਾਇਆ ਜਾਵੇ। ਇਸ ਸਬੰਧੀ ਜਦੋਂ ਮੰਡੀ ਬੋਰਡ ਦੇ ਸਬੰਧਤ ਐੱਸਡੀਓ ਸਤਨਾਮ ਸਿੰਘ ਤੋਂ ਜਾਨਣਾ ਚਾਹਿਆ ਤਾਂ ਉਨ੍ਹਾਂ ਕਿਹਾ ਕਿ ਜਿਸ ਠੇਕੇਦਾਰ ਨੇ ਇਹ ਸੜਕ ਬਣਾਈ ਹੈ ਉਸ ਨੂੰ ਕਿਹਾ ਗਿਆ ਹੈ ਕਿ ਸੜਕ ਦੇ ਦੋਵੇਂ ਪਾਸੇ ਬਰਮ ਜਲਦੀ ਬਣਾਈਆਂ ਜਾਣ ਤੇ ਟੁੱਟੀ ਪੁਲੀ ਵੀ ਜਲਦੀ ਬਣਾਈ ਜਾਵੇ। ਜ਼ਿਕਰਯੋਗ ਹੈ ਕਿ ਇਹ ਸੜਕ ਹੜ੍ਹਾਂ ?ਦੌਰਾਨ ਟੁੱਟੀ ਸੀ, ਜਿਸ ਨਿਰਮਾਣ ?ਤਾਂ ਹੋ ਗਿਆ, ਪਰ ਦਾ ਕੰਮ ਵਿਚਾਲੇ ਲਟਕਿਆ ਹੋਇਆ ਹੈ।

# ਰਾਜਪੁਰਾ ਰੇਲ ਲਾਈਨ ਸਬੰਧੀ ਗਾਂਧੀ ਨੇ ਲਿਆ ਯੂ-ਟਰਨ

**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਰਾਜਪੁਰਾ ਤੋਂ ਚੰਡੀਗੜ੍ਹ ਰੇਲਵੇ ਲਾਈਨ ਦਾ ਕੰਮ ਪੂਰਾ ਕਰਾਉਣ ਲਈ ਉਹ ਪ੍ਰਧਾਨ ਮੰਤਰੀ ਤੋਂ ਲੈ ਕੇ ਰੇਲ ਮੰਤਰੀ ਨੂੰ ਵੀ ਮਿਲਣਗੇ ਤੇ ਪੰਜਾਬ ਦੇ ਮੁੱਖ ਮੰਤਰੀ ਤੱਕ ਵੀ ਆਪਣੀ ਗੱਲ ਰੱਖਣ ਤੋਂ ਗੁਰੇਜ਼ ਨਹੀਂ ਕਰਨਗੇ।

ਉਹ ਇੱਥੇ ਆਪਣੇ ਸਨਮਾਨ ਸਮਾਰੋਹ ਮੌਕੇ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਰਾਜਪੁਰਾ ਤੋਂ ਚੰਡੀਗੜ੍ਹ ਰੇਲ ਲਾਈਨ ਵਿਛਾਉਣਾ ਉਨ੍ਹਾਂ ਦਾ ਮੁੱਖ ਕੰਮ ਤੇ 'ਡਰੀਮ ਪ੍ਰਾਜੈਕਟ' ਹੈ, ਜਿਸ ਲਈ ਉਹ ਪੰਜਾਬ ਤੋਂ ਰੇਲ ਰਾਜ ਮੰਤਰੀ ਬਣਾਏ ਰਵਨੀਤ ਬਿੱਟੂ ਕੋਲ ਵੀ ਜਾਣ ਤੋਂ ਗੁਰੇਜ਼ ਨਹੀਂ ਕਰਨਗੇ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਡਾ. ਗਾਂਧੀ ਨੇ ਕਿਹਾ ਸੀ ਕਿ ਰਾਜ ਰੇਲ ਮੰਤਰੀ ਰਵਨੀਤ ਬਿੱਟੂ ਕੋਲ ਜਾਣ ਦੀ ਲੋੜ ਨਹੀਂ ਹੈ, ਜਿਸ ਕਰਕੇ ਉਨ੍ਹਾਂ ਕੋਲ ਉਹ ਨਹੀਂ ਜਾਣਗੇ। ਅੱਜ ਉਨ੍ਹਾਂ ਕਿਹਾ ਕਿ ਉਨ੍ਹਾਂ ਰੇਲਵੇ ਦੇ ਇਸ ਪ੍ਰਾਜੈਕਟ ਨੂੰ ਦੁਬਾਰਾ ਜਾਂਚਿਆ ਹੈ ਤਾਂ ਵੇਖਿਆ ਕਿ ਪੰਜਾਬ ਦੀਆਂ ਵੱਖ ਸਰਕਾਰਾਂ ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਦੀ ਅਮਰਿੰਦਰ, ਚੰਨੀ ਸਰਕਾਰ ਤੇ ਭਗਵੰਤ ਮਾਨ ਸਰਕਾਰ ਵੱਲੋਂ ਇਸ ਸਬੰਧੀ ਜ਼ਮੀਨ ਐਕੁਆਇਰ ਕਰਕੇ ਨਾ ਦੇਣ ਕਰਕੇ, ਹੁਣ ਇਹ ਪ੍ਰਾਜੈਕਟ ਪਹਿਲਾਂ ਵਾਂਗ ਜ਼ੀਰੋ ਤੋਂ ਹੀ ਚੁੱਕਣਾ ਪਵੇਗਾ। ਉਨ੍ਹਾਂ ਕਿਹਾਂ ਕ ਇਨ੍ਹਾਂ ਸਰਕਾਰਾਂ ਨੇ ਇਸ ਪ੍ਰਾਜੈਕਟ ਪ੍ਰਤੀ ਗੰਭੀਰਤਾ ਨਹੀਂ ਦਿਖਾਈ। ਇਸ ਕਾਰਨ ਜ਼ਮੀਨ ਐਕੁਆਇਰ ਨਾ ਹੋ ਸਕੀ। ਉਨ੍ਹਾਂ ਕਿਹਾ ਕਿ ਪਹਿਲਾਂ ਉਸ ਨੂੰ ਲੱਗਦਾ ਸੀ ਕਿ ਹੁਣ ਰੇਲ ਮੰਤਰੀ ਕੋਲ ਜਾਣ ਦੀ ਲੋੜ ਨਹੀਂ ਹੈ ਪਰ ਜਿਵੇਂ ਉਸ ਨੂੰ ਪਤਾ ਲੱਗਿਆ ਕਿ ਇਹ ਸਾਰਾ ਹੀ ਪ੍ਰਾਜੈਕਟ ਦੁਬਾਰਾ ਤਿਆਰ ਕਰਨਾ ਪਵੇਗਾ। ਇਹ ਪ੍ਰਾਜੈਕਟ ਜ਼ੀਰੋ ਲੈਵਲ ਤੋਂ ਮੁੜ ਸ਼ੁਰੂ ਹੋਣ ਕਾਰਨ ਪਹਿਲੀ ਪ੍ਰਕਿਰਿਆ ਅਪਣਾਈ ਜਾ ਸਕਦੀ ਹੈ। ਇਸ ਕਰਕੇ ਹੁਣ ਜ਼ਰੂਰੀ ਹੋ ਗਿਆ ਹੈ ਕਿ ਕਿਸੇ ਕੋਲ ਵੀ ਜਾ ਕੇ ਇਸ ਪ੍ਰਾਜੈਕਟ ਨੂੰ ਪੂਰਾ ਕੀਤਾ ਜਾਵੇ। ਇਸ ਵੇਲੇ ਉਨ੍ਹਾਂ ਪੱਛਮੀ ਬੰਗਾਲ ਵਿੱਚ ਹੋਏ ਰੇਲ ਹਾਦਸੇ ਬਾਰੇ ਦੁੱਖ ਦਾ ਪ੍ਰਗਟਾਇਆ ਤੇ ਇਸ ਸਬੰਧੀ ਜਾਂਚ ਕਰਾਉਣ ਲਈ ਕੇਂਦਰ ਸਰਕਾਰ ਨੂੰ ਕਿਹਾ ਹੈ।

# ਡਕੌਂਦਾ ਧੜੇ ਵੱਲੋਂ ਨਹਿਰੀ ਪਟਵਾਰੀਆਂ ਦੀ ਹਮਾਇਤ

**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਯੂਨੀਅਨ (ਡਕੌਂਦਾ-ਬੁਰਜਗਿੱਲ) ਨੇ ਨਹਿਰੀ ਪਟਵਾਰੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਅਤੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਵੱਲੋਂ ਨਹਿਰੀ ਪਟਵਾਰੀਆਂ ਨੂੰ ਪੰਜਾਬ ਦੇ 100 ਫੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਣ ਦੇ ਝੂਠੇ ਅੰਕੜੇ ਪੇਸ਼ ਕਰਨ ਲਈ ਕਿਹਾ ਗਿਆ ਸੀ। ਪਟਵਾਰੀਆਂ ਦੀ ਜਥੇਬੰਦੀ ਨਹਿਰੀ ਪਟਵਾਰ ਯੂਨੀਅਨ ਵੱਲੋਂ ਇਹ ਝੂਠੇ ਅੰਕੜੇ ਪੇਸ਼ ਕਰਨ ਤੋਂ ਇਨਕਾਰ ਕਰਨ 'ਤੇ ਸੂਬਾ ਪ੍ਰਧਾਨ ਜਸਕਰਨ ਸਿੰਘ ਗਹਿਰੀ ਬੁੱਟਰ ਦੀ ਮੁਅੱਤਲੀ ਅਤੇ ਹੋਰ ਆਗੂਆਂ ਨੂੰ ਚਾਰਜਸ਼ੀਟ ਕਰਨ ਅਤੇ ਹੜਤਾਲ ਦੀ ਤਨਖਾਹ ਕੱਟਣ ਦੇ ਖਿਲਾਫ ਨੂੰ ਧੂਰੀ ਵਿੱਚ ਰੈਲੀ ਕੀਤੀ ਜਾ ਰਹੀ ਹੈ।

# ਫਾਂਸੀ ਦੀ ਸਜ਼ਾ ਮੁਆਫ਼ ਹੋਣ ਮਗਰੋਂ ਦੁਬਈ ਤੋਂ ਪਰਤਿਆ ਸੁਖਵੀਰ

**ਅੰਮ੍ਰਿਤਸਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਦੁਬਈ ਵਿੱਚ ਫਾਂਸੀ ਦੀ ਸਜ਼ਾ ਮੁਆਫ਼ ਹੋਣ ਉਪਰੰਤ ਲੁਧਿਆਣੇ ਜ਼ਿਲ੍ਹੇ ਨਾਲ ਸਬੰਧਤ ਨੌਜਵਾਨ ਸੁਖਵੀਰ ਸਿੰਘ ਵਤਨ ਪਰਤ ਆਇਆ ਹੈ। ਉਸ ਦੀ ਰਿਹਾਈ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸਪੀ ਸਿੰਘ ਓਬਰਾਏ ਦੇ ਯਤਨਾਂ ਸਦਕਾ ਸੰਭਵ ਹੋ ਸਕੀ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਸਾਥੀ ਰਿਹਾਅ ਹੋਣ ਮਗਰੋਂ ਵਤਨ ਪਰਤ ਚੁੱਕੇ ਹਨ।

ਸੁਖਵੀਰ ਦੇਰ ਰਾਤ ਦੁਬਈ ਤੋਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਪੁੱਜਿਆ। ਇਸ ਮੌਕੇ ਉਨ੍ਹਾਂ ਦੇ ਮਾਪੇ ਤੇ ਸਕੇ ਸਬੰਧੀ ਆਏ ਹੋਏ ਸਨ। ਸੁਖਵੀਰ 9 ਸਾਲਾਂ ਮਗਰੋਂ ਆਪਣੀ ਮਾਂ ਨੂੰ ਮਿਲਿਆ। ਇਸ ਦੌਰਾਨ ਮਾਂ-ਪੁੱਤ ਜਦੋਂ ਇੱਕ-ਦੂਜੇ ਦੇ ਗਲ ਲੱਗੇ ਤਾਂ ਦੋਵਾਂ ਦੀਆਂ ਅੱਖਾਂ ਵਿੱਚ ਹੰਝੂ ਸਨ।

ਇਸ ਦੌਰਾਨ ਡਾ. ਓਬਰਾਏ ਨੇ ਦੱਸਿਆ ਕਿ 2018 ਵਿੱਚ ਦੁਬਈ ਵਿੱਚ ਤਿੰਨ ਪੰਜਾਬੀ ਨੌਜਵਾਨ ਜਿਨ੍ਹਾਂ ਵਿੱਚ ਸੁਖਵੀਰ ਸਿੰਘ ਤੋਂ ਇਲਾਵਾ ਗੁਰਪ੍ਰੀਤ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਅਤੇ ਜਤਿੰਦਰ ਕੁਮਾਰ ਵਾਸੀ ਬੰਗਾ ਸ਼ਾਮਲ ਸਨ, ਨੂੰ ਸੂਡਾਨ ਦੇਸ਼ ਨਾਲ ਸਬੰਧਤ ਇੱਕ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਫੜ ਲਿਆ ਸੀ। ਅਦਾਲਤ ਨੇ ਤਿੰਨਾਂ ਨੌਜਵਾਨਾਂ ਨੂੰ 25-25 ਸਾਲ ਦੀ ਸਜ਼ਾ ਸੁਣਾਈ ਸੀ। ਮਗਰੋਂ ਤਿੰਨਾਂ ਨੌਜਵਾਨਾਂ ਦੀ ਅਪੀਲ 'ਤੇ ਅਦਾਲਤ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਇਨ੍ਹਾਂ ਦੀ ਸਜ਼ਾ ਨੂੰ ਫਾਂਸੀ ਵਿੱਚ ਤਬਦੀਲ ਕਰ ਦਿੱਤਾ। ਫੇਰ ਨੌਜਵਾਨਾਂ ਦੇ ਪਰਿਵਾਰਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਡਾ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਪੀੜਤ ਪਰਿਵਾਰਾਂ ਨਾਲ ਮਿਲ ਕੇ ਸੂਡਾਨ ਨਾਲ ਸਬੰਧਤ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੋਈ ਸਫਲਤਾ ਨਹੀਂ ਮਿਲੀ। ਇਸ ਕਾਰਨ ਸਭ ਨੇ ਇਸ ਕੇਸ ਦੇ ਹੱਲ ਹੋਣ ਦੀ ਆਸ ਛੱਡ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਈਦ ਮੌਕੇ ਪਰਿਵਾਰ ਵੱਲੋਂ ਮੁੜ ਕੀਤੀ ਗਈ ਰਹਿਮ ਦੀ ਅਪੀਲ 'ਤੇ ਅਦਾਲਤ ਵੱਲੋਂ ਤਿੰਨੋਂ ਨੌਜਵਾਨਾਂ ਦੀ ਸਜ਼ਾ ਮੁਆਫ਼ ਕਰ ਦਿੱਤੀ ਗਈ। ਇਹ ਇੱਕ ਅਜਿਹਾ ਵਿਸ਼ੇਸ਼ ਕੇਸ ਸੀ, ਜਿਸ ਵਿੱਚ ਮਰਨ ਵਾਲੇ ਨੌਜਵਾਨ ਦੇ ਪਰਿਵਾਰ ਨੂੰ ਬਲੱਡ ਮਨੀ ਨਹੀਂ ਦਿੱਤੀ ਗਈ। ਇਸ ਮੌਕੇ ਸੁਖਵੀਰ ਦੀ ਮਾਂ ਕੁਲਦੀਪ ਕੌਰ, ਭੂਆ ਜਸਵੰਤ ਕੌਰ, ਹਰਜਿੰਦਰ ਸਿੰਘ, ਅਮਨਦੀਪ ਸਿੰਘ ਅਤੇ ਸਿਮਰਦੀਪ ਸਿੰਘ ਹਾਜ਼ਰ ਸਨ। ਉਨ੍ਹਾਂ ਸਾਰਿਆਂ ਨੇ ਡਾ. ਐੱਸਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ।

ਅਮਲੋਹ ਸਬ ਡਿਵੀਜ਼ਨ ਦੇ ਪਿੰਡ ਡਡਹੇੜੀ ਦੇ ਦਲਿਤ ਪਰਿਵਾਰ ਦੇ ਨੌਜਵਾਨ ਸੁਖਵਿੰਦਰ ਸਿੰਘ, ਜਿਸ ਦੀ ਮੌਤ ਦੁਬਈ ਵਿੱਚ ਹੋ ਗਈ ਸੀ, ਦੀ ਲਾਸ਼ ਅੱਜ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਲਿਆਂਦੀ ਗਈ, ਜਿੱਥੋਂ ਪਰਿਵਾਰਕ ਮੈਂਬਰਾਂ ਨੇ ਪਿੰਡ ਡਡਹੇੜੀ ਲਿਆ ਕੇ ਉਸ ਦਾ ਅੰਤਿਮ ਸੰਸਕਾਰ ਕੀਤਾ। ਮ੍ਰਿਤਕ ਦੇ ਪਿਤਾ ਹਰਨੇਕ ਸਿੰਘ ਨੇ ਸਰਬੱਤ ਦਾ ਭਲਾ ਟਰੱਸਟ ਦੇ ਬਾਨੀ ਡਾ. ਐੱਸਪੀਐੱਸ ਓਬਰਾਏ ਦਾ ਧੰਨਵਾਦ ਕੀਤਾ।

# ਭਾਜਪਾ ਨੂੰ ਝੂਠ ਫੈਲਾ ਕੇ ਲੋਕਾਂ ਨੂੰ ਹਨੇਰੇ ਵਿੱਚ ਰੱਖਣ ਦੀ ਆਦਤ: ਵੜਿੰਗ

**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਨੂੰ ਝੂਠ ਫੈਲਾ ਕੇ ਲੋਕਾਂ ਨੂੰ ਹਨੇਰੇ ਵਿਚ ਰੱਖਣ ਦੀ ਆਦਤ ਹੈ। ਭਾਜਪਾ ਝੂਠ ਦੀ ਰਾਜਨੀਤੀ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਧੀਨ ਚੱਲ ਰਹੀਆਂ ਕਈ ਸਰਕਾਰਾਂ ਦੇ ਸੂਬਿਆਂ ਵਿੱਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵੱਧ ਹਨ, ਜਦਕਿ ਕਾਂਗਰਸ ਦੀਆਂ ਸਰਕਾਰਾਂ ਵਾਲੇ ਰਾਜਾਂ ਵਿੱਚ ਇਨ੍ਹਾਂ ਦੀਆਂ ਕੀਮਤਾਂ ਘੱਟ ਹਨ। ਇਹ ਪ੍ਰਗਟਾਵਾ ਉਨ੍ਹਾਂ 'ਐਕਸ' ਉੱਤੇ ਉਦੋਂ ਕੀਤਾ ਜਦੋਂ ਭਾਜਪਾ ਨੇ ਕੁਝ ਰਾਜਾਂ ਵਿੱਚ ਚੱਲ ਰਹੀਆਂ ਕਾਂਗਰਸ ਦੀਆਂ ਸਰਕਾਰਾਂ 'ਤੇ ਦੋਸ਼ ਲਗਾਏ ਸਨ ਕਿ ਉੱਥੇ ਤੇਲ ਦੇ ਜ਼ਰੀਏ ਜਨਤਾ ਦੀ ਲੁੱਟ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਾਲੇ ਸੂਬਿਆਂ ਰਾਜਸਥਾਨ ਵਿੱਚ ਪੈਟਰੋਲ 105.62 ਰੁਪਏ, ਮੱਧ ਪ੍ਰਦੇਸ਼ ਵਿਚ 107.45, ਮਹਾਰਾਸ਼ਟਰ ਵਿਚ 104.88, ਛੱਤੀਸਗੜ੍ਹ ਵਿਚ 101.74 ਅਤੇ ਬਿਹਾਰ ਵਿਚ 107 ਰੁਪਏ ਪ੍ਰਤੀ ਲਿਟਰ ਵਿਕ ਰਿਹਾ ਹੈ। ਉਨ੍ਹਾਂ ਭਾਜਪਾ ਦੀ ਇਸ ਗੱਲ ਦਾ ਖੰਡਨ ਕੀਤਾ ਕਿ ਕਾਂਗਰਸ ਸਰਕਾਰਾਂ ਵਾਲੇ ਰਾਜਾਂ ਵਿੱਚ ਤੇਲ ਕੀਮਤਾਂ ਵੱਧ ਹਨ।

# ਪੰਜਾਬ ਵਿੱਚ ਬਿਜਲੀ ਦੀ ਮੰਗ 15,471 ਮੈਗਾਵਾਟ 'ਤੇ ਪੁੱਜੀ



**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਗਰਮੀ ਤੇ ਝੋਨੇ ਦੀ ਲੁਆਈ ਕਾਰਨ ਬਿਜਲੀ ਦੀ ਮੰਗ ਵਧਦੀ ਜਾ ਰਹੀ ਹੈ। ਅੱਜ ਪੰਜਾਬ ਵਿੱਚ ਦੁਪਹਿਰੇ ਬਿਜਲੀ ਦੀ ਮੰਗ 15,471 ਮੈਗਾਵਾਟ 'ਤੇ ਪਹੁੰਚ ਗਈ ਜੋ ਪਿਛਲੇ ਸਾਲ ਨਾਲੋਂ 3400 ਮੈਗਾਵਾਟ ਵੱਧ ਹੈ। 2023 ਵਿੱਚ ਅੱਜ ਦੇ ਦਿਨ ਹੀ ਬਿਜਲੀ ਦੀ ਵੱਧ ਤੋਂ ਵੱਧ ਮੰਗ 11,964 ਮੈਗਾਵਾਟ ਦਰਜ ਕੀਤੀ ਗਈ ਸੀ। ਸੂਬੇ ਵਿੱਚ ਲਗਾਤਾਰ ਵਧ ਰਹੀ ਬਿਜਲੀ ਦੀ ਮੰਗ ਨੇ ਪਾਵਰਕੌਮ ਅਧਿਕਾਰੀਆਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

ਇਸ ਵੇਲੇ ਸੂਬੇ ਵਿਚਲੇ ਸਰਕਾਰੀ ਤੇ ਨਿੱਜੀ ਖੇਤਰ ਦੇ ਪੰਜ ਥਰਮਲ ਪਲਾਂਟਾਂ ਦੀਆਂ 15 'ਚੋਂ 14 ਯੂਨਿਟਾਂ ਚੱਲ ਰਹੀਆਂ ਹਨ। ਇਸ 'ਚੋਂ ਲਹਿਰਾ ਮੁਹੱਬਤ ਥਰਮਲ ਪਲਾਂਟ ਦੀਆਂ ਚਾਰ ਯੂਨਿਟਾਂ 'ਚੋਂ ਇਕ ਯੂਨਿਟ ਬੰਦ ਹੈ। ਇੱਥੇ ਦੀਆਂ ਬਾਕੀ ਤਿੰਨ ਯੂਨਿਟਾਂ ਵੱਲੋਂ 636 ਮੈਗਾਵਾਟ ਬਿਜਲੀ ਪੈਦਾ ਕੀਤੀ ਜਾ ਰਹੀ ਹੈ। ਰੋਪੜ ਥਰਮਲ ਪਲਾਂਟ ਦੇ ਚਾਰ ਯੂਨਿਟ 693 ਮੈਗਾਵਾਟ ਅਤੇ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਦੇ ਦੋਵੇਂ ਯੂਨਿਟ 409 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ। ਦੂਜੇ ਪਾਸੇ ਨਿੱਜੀ ਖੇਤਰ ਦੇ ਰਾਜਪੁਰਾ ਥਰਮਲ ਪਲਾਂਟ ਦੇ ਦੋਵੇਂ ਯੂਨਿਟ 1,312 ਮੈਗਾਵਾਟ ਅਤੇ ਤਲਵੰਡੀ ਸਾਬੋ ਥਰਮਲ ਪਲਾਂਟ ਦੇ ਤਿੰਨ ਯੂਨਿਟ 1,784 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ।

ਪੰਜਾਬ ਵਿੱਚ ਸਰਕਾਰੀ ਤੌਰ 'ਤੇ ਭਾਵੇਂ ਝੋਨੇ ਦੀ ਲੁਆਈ ਸ਼ੁਰੂ ਹੋ ਗਈ ਹੈ ਪਰ ਵੱਡੀ ਗਿਣਤੀ ਕਿਸਾਨਾਂ ਨੇ ਹਾਲੇ ਝੋਨਾ ਲਾਉਣਾ ਸ਼ੁਰੂ ਨਹੀਂ ਕੀਤਾ ਜਿਸ ਦਾ ਮੁੱਖ ਕਾਰਨ ਅਤਿ ਦੀ ਗਰਮੀ ਦੱਸੀ ਜਾ ਰਹੀ ਹੈ। ਇਸ ਬਾਰੇ ਜ਼ਿਲ੍ਹਾ ਬਠਿੰਡਾ ਦੇ ਕਿਸਾਨ ਬਲਦੇਵ ਸਿੰਘ ਬਾਜਕ ਨੇ ਕਿਹਾ ਕਿ ਗਰਮੀ ਕਰਕੇ ਝੋਨੇ ਦੀ ਲੁਆਈ ਹਾਲੇ ਸ਼ੁਰੂ ਨਹੀਂ ਕੀਤੀ ਗਈ। 20 ਜੂਨ ਤੋਂ ਬਾਅਦ ਮੌਸਮ ਦੇਖ ਕੇ ਝੋਨੇ ਦੀ ਲੁਆਈ ਸ਼ੁਰੂ ਕੀਤੀ ਜਾਵੇਗੀ। ਇਸ ਤਰ੍ਹਾਂ ਪਾਵਰਕੌਮ ਲਈ ਅਸਲ ਪ੍ਰੀਖਿਆ ਦੀ ਘੜੀ 20 ਜੂਨ ਤੋਂ ਬਾਅਦ ਸ਼ੁਰੂ ਹੋਵੇਗੀ। ਉਸ ਦੌਰਾਨ ਸੂਬੇ ਵਿੱਚ ਬਿਜਲੀ ਦੀ ਮੰਗ ਨੂੰ ਪੂਰਾ ਕਰਨਾ ਪਾਵਰਕੌਮ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਜ਼ਿਕਰਯੋਗ ਹੈ ਕਿ ਪੂਰੇ ਸੂਬੇ ਵਿੱਚ 15 ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਹੋ ਗਈ ਸੀ।

ਸੂਬੇ ਵਿੱਚ ਬਿਜਲੀ ਦੀ ਮੰਗ ਵਧਣ 'ਤੇ ਆਲ ਇੰਡੀਆ ਪਾਵਰ ਇੰਜਨੀਅਰਜ਼ ਫੈਡਰੇਸ਼ਨ (ਏਆਈਪੀਈਐੱਫ) ਨੇ ਚਿੰਤਾ ਪ੍ਰਗਟਾਈ ਹੈ। ਇਸ ਬਾਰੇ ਫੈਡਰੇਸ਼ਨ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਬਿਜਲੀ ਦੀ ਵਧ ਰਹੀ ਮੰਗ ਵੱਲ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਬਿਜਲੀ ਦੀ ਮੰਗ ਪਿਛਲੇ ਸਾਲ ਨਾਲੋਂ 43 ਫ਼ੀਸਦ ਵਧ ਗਈ ਹੈ।

ਫੈਡਰੇਸ਼ਨ ਦੇ ਚੇਅਰਮੈਨ ਸ਼ੈਲੇਂਦਰ ਦੂਬੇ ਨੇ ਪੰਜਾਬ ਸਰਕਾਰ ਨੂੰ ਸੂਬੇ ਵਿੱਚ ਦਿੱਤੀ ਜਾਣ ਵਾਲੀ ਮੁਫ਼ਤ ਬਿਜਲੀ ਸਬੰਧੀ ਪਾਲਿਸੀ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਦੀ ਮੰਗ ਘਟਾਉਣ ਲਈ ਸੂਬੇ ਦੇ ਦਫ਼ਤਰਾਂ ਦਾ ਸਮਾਂ ਸਵੇਰੇ 7 ਵਜੇ ਤੋਂ ਦੁਪਹਿਰ 2 ਵਜੇ ਤੱਕ ਕੀਤਾ ਜਾਵੇ। ਇਸ ਤੋਂ ਇਲਾਵਾ ਸ਼ਾਪਿੰਗ ਮਾਲ ਤੇ ਦੁਕਾਨਾਂ ਦਾ ਸਮਾਂ ਸ਼ਾਮ 7 ਵਜੇ ਤੱਕ ਕੀਤਾ ਜਾਵੇ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਡਿਪਟੀ ਕਮਿਸ਼ਨਰਾਂ ਦੀ ਝਾੜ-ਝੰਬ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਵੱਲੋਂ ਪਿਛਲੇ ਦਿਨਾਂ ਵਿੱਚ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਅਤੇ ਵਿਧਾਇਕਾਂ ਨਾਲ ਜੋ ਵਿਚਾਰ ਚਿੰਤਨ ਕੀਤਾ ਗਿਆ, ਉਸ ਵਿੱਚ ਮਿਲੀ ਫੀਡਬੈਕ ਅਤੇ ਫ਼ੀਲਡ ਵਿੱਚੋਂ ਆਈਆਂ ਰਿਪੋਰਟਾਂ ਮਗਰੋਂ ਡੀਸੀਜ਼ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਉਹ 'ਕੰਮ ਕਰਨ ਜਾਂ ਕੁਰਸੀ ਛੱਡਣ'।

ਮੁੱਖ ਮੰਤਰੀ ਨੇ ਅੱਜ ਇੱਥੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਹੇਠਲੇ ਪੱਧਰ 'ਤੇ ਅਜੇ ਭ੍ਰਿਸ਼ਟਾਚਾਰ ਰੁਕਿਆ ਨਹੀਂ ਹੈ ਅਤੇ ਲੋਕਾਂ ਦਾ ਸਰਕਾਰੀ ਦਫ਼ਤਰਾਂ ਵਿਚ ਖੱਜਲ ਹੋਣਾ ਵੀ ਘਟਿਆ ਨਹੀਂ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜੇ ਕਿਸੇ ਜ਼ਿਲ੍ਹੇ ਵਿੱਚ ਹੇਠਲੇ ਪੱਧਰ ਅਤੇ ਖ਼ਾਸ ਕਰਕੇ ਤਹਿਸੀਲਾਂ ਵਿੱਚ ਕੁਰੱਪਸ਼ਨ ਦੇ ਕੇਸ ਸਾਹਮਣੇ ਆਏ ਤਾਂ ਇਸ ਲਈ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਅਤੇ ਐੱਸਐੱਸਪੀ ਜ਼ਿੰਮੇਵਾਰ ਹੋਵੇਗਾ। ਆਮ ਲੋਕਾਂ ਦੀ ਹਰ ਤਰ੍ਹਾਂ ਦੀ ਅਸੁਵਿਧਾ ਲਈ ਡਿਪਟੀ ਕਮਿਸ਼ਨਰ ਜੁਆਬਦੇਹ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਅਫ਼ਸਰਸ਼ਾਹੀ ਤੋਂ ਵਿਧਾਇਕ ਨਾਰਾਜ਼ ਹਨ ਅਤੇ ਲੋਕ ਵੀ ਔਖੇ ਹਨ ਜਿਸ ਕਰਕੇ ਡਿਪਟੀ ਕਮਿਸ਼ਨਰਾਂ ਨੂੰ ਲੋਕ ਸੇਵਕ ਬਣ ਕੇ ਕੰਮ ਕਰਨਾ ਪਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਲੋਕਾਂ ਦੇ ਰੌਂਅ ਨੇ ਸਰਕਾਰ ਨੂੰ ਦਫ਼ਤਰਾਂ ਵਿੱਚ ਸਭ ਅੱਛਾ ਨਾ ਹੋਣ ਦਾ ਚੇਤਾ ਕਰਾਇਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਹੋਣ ਅਤੇ ਉੱਪਰੋਂ ਕਿਸੇ ਫ਼ੋਨ ਦੀ ਅਧਿਕਾਰੀ ਉਡੀਕ ਨਾ ਕਰਨ। ਮੁੱਖ ਮੰਤਰੀ ਨੇ ਵਿਧਾਇਕਾਂ ਦੀ ਗੱਲ ਸੁਣਨ ਦੀ ਤਾਕੀਦ ਵੀ ਡਿਪਟੀ ਕਮਿਸ਼ਨਰਾਂ ਨੂੰ ਕੀਤੀ। ਮੁੱਖ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਮੁੱਖ ਮੰਤਰੀ ਸਹਾਇਤਾ ਕੇਂਦਰ ਬਣਾਏ ਜਾਣਗੇ ਜਿੱਥੇ ਲੋਕ ਪਹੁੰਚ ਕਰ ਸਕਣਗੇ।

ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਹਫ਼ਤੇ ਵਿੱਚ ਦੋ ਦਿਨ ਪਿੰਡਾਂ ਵਿੱਚ ਤਿੰਨ ਤਿੰਨ ਘੰਟੇ ਜਾਣ ਦੇ ਨਿਰਦੇਸ਼ ਜਾਰੀ ਕੀਤੇ ਤਾਂ ਜੋ ਲੋਕਾਂ ਦੇ ਮਸਲੇ ਪਿੰਡਾਂ ਵਿੱਚ ਹੀ ਹੱਲ ਹੋ ਸਕਣ। ਇਸ ਸਬੰਧੀ ਪਹਿਲਾਂ ਪਿੰਡਾਂ ਦੇ ਗੁਰੂ ਘਰਾਂ ਵਿੱਚੋਂ ਮੁਨਿਆਦੀ ਕਰਾਈ ਜਾਵੇ। ਉਨ੍ਹਾਂ ਕਿਹਾ ਕਿ ਡੀਸੀ ਦਫ਼ਤਰਾਂ ਅੱਗੇ ਲੋਕ ਘੰਟਿਆਂਬੱਧੀ ਬੈਠੇ ਰਹਿੰਦੇ ਹਨ ਹੁਣ ਅਜਿਹਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਡੈਸ਼ ਬੋਰਡ' ਬਣੇਗਾ ਤਾਂ ਜੋ ਦਫ਼ਤਰਾਂ ਵਿਚ ਪੈਂਡਿੰਗ ਅਤੇ ਨਿਪਟਾਰਾ ਹੋਈਆਂ ਦਰਖਾਸਤਾਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਜੇ ਡਿਪਟੀ ਕਮਿਸ਼ਨਰ ਆਪਣੀ ਡਿਊਟੀ ਨਹੀਂ ਨਿਭਾ ਸਕਦੇ ਤਾਂ ਉਹ ਹੋਰ ਅਧਿਕਾਰੀਆਂ ਨੂੰ ਮੌਕਾ ਦੇ ਦੇਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਆਟਾ ਦਾਲ ਸਕੀਮ ਤਹਿਤ ਸਾਲ ਵਿੱਚ ਤਿੰਨ ਵਾਰ ਚਾਰ ਚਾਰ ਮਹੀਨਿਆਂ ਦਾ ਇਕੱਠਾ ਰਾਸ਼ਨ ਦਿੱਤਾ ਜਾਇਆ ਕਰੇਗਾ। ਮੁੱਖ ਮੰਤਰੀ ਨੇ ਹੜ੍ਹਾਂ ਦੀ ਰੋਕਥਾਮ ਲਈ ਤਿਆਰੀਆਂ ਦਾ ਜਾਇਜ਼ਾ ਵੀ ਲਿਆ।

ਅੱਜ ਮੁੱਖ ਮੰਤਰੀ ਅਧਿਕਾਰੀਆਂ 'ਤੇ ਕਾਫ਼ੀ ਖ਼ਫ਼ਾ ਨਜ਼ਰ ਆਏ ਅਤੇ ਉਨ੍ਹਾਂ ਅਸਿੱਧੇ ਤੌਰ 'ਤੇ ਇਸ਼ਾਰਾ ਕੀਤਾ ਕਿ ਚੋਣਾਂ ਵਿੱਚ ਹੋਈ ਹਾਰ ਪਿੱਛੇ ਅਧਿਕਾਰੀਆਂ ਵੱਲੋਂ ਲੋਕਾਂ ਦੀ ਦਫ਼ਤਰਾਂ ਵਿੱਚ ਕੀਤੀ ਅਣਦੇਖੀ ਵੀ ਜ਼ਿੰਮੇਵਾਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਵਾਧੂ ਬਿਜਲੀ ਹੈ ਅਤੇ ਝੋਨੇ ਦੇ ਸੀਜ਼ਨ ਦੇ ਬਾਵਜੂਦ ਕਿਸੇ ਵੀ ਸੈਕਟਰ ਵਿੱਚ ਬਿਜਲੀ ਕੱਟ ਨਹੀਂ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਹ ਹੜ੍ਹ ਰੋਕਣ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭਲਕੇ ਘੱਗਰ ਨਦੀ ਦੀ ਮਾਰ ਹੇਠ ਆਉਂਦੇ ਪਿੰਡਾਂ ਦਾ ਦੌਰਾ ਕਰਨਗੇ।

# ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ, ਨਿਆਂਇਕ ਹਿਰਾਸਤ 3 ਜੁਲਾਈ ਤੱਕ ਵਧੀ

**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇਕ ਅਦਾਲਤ ਨੇ ਬੁੱਧਵਾਰ ਨੂੰ ਸ਼ਰਾਬ ਘਪਲੇ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਂਇਕ ਹਿਰਾਸਤ 3 ਜੁਲਾਈ ਤੱਕ ਵਧਾ ਦਿੱਤੀ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਦੀ ਮਿਆਦ ਖ਼ਤਮ ਹੋਣ ਕਾਰਨ ਅੱਜ ਉਨ੍ਹਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਵਿਸ਼ੇਸ਼ ਜੱਜ ਨਿਆ ਬਿੰਦੂ ਨੇ ਉਸ ਦੀ ਨਿਆਂਇਕ ਹਿਰਾਸਤ ਦੀ ਮਿਆਦ 3 ਜੁਲਾਈ ਤੱਕ ਵਧਾ ਦਿੱਤੀ।



ਅਦਾਲਤ ਵਿੱਚ ਸੁਣਵਾਈ ਦੌਰਾਨ ਕੇਜਰੀਵਾਲ ਵੱਲੋਂ ਪੇਸ਼ ਹੋਏ ਵਕੀਲ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਉਸ ਦੀ ਨਿਆਂਇਕ ਹਿਰਾਸਤ ਵਿੱਚ ਵਾਧਾ ਕਰਨ ਦੀ ਅਪੀਲ ਦਾ ਵਿਰੋਧ ਕਰਦਿਆਂ ਕਿਹਾ ਕਿ ਉਸ ਦੀ ਹਿਰਾਸਤ ਵਿੱਚ ਵਾਧਾ ਕਰਨ ਦਾ ਕੋਈ ਆਧਾਰ ਨਹੀਂ ਹੈ। ਦੱਸ ਦੇਈਏ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਇਕ ਕਥਿਤ ਆਬਕਾਰੀ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ। ਅਰਵਿੰਦ ਕੇਜਰੀਵਾਲ ਦੇਸ਼ ਵਿੱਚ ਲੋਕ ਸਭਾ ਚੋਣਾਂ ਕਾਰਨ 1 ਜੂਨ ਤੱਕ ਅੰਤਰਿਮ ਜ਼ਮਾਨਤ 'ਤੇ ਬਾਹਰ ਆਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਮੁੜ ਜੇਲ੍ਹ ਵਿਚ ਜਾਣਾ ਪਿਆ। ਐਕਸਾਈਜ਼ ਮਾਮਲੇ 'ਚ ਈਡੀ ਨੇ 2 ਘੰਟੇ ਦੀ ਪੁੱਛਗਿੱਛ ਤੋਂ ਬਾਅਦ 21 ਮਾਰਚ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ। ਉਦੋਂ ਤੋਂ ਉਹ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਹੈ।

# ਅੱਗ ਦੀਆਂ ਲਪਟਾਂ 'ਚ ਕਿਤਾਬਾਂ ਭਾਵੇਂ ਸੜ ਜਾਣ ਪਰ ਗਿਆਨ ਨੂੰ ਨਹੀਂ ਮਿਟਾ ਸਕਦੀਆਂ: ਮੋਦੀ

**ਗਯਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਯਾਨੀ ਕਿ ਅੱਜ ਬਿਹਾਰ ਦੇ ਰਾਜਗੀਰ 'ਚ ਇਤਿਹਾਸਕ ਨਾਲੰਦਾ ਯੂਨੀਵਰਸਿਟੀ ਦੇ ਨਵੇਂ ਕੰਪਲੈਕਸ ਦਾ ਉਦਘਾਟਨ ਕੀਤਾ। ਨਾਲੰਦਾ ਯੂਨੀਵਰਸਿਟੀ ਪਹੁੰਚੇ ਪ੍ਰਧਾਨ ਮੰਤਰੀ ਮੋਦੀ ਨੇ ਯੂਨੀਵਰਸਿਟੀ ਦੀ ਪੁਰਾਣੀ ਵਿਰਾਸਤ ਨੂੰ ਨੇੜਿਓਂ ਵੇਖਿਆ। ਉਦਘਾਟਨ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਾਲੰਦਾ ਤੋਂ ਸਿਰਫ ਭਾਰਤ ਹੀ ਨਹੀਂ ਸਗੋਂ ਦੁਨੀਆ ਦੇ ਕਈ ਦੇਸ਼ਾਂ ਦੀ ਵਿਰਾਸਤ ਜੁੜੀ ਹੋਈ ਹੈ। ਮੈਨੂੰ ਤੀਜੇ ਕਾਰਜਕਾਲ ਦੀ ਸਹੁੰ ਚੁੱਕਣ ਮਗਰੋਂ ਨਾਲੰਦਾ ਆਉਣ ਦਾ ਮੌਕਾ ਮਿਲਿਆ ਹੈ। ਇਹ ਮੇਰਾ ਸੌਭਾਗ ਤਾਂ ਹੈ, ਨਾਲ ਹੀ ਮੈਂ ਇਸ ਨੂੰ ਭਾਰਤ ਦੀ ਵਿਕਾਸ ਯਾਤਰਾ ਦੇ ਸ਼ੁੱਭ ਸੰਕੇਤ ਦੇ ਰੂਪ ਵਿਚ ਵੇਖਦਾ ਹਾਂ। ਉਨ੍ਹਾਂ ਕਿਹਾ ਕਿ ਨਾਲੰਦਾ ਇਕ ਪਛਾਣ, ਸਨਮਾਨ, ਇਕ ਮੂਲ, ਮੰਤਰ, ਗੌਰਵ ਅਤੇ ਗਾਥਾ ਹੈ। ਨਾਲੰਦਾ ਇਸ ਸੱਚ ਦਾ ਐਲਾਨ ਹੈ ਕਿ ਅੱਗ ਦੀਆਂ ਲਪਟਾਂ 'ਚ ਕਿਤਾਬਾਂ ਭਾਵੇਂ ਸੜ ਜਾਣ ਪਰ ਅੱਗ ਦੀਆਂ ਲਪਟਾਂ ਗਿਆਨ ਨੂੰ ਨਹੀਂ ਮਿਟਾ ਸਕਦੀਆਂ।

ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਇਹ ਨਵਾਂ ਕੰਪਲੈਕਸ ਦੁਨੀਆ ਨੂੰ



ਭਾਰਤ ਦੀ ਤਾਕਤ ਦਾ ਪਰਿਚੈ ਦੇਵੇਗਾ। ਨਾਲੰਦਾ ਦੱਸੇਗਾ ਕਿ ਜੋ ਰਾਸ਼ਟਰ, ਮਜ਼ਬੂਤ ਮਨੁੱਖੀ ਕਦਰਾਂ-ਕੀਮਤਾਂ ਨਾਲ ਖੜ੍ਹੇ ਹੁੰਦੇ ਹਨ, ਉਹ ਰਾਸ਼ਟਰ ਇਤਿਹਾਸ ਨੂੰ ਮੁੜ ਜਿਊਂਦਾ ਕਰ ਕੇ ਬਿਹਤਰ ਭਵਿੱਖ ਦੀ ਨੀਂਹ ਰੱਖਣਾ ਜਾਣਦੇ ਹਨ। ਨਾਲੰਦਾ ਸਿਰਫ ਭਾਰਤ ਦੇ ਹੀ ਅਤੀਤ ਦਾ ਮੁੜ ਜਾਗਰਣ ਨਹੀਂ ਹੈ। ਇਸ ਵਿਚ ਦੁਨੀਆ ਦੇ, ਏਸ਼ੀਆ ਦੇ ਕਿੰਨੇ ਹੀ ਦੇਸ਼ਾਂ ਦੀ ਵਿਰਾਸਤ ਜੁੜੀ ਹੋਈ ਹੈ। ਨਾਲੰਦਾ ਯੂਨੀਵਰਸਿਟੀ ਦੇ ਮੁੜ ਨਿਰਮਾਣ 'ਚ ਸਾਡੇ ਸਾਥੀ ਦੇਸ਼ਾਂ ਦੀ ਭਾਗੀਦਾਰੀ ਵੀ ਰਹੀ ਹੈ। ਮੈਂ ਇਸ ਮੌਕੇ ਭਾਰਤ ਦੇ ਸਾਰੇ ਮਿੱਤਰ ਦੇਸ਼ਾਂ ਦਾ ਸੁਆਗਤ ਕਰਦਾ ਹਾਂ।

**ਕੌਮੀਅਤ ਵੇਖ ਕੇ ਨਹੀਂ ਹੁੰਦਾ ਦਾਖ਼ਲਾ**

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪ੍ਰਾਚੀਨ ਨਾਲੰਦਾ ਵਿਚ ਬੱਚਿਆਂ ਦਾ ਦਾਖ਼ਲਾ ਉਨ੍ਹਾਂ ਦੀ ਪਛਾਣ, ਉਨ੍ਹਾਂ ਦੀ ਕੌਮੀਅਤ ਵੇਖ ਕੇ ਨਹੀਂ ਹੁੰਦਾ ਸੀ। ਹਰ ਦੇਸ਼, ਹਰ ਵਰਗ ਦੇ ਨੌਜਵਾਨ ਇੱਥੇ ਆਉਂਦੇ ਸਨ। ਨਾਲੰਦਾ ਯੂਨੀਵਰਸਿਟੀ ਦੇ ਇਸ ਨਵੇਂ ਕੰਪਲੈਕਸ ਵਿਚ ਸਾਨੂੰ ਉਸ ਪ੍ਰਾਚੀਨ ਵਿਵਸਥਾ ਨੂੰ ਫਿਰ ਤੋਂ ਮਜ਼ਬੂਤੀ ਦੇਣੀ ਹੈ। ਦੁਨੀਆ ਦੇ ਕਈ ਦੇਸ਼ਾਂ ਤੋਂ ਇੱਥੇ ਵਿਦਿਆਰਥੀ ਆਉਣ ਲੱਗੇ ਹਨ। ਇੱਥੇ ਨਾਲੰਦਾ ਵਿਚ 20 ਤੋਂ ਜ਼ਿਆਦਾ ਦੇਸ਼ਾਂ ਦੇ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ।

# ਪਟਿਆਲਾ ਪੁਲਿਸ ਵੱਲੋਂ ਰਾਤ ਸਮੇਂ ਘਰਾਂ ਵਿੱਚੋਂ ਚੋਰੀਆਂ ਕਰਨ ਵਾਲੇ ਗਿਰੋਹ ਦੇ 4 ਮੈਬਰ ਕਾਬੂ




**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਵਰੁਣ ਸ਼ਰਮਾਂ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਨੇ ਪ੍ਰੈਸ ਨੋਟ ਰਾਹੀਂ ਦੱਸਿਆਂ ਕਿ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਪੈਸਲ ਮੁਹਿੰਮ ਚਲਾਈ ਹੋਈ ਹੈ, ਜਿਸ ਦੇ ਤਹਿਤ ਸ੍ਰੀ ਯੁਗੇਸ ਸ਼ਰਮਾਂ ਪੀ.ਪੀ.ਐਸ, ਕਪਤਾਨ ਪੁਲਿਸ , ਇੰਨਵੈਸਟੀਗੇਸਨ ਪਟਿਆਲਾ, ਸ਼੍ਰੀ ਅਵਤਾਰ ਸਿੰਘ,ਪੀ.ਪੀ.ਐਸ, ਉਪ ਕਪਤਾਨ ਪੁਲਿਸ (ਡੀ) gfNnkbk ਦੀ ਅਗਵਾਈ ਵਿੱਚ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ.ਸਟਾਫ ਪਟਿਆਲਾ ਦੀ ਟੀਮ ਵੱਲੋਂ ਰਾਤ ਸਮੇਂ ਘਰਾਂ ਵਿੱਚੋਂ ਚੋਰੀਆਂ ਕਰਨ ਵਾਲੇ ਗਿਰੋਹ ਦੇ 4 ਮੈਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿੰਨ੍ਹਾ ਵਿੱਚ 1) ਵਿਨੈ ਕੁਮਾਰ ਪੁੱਤਰ ਪਤੰਬਰ ਵਾਸੀ ਮਕਾਨ ਨੰਬਰ 102 ਗਲੀ ਨੰਬਰ 10 ਦੇਵ ਨਗਰ ਲੁਧਿਆਣਾ, 2) ਪ੍ਰਵੀਨ ਕੁਮਾਰ ਪੁੱਤਰ ਸਿੰਦਰਪਾਲ ਵਾਸੀ ਮਕਾਨ ਨੰਬਰ 264 ਪਿੰਡ ਬਾਰਨਹਾੜਾ ਹੰਬੜਾ ਰੋਡ ਲੁਧਿਆਣਾ, 3) ਅਮਿਤ ਕੁਮਾਰ ਪੁੱਤਰ ਹੀਰਾ ਲਾਲ ਵਾਸੀ ਪਿੰਡ ਸਿਉਣਾ ਥਾਣਾ ਤ੍ਰਿਪੜੀ ਜਿਲ੍ਹਾ ਪਟਿਆਲਾ, 4) ਸੂਰਜ ਭਾਨ ਪੁੱਤਰ ਰਾਮ ਅਧਾਰ ਵਾਸੀ ਕਿਰਾਏਦਾਰ ਮਕਾਨ ਨੰਬਰ 10 ਨੇੜੇ ਧਮੋਟ ਪੈਟਰੋਲ ਪੰਪ ਲਹਿਲ ਕਲੋਨੀ ਪਟਿਆਲਾ ਨੂੰ ਗ੍ਰਿਫਤਾਰ ਕਰਨ ਦੀ ਸਫਲਤਾ ਹਾਸਲ ਕੀਤੀ ਹੈ।

ਗ੍ਰਿਫਤਾਰੀ ਅਤੇ ਬਰਾਮਦਗੀ : ਜਿੰਨ੍ਹਾ ਨੇ ਅੱਗੇ ਦੱਸਿਆ ਕਿ ਸੀ.ਆਈ.ਏ.ਪਟਿਆਲਾ ਦੀ ਟੀਮ ਦੇ ਏ.ਐਸ.ਆਈ. ਸੂਰਜ ਪ੍ਰਕਾਸ ਨੇ ਗੁਪਤ ਸੂਚਨਾ ਦੇ ਅਧਾਰ ਪਰ ਰਾਤ ਸਮੇਂ ਘਰਾਂ ਵਿੱਚੋਂ ਚੋਰੀਆਂ ਕਰਨ ਵਾਲੇ ਗਿਰੋਹ ਖਿਲਾਫ ਮੁਕੱਦਮਾ ਨੰਬਰ 120 ਮਿਤੀ 19.06.2024 ਅ/ਧ 380,411 ਹਿੰ:ਦਿੰ: ਥਾਣਾ ਕੋਤਵਾਲੀ ਪਟਿਆਲਾ ਬਰ-ਖਿਲਾਫ ਦੋਸੀਆਨ 1) ਵਿਨੈ ਕੁਮਾਰ ਪੁੱਤਰ ਪਤੰਬਰ ਵਾਸੀ ਮਕਾਨ ਨੰਬਰ 102 ਗਲੀ ਨੰਬਰ 10 ਦੇਵ ਨਗਰ ਲੁਧਿਆਣਾ, 2) ਪ੍ਰਵੀਨ ਕੁਮਾਰ ਪੁੱਤਰ ਸਿੰਦਰਪਾਲ ਵਾਸੀ ਮਕਾਨ ਨੰਬਰ 264 ਪਿੰਡ ਬਾਰਨਹਾੜਾ ਹੰਬੜਾ ਰੋਡ ਲੁਧਿਆਣਾ, 3) ਅਮਿਤ ਕੁਮਾਰ ਪੁੱਤਰ ਹੀਰਾ ਲਾਲ ਵਾਸੀ ਪਿੰਡ ਸਿਉਣਾ ਥਾਣਾ ਤ੍ਰਿਪੜੀ ਜਿਲ੍ਹਾ ਪਟਿਆਲਾ, 4) ਸੂਰਜ ਭਾਨ ਪੁੱਤਰ ਰਾਮ ਅਧਾਰ ਵਾਸੀ ਕਿਰਾਏਦਾਰ ਮਕਾਨ ਨੰਬਰ 10 ਨੇੜੇ ਧਮੋਟ ਪੈਟਰੋਲ ਪੰਪ ਲਹਿਲ ਕਲੋਨੀ ਪਟਿਆਲਾ ਦਰਜ ਰਜਿਸਟਰ ਕਰਕੇ ਅੱਜ ਮਿਤੀ 19.06.2024 ਨੂੰ ਉਕਤ ਦੋਸੀਆਨ ਵਿਨੈ ਕੁਮਾਰ, ਪ੍ਰਵੀਨ ਕੁਮਾਰ, ਅਮਿਤ ਕੁਮਾਰ ਅਤੇ ਸੂਰਜ ਭਾਨ ਨੂੰ ਨੇੜੇ ਸਬਜੀ ਮੰਡੀ ਪਟਿਆਲਾ ਤੋਂ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ ਜਿੰਨ੍ਹਾ ਪਾਸੋਂ ਇਕ ਮੋਟਰਸਾਇਕਲ ਅਤੇ ਚੋਰੀ ਕਰਨ ਵਾਲੇ ਔਜਾਰ , ਪੇਚਕਸ, ਸੱਬਲ ਆਦਿ ਬਰਾਮਦ ਕਰਨ ਦੀ ਸਫਲਤਾ ਹਾਸਲ ਕੀਤੀ ਗਈ ਹੈ ਅਤੇ ਪਟਿਆਲੇ ਦੀਆਂ ਕਈ ਵਾਰਦਾਤਾਂ ਟਰੇਸ ਹੋਈਆਂ ਹਨ।

ਗਿਰੋਹ ਬਾਰੇ ਜਾਣਕਾਰੀ : ਗ੍ਰਿਫਤਾਰ ਹੋਏ ਦੋਸੀਆਨ ਦੀ ਪੁੱਛਗਿੱਛ ਤੋ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਗਿਰੋਹ ਪਟਿਆਲਾ ਸਹਿਰ ਅਤੇ ਆਸ ਪਾਸ ਦੇ ਇਲਾਕਾ ਦੀ ਕਲੋਨੀਆ ਅਤੇ ਹੋਰ ਥਾਵਾਂ ਪਰ ਪਹਿਲਾ ਦਿਨ ਸਮੇਂ ਬੰਦ ਪਏ ਘਰਾਂ ਦੀ ਰੈਕੀ ਕਰਕੇ ਫਿਰ ਰਾਤ ਸਮੇਂ ਘਰ ਦੇ ਤਾਲੇ ਤੋੜਕੇ ਘਰ ਵਿੱਚੋਂ ਪੈਸੇ ਅਤੇ ਗਹਿਣੇ ਆਦਿ ਦੀ ਚੋਰੀ ਕਰਦੇ ਹਨ ਇਸ ਗਿਰੋਹ ਦੇ ਖਿਲਾਫ ਪਹਿਲਾ ਵੀ ਚੋਰੀ ਆਦਿ ਦੇ ਮੁਕੱਦਮੇ ਦਰਜ ਹਨ ਜਿੰਨ੍ਹਾ ਵਿੱਚ ਇਹ ਗ੍ਰਿਫਤਾਰ ਹੋਕੇ ਵੱਖ-ਵੱਖ ਜੇਲਾ ਪਟਿਆਲਾ ਅਤੇ ਲੁਧਿਆਣ ਵਿਖੇ ਰਹਿ ਚੁੱਕੇ ਹਨ।

ਐਸ.ਐਸ.ਪੀ.ਪਟਿਆਲਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਿਰੋਹ ਦੇ ਮੈਬਰਾਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਹਨਾ ਨੂੰ ਕੱਲ ਮਿਤੀ 20.06.2024 ਨੂੰ ਮਾਨਯੋਗ ਅਦਾਲਤ ਵਿੱਚ ਪੇਸ ਕਰਕੇ ਪੁਲਿਸ ਰਿਮਾਡ ਹਾਸਲ ਕਰਕੇ ਡੂੰਘਾਈ ਨਾਲ ਤਫਤੀਸ ਕੀਤੀ ਜਾਵੇਗੀ।

# 18,000 ਰੁਪਏ ਰਿਸ਼ਵਤ ਮੰਗਣ ਵਾਲਾ ਸਹਾਇਕ ਸਬ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਕਾਬੂ



**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਬੁੱਧਵਾਰ ਨੂੰ ਥਾਣਾ ਸਮਰਾਲਾ ਵਿਖੇ ਤਾਇਨਾਤ ਰਿਹਾ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਸਿਕੰਦਰ ਰਾਜ ਨੂੰ 18,000 ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ ਜੋ ਹੁਣ ਥਾਣਾ ਦੋਰਾਹਾ ਜ਼ਿਲ੍ਹਾ ਲੁਧਿਆਣਾ ਵਿਖੇ ਪੁਲਿਸ ਵਿੱਚ ਤਾਇਨਾਤ ਹੈ।

ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਖੁਲਾਸਾ ਕੀਤਾ ਕਿ ਉਕਤ ਪੁਲਿਸ ਮੁਲਾਜ਼ਮ ਵਿਰੁੱਧ ਇਹ ਮੁਕੱਦਮਾ ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ ਦੇ ਵਸਨੀਕ ਰਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੇ ਬਿਆਨ ਦਰਜ ਕਰਵਾਏ ਸਨ ਕਿ 13 ਮਾਰਚ, 2021 ਨੂੰ ਉਸਦੇ ਡਰਾਈਵਰ ਰਾਜਦੀਪ ਸਿੰਘ ਵਾਸੀ ਖਡੂਰ ਸਾਹਿਬ, ਤਰਨਤਾਰਨ, ਜਿਲਾ ਤਰਨਤਾਰਨ, ਅਤੇ ਹੈਲਪਰ ਬਿਰਜੂ, ਵਾਸੀ ਸੰਜੇ ਗਾਂਧੀ ਕਲੋਨੀ, ਲੁਧਿਆਣਾ ਨੇੜੇ ਨੀਲੋਂ ਪੁਲ, ਸਮਰਾਲਾ ਵਿਖੇ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਉਸ ਦਿਨ ਥਾਣਾ ਸਮਰਾਲਾ ਤੋਂ ਏ.ਐਸ.ਆਈ. ਸਿਕੰਦਰ ਰਾਜ ਹੋਰ ਪੁਲਿਸ ਮੁਲਾਜ਼ਮਾਂ ਦੇ ਨਾਲ ਮੌਕੇ 'ਤੇ ਪਹੁੰਚਿਆ ਅਤੇ ਦੋਵੇਂ ਵਾਹਨਾਂ ਨੂੰ ਥਾਣੇ ਲੈ ਗਏ।

ਇਸ ਤੋਂ ਬਾਅਦ ਏ.ਐਸ.ਆਈ. ਸਿਕੰਦਰ ਰਾਜ ਨੇ ਸ਼ਿਕਾਇਤਕਰਤਾ ਤੋਂ ਉਸਦੇ ਡਰਾਈਵਰ ਨੂੰ ਜ਼ਮਾਨਤ ਦਿਵਾਉਣ, ਉਸਦੀ ਗੱਡੀ ਵਿੱਚ ਲੱਦਿਆ ਸਮਾਨ ਛੱਡਣ ਅਤੇ ਉਸਦੇ ਡਰਾਈਵਰ ਖਿਲਾਫ ਦਰਜ ਹੋਏ ਹਾਦਸੇ ਦੇ ਕੇਸ 'ਚੋਂ ਬਰੀ ਕਰਵਾਉਣ ਬਦਲੇ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਆਖਰਕਾਰ ਸੌਦਾ 18,000 ਰੁਪਏ ਵਿੱਚ ਹੋਇਆ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਉਕਤ ਪੁਲਿਸ ਮੁਲਾਜ਼ਮ ਵੱਲੋਂ ਰਿਸ਼ਵਤ ਦੀ ਮੰਗ ਸਬੰਧੀ ਗੱਲਬਾਤ ਰਿਕਾਰਡ ਕਰ ਲਈ ਅਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ ਅਤੇ ਦਰੁੱਸਤ ਪਾਏ ਗਏ ਹਨ। ਇਸ ਤੋਂ ਬਾਅਦ ਥਾਣਾ ਦੋਰਾਹਾ ਵਿਖੇ ਤਾਇਨਾਤ ਏਐਸਆਈ ਸਿਕੰਦਰ ਰਾਜ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਉਕਤ ਮੁਲਜ਼ਮ ਨੂੰ ਅੱਜ ਬਿਊਰੋ ਦੀ ਲੁਧਿਆਣਾ ਰੇਂਜ ਦੀ ਟੀਮ ਵੱਲੋਂ ਥਾਣਾ ਦੋਰਾਹਾ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਹਰਿਆਣਾ ਕਾਂਗਰਸ ਨੇਤਾ ਕਿਰਨ ਚੌਧਰੀ ਆਪਣੀ ਧੀ ਨਾਲ ਭਾਜਪਾ 'ਚ ਸ਼ਾਮਲ



**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਾਂਗਰਸ ਦੀ ਸਾਬਕਾ ਆਗੂ ਕਿਰਨ ਚੌਧਰੀ ਅਤੇ ਉਨ੍ਹਾਂ ਦੀ ਧੀ ਸ਼ਰੂਤੀ ਚੌਧਰੀ ਅੱਜ ਇੱਥੇ ਆਪਣੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ।

ਕਿਰਨ ਚੌਧਰੀ ਅਤੇ ਸ਼ਰੂਤੀ ਚੌਧਰੀ ਨੇ ਮੰਗਲਵਾਰ ਨੂੰ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਦੋਸ਼ ਲਾਇਆ ਸੀ ਕਿ ਪਾਰਟੀ ਦੀ ਸੂਬਾ ਇਕਾਈ ਨੂੰ ਨਿੱਜੀ ਜਾਗੀਰ' ਵਾਂਗ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦਾ ਅਸਿੱਧਾ ਇਸ਼ਾਰਾ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਵੱਲ ਮੰਨਿਆ ਜਾਂਦਾ ਹੈ। ਕਿਰਨ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਬੰਸੀਲਾਲ ਦੀ ਨੂੰਹ ਹੈ ਅਤੇ ਤੋਸ਼ਾਮ ਭਿਵਾਨੀ ਜ਼ਿਲ੍ਹੇ ਦੀ ਵਿਧਾਇਕਾ ਹੈ।

# ਕੈਨੇਡਾ ਦੀ ਸੰਸਦ ਨੇ ਨਿੱਝਰ ਨੂੰ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਦਿੱਤੀ ਤੇ ਇਕ ਮਿੰਟ ਦਾ ਮੌਨ ਰੱਖਿਆ

**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੀ ਸੰਸਦ ਦੇ ਹਾਊਸ ਆਫ ਕਾਮਨਜ਼ 'ਚ ਖ਼ਾਲਿਸਤਾਨੀ ਅਤਿਵਾਦੀ ਹਰਦੀਪ ਸਿੰਘ ਨਿੱਝਰ ਨੂੰ ਪਹਿਲੀ ਬਰਸੀ ਮੌਕੇ ਸ਼ਰਧਾਜਲੀ ਦਿੱਤੀ ਗਈ ਤੇ ਇਕ ਮਿੰਟ ਦਾ ਮੌਨ ਰੱਖਿਆ ਗਿਆ, ਜਦੋਂ ਕੈਨੇਡੀਅਨ ਪਾਰਲੀਮੈਂਟ ਵਿੱਚ ਭਾਰਤ ਵੱਲੋਂ ਅਤਿਵਾਦੀ ਨਿੱਝਰ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਸੀ ਐਨ ਉਸੇ ਸਮੇਂ ਖ਼ਾਲਿਸਤਾਨ ਪੱਖੀ ਵੱਖਵਾਦੀਆਂ ਨੇ ਵੈਨਕੂਵਰ ਵਿੱਚ ਭਾਰਤੀ ਵਣਜ ਦੂਤਘਰ ਦੇ ਬਾਹਰ ਮੌਕ ਕੋਰਟ ਸਥਾਪਤ ਕੀਤੀ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਪੁਤਲਾ ਫੂਕਿਆ ਗਿਆ। ਕੈਨੇਡਾ ਦੀ ਸੰਸਦ 'ਚ ਅਤਿਵਾਦੀਆਂ ਦੀ ਵਡਿਆਈ 'ਤੇ ਭਾਰਤ ਨੇ ਕੈਨੇਡਾ ਨੂੰ ਕਰਾਰਾ ਜਵਾਬ ਦਿੱਤਾ ਹੈ।

ਭਾਰਤ ਨੇ ਏਅਰ ਇੰਡੀਆ ਦੇ ਜਹਾਜ਼ ਕਨਿਸ਼ਕ 'ਤੇ ਹੋਏ ਬੰਬ ਧਮਾਕੇ ਦੀ ਬਰਸੀ ਨੂੰ ਯਾਦ ਕਰਵਾ ਕੇ ਕੈਨੇਡਾ 'ਚ ਸਾਲਾਂ ਤੋਂ ਵਧ ਰਹੇ ਅਤਿਵਾਦ ਨੂੰ ਨਿਸ਼ਾਨਾ ਬਣਾਇਆ ਹੈ। ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਨੇ 23 ਜੂਨ ਨੂੰ ਕਨਿਸ਼ਕ ਜਹਾਜ਼ ਹਾਦਸੇ ਦੀ ਯਾਦ ਵਿੱਚ ਯਾਦਗਾਰੀ ਸਮਾਗਮ ਕਰਾਉਣ ਦੀ ਯੋਜਨਾ ਬਣਾਈ ਹੈ।



ਕੌਂਸਲੇਟ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ, 'ਅਤਿਵਾਦ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਭਾਰਤ ਸਭ ਤੋਂ ਅੱਗੇ ਹੈ ਅਤੇ ਇਸ ਵਿਸ਼ਵਵਿਆਪੀ ਖਤਰੇ ਨਾਲ ਨਜਿੱਠਣ ਲਈ ਸਾਰੇ ਦੇਸ਼ਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ।'

# ਰਾਹੁਲ ਗਾਂਧੀ ਨੂੰ ਜਨਮ ਦਿਨ ਮੌਕੇ ਖੜਗੇ ਸਣੇ ਪਾਰਟੀ ਨੇਤਾਵਾਂ ਨੇ ਦਿੱਤੀ ਵਧਾਈ



**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਦੇ ਕਈ ਹੋਰ ਨੇਤਾਵਾਂ ਨੇ ਅੱਜ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਜਨਮ ਦਿਨ ਦੇ ਮੌਕੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਕਮਜ਼ੋਰਾਂ ਦੀ ਆਵਾਜ਼, ਸੰਵਿਧਾਨ ਵਿੱਚ ਅਡੋਲ ਵਿਸ਼ਵਾਸ ਰੱਖਣ ਵਾਲਾ ਅਤੇ ਸੱਤਾ ਨੂੰ ਸੱਚ ਦਾ ਸ਼ੀਸ਼ਾ ਦਿਖਾਉਣ ਵਾਲਾ ਕਰਾਰ ਦਿੱਤਾ। ਰਾਹੁਲ ਗਾਂਧੀ ਦਾ ਜਨਮ 20 ਜੂਨ 1970 ਨੂੰ ਨਵੀਂ ਦਿੱਲੀ ਵਿੱਚ ਹੋਇਆ ਸੀ। ਉਹ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਪੁੱਤਰ ਹੈ।

# ਡਿਬਰੂਗੜ੍ਹ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਨੂੰ ਵੱਡਾ ਝਟਕਾ, NSA ਵਿਚ ਵਾਧਾ



**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ 'ਤੇ ਲਗਾਇਆ ਗਿਆ ਐੱਨ. ਐੱਸ. ਏ. ਇਕ ਸਾਲ ਲਈ ਵਧਾ ਦਿੱਤਾ ਗਿਆ ਹੈ। ਅੰਮ੍ਰਿਤਪਾਲ ਸਿੰਘ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਸਮੇਤ ਉਸ ਦੇ 9 ਸਾਥੀਆਂ 'ਤੇ ਲਗਾਏ ਗਏ ਐੱਨ. ਐੱਸ. ਏ. ਵਿਚ ਇਕ ਸਾਲ ਦਾ ਵਾਧਾ ਕੀਤਾ ਗਿਆ ਹੈ। ਅੰਮ੍ਰਿਤਪਾਲ ਸਿੰਘ 'ਤੇ ਐੱਨ. ਐੱਸ. ਏ. ਮਾਰਚ 2023 ਵਿਚ ਲਗਾਇਆ ਗਿਆ ਸੀ।

ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਲੋਕ ਸਭਾ ਚੋਣਾਂ ਦੌਰਾਨ ਖਡੂਰ ਸਾਹਿਬ ਸੀਟ 'ਤੇ ਆਜ਼ਾਦ ਤੌਰ 'ਤੇ ਚੋਣ ਮੈਦਾਨ ਵਿਚ ਉਤਰਿਆ ਸੀ, ਜਿਸ ਵਿਚ ਉਹ ਭਾਰੀ ਵੋਟਾਂ ਦੇ ਫਰਕ ਨਾਲ ਜਿੱਤਿਆ ਸੀ। ਪੰਜਾਬ ਭਰ ਵਿਚ ਅੰਮ੍ਰਿਤਪਾਲ ਸਿੰਘ ਦੀ ਸਭ ਤੋਂ ਵੱਡੀ ਜਿੱਤ ਸੀ। ਪਰਿਵਾਰ ਅਤੇ ਸਮਰਥਕਾਂ ਵਲੋਂ ਅੰਮ੍ਰਿਤਪਾਲ ਦੀ ਰਿਹਾਈ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ, ਇਹ ਵੀ ਮੰਗ ਕੀਤੀ ਜਾ ਰਹੀ ਸੀ ਕਿ ਮੈਂਬਰ ਪਾਰਲੀਮੈਂਟ ਦੇ ਤੌਰ 'ਤੇ ਸਹੁੰ ਚੁੱਕਣ ਲਈ ਅੰਮ੍ਰਿਤਪਾਲ ਨੂੰ ਛੋਟ ਦਿੱਤੀ ਜਾਵੇ ਜਦਕਿ ਹੁਣ ਅੰਮ੍ਰਿਤਪਾਲ ਸਿੰਘ ਦੇ ਨਾਲ-ਨਾਲ ਉਸ ਦੇ ਸਾਥੀਆਂ ਪਪਲਪ੍ਰੀਤ ਸਿੰਘ, ਪ੍ਰਧਾਨ ਮੰਤਰੀ ਬਾਜੇਕੇ, ਕਲਸੀ ਅਤੇ ਹੋਰਾਂ 'ਤੇ ਐੱਨ. ਐੱਸ. ਏ ਦੀ ਮਿਆਦ ਵਿਚ ਇਕ ਸਾਲ ਦਾ ਵਾਧਾ ਕਰ ਦਿੱਤਾ ਗਿਆ ਹੈ।

# ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸ਼ਾਹਪੁਰ ਕੰਢੀ ਡੈਮ ਦਾ ਨਿਰੀਖਣ



**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਸ਼ਾਹਪੁਰ ਕੰਢੀ ਡੈਮ ਅਤੇ ਉਸਾਰੇ ਜਾ ਰਹੇ ਬਿਜਲੀ ਘਰਾਂ ਦਾ ਨਿਰੀਖਣ ਕੀਤਾ ਅਤੇ ਨਿਰਮਾਣ ਕਾਰਜਾਂ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸ਼ਾਹਪੁਰ ਕੰਢੀ ਡੈਮ ਦੇ ਨਿਰਮਾਣ ਅਤੇ ਬਰਸਾਤ ਦੇ ਆਗਾਮੀ ਮੌਸਮ ਵਿੱਚ ਝੀਲ ਭਰਨ ਨੂੰ ਲੈ ਕੇ ਪੰਜਾਬ ਸਰਕਾਰ ਪੂਰੀ ਤਰ੍ਹਾਂ ਗੰਭੀਰ ਹੈ, ਜਿਸ ਲਈ ਅੱਜ ਉਨ੍ਹਾਂ ਨੇ ਬੈਰਾਜ ਡੈਮ ਅਤੇ ਬਿਜਲੀ ਘਰਾਂ ਦਾ ਦੌਰਾ ਕੀਤਾ ਹੈ।

ਇਸ ਮੌਕੇ ਉਨ੍ਹਾਂ ਨਾਲ ਡੈਮਜ਼ ਪ੍ਰਸ਼ਾਸਨ ਦੇ ਚੀਫ਼ ਇੰਜੀਨੀਅਰ ਸ. ਸ਼ੇਰ ਸਿੰਘ, ਐਸ.ਈ. ਗੁਰਪਿੰਦਰ ਸਿੰਘ ਸੰਧੂ, ਐਕਸੀਅਨ ਅਰਵਿੰਦ ਕੁਮਾਰ, ਐਕਸੀਅਨ ਹੈੱਡਕੁਆਰਟਰ ਲਖਵਿੰਦਰ ਸਿੰਘ, ਓਮੀਤ ਜੇਵੀ ਕੰਪਨੀ ਦੇ ਜਨਰਲ ਮੈਨੇਜਰ ਆਰ.ਐਸ. ਰੇਅ, ਐਚ.ਆਰ. ਸ੍ਰੀਹੰਸ ਸੇਠੀ ਅਤੇ ਹੋਰ ਅਧਿਕਾਰੀ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਸਭ ਤੋਂ ਪਹਿਲਾਂ ਸ਼ਾਹਪੁਰ ਕੰਢੀ ਬੈਰਾਜ 'ਤੇ ਬਣ ਰਹੇ ਪੁਲ ਅਤੇ ਝੀਲ ਦਾ ਨਿਰੀਖਣ ਕੀਤਾ। ਡੈਮਜ਼ ਪ੍ਰਸ਼ਾਸਨ ਦੇ ਮੁੱਖ ਇੰਜੀਨੀਅਰ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਅਕਤੂਬਰ ਮਹੀਨੇ ਤੋਂ ਬੈਰਾਜ ਡੈਮ ਦੀ ਝੀਲ ਵਿੱਚ ਪਾਣੀ ਭਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਰਣਜੀਤ ਸਾਗਰ ਡੈਮ ਪ੍ਰਾਜੈਕਟ ਤੋਂ ਬਿਜਲੀ ਉਤਪਾਦਨ ਵਧਾ ਕੇ ਨੀਵੇਂ ਇਲਾਕਿਆਂ ਵਿੱਚ ਸਿੰਚਾਈ ਲਈ ਪਾਣੀ ਦੀ ਨਿਰੰਤਰ ਸਪਲਾਈ ਦਿੱਤੀ ਜਾ ਰਹੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਪ੍ਰਾਜੈਕਟ 1999 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਕਈ ਕਾਰਨਾਂ ਕਰਕੇ ਅੱਗੇ ਨਹੀਂ ਵਧ ਸਕਿਆ।

# ਝਾਰਖੰਡ 'ਚ ਦਰਦਨਾਕ ਹਾਦਸਾ 'ਚ ਟਰੱਕ-ਕਾਰ ਵਿਚਾਲੇ ਹੋਏ ਜ਼ਬਰਦਸਤ ਟੱਕਰ, 4 ਦੋਸਤਾਂ ਦੀ ਮੌਤ

**ਧਨਬਾਦ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਦੇ ਧਨਬਾਦ ਜ਼ਿਲ੍ਹੇ ਵਿੱਚ ਇੱਕ ਤੇਜ਼ ਰਫ਼ਤਾਰ ਟਰੱਕ ਨੇ ਇੱਕ ਕਾਰ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਕਾਰਨ ਗੱਡੀ ਵਿੱਚ ਸਵਾਰ ਚਾਰ ਦੋਸਤਾਂ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪੁਲਸ ਨੇ ਬੁੱਧਵਾਰ ਨੂੰ ਇਸ ਹਾਦਸੇ ਦੀ ਜਾਣਕਾਰੀ ਦਿੱਤੀ। ਇਹ ਘਟਨਾ ਝਾਰਖੰਡ ਦੀ ਰਾਜਧਾਨੀ ਰਾਂਚੀ ਤੋਂ ਲਗਭਗ 190 ਕਿਲੋਮੀਟਰ ਦੂਰ ਲੋਹਾਰਬਰਵਾ ਵਿੱਚ ਮੰਗਲਵਾਰ ਅਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਵਾਪਰੀ ਹੈ।

ਇਸ ਮਾਮਲੇ ਦੇ ਸਬੰਧ ਵਿਚ ਗੋਵਿੰਦਪੁਰ ਦੇ ਉਪ ਪੁਲਸ ਕਪਤਾਨ ਸ਼ੰਕਰ ਕਾਂਤੀ ਨੇ ਦੱਸਿਆ ਕਿ ਚਾਰਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ, ਜਦਕਿ ਜ਼ਖ਼ਮੀ ਵਿਅਕਤੀ ਨੂੰ ਇਲਾਜ ਲਈ ਧਨਬਾਦ ਦੇ ਨਿਰਮਲ ਮਹਤੋ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਉਸ ਨੇ ਦੱਸਿਆ ਕਿ ਪੰਜੇ ਦੋਸਤ ਛੇ ਮਾਰਗੀ ਨੈਸ਼ਨਲ ਹਾਈਵੇਅ-2 'ਤੇ ਕਾਰ ਰਾਹੀਂ ਗਲਤ ਦਿਸ਼ਾ 'ਚ ਜਾ ਰਹੇ ਸਨ। ਇਸੇ ਦੌਰਾਨ ਸਾਹਮਣਿਓਂ ਆ ਰਹੇ ਇੱਕ ਟਰੱਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਉਪ ਪੁਲਸ ਕਪਤਾਨ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਟਰੱਕ ਚਾਲਕ ਵਾਹਨ ਸਮੇਤ ਫ਼ਰਾਰ ਹੋ ਗਿਆ।

# ਕੋਕਾ-ਕੋਲਾ ਇੰਡੀਆ ਨੇ 100% ਰੀਸਾਈਕਲਡ PET (rPET) ਬੋਤਲਾਂ ਦੇ ਨਾਲ ਕਿਫਾਇਤੀ ਛੋਟੇ ਸਪਾਰਕਿੰਗ ਪੈਕੇਜ (ASSP) ਦੀ ਸ਼ੁਰੂਆਤ ਕੀਤੀ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਕਾ-ਕੋਲਾ ਇੰਡੀਆ ਭਾਰਤ ਵਿੱਚ ਪੀਣ ਵਾਲੇ ਪਦਾਰਥ ਉਦਯੋਗ ਦੁਆਰਾ 100% ਰੀਸਾਈਕਲਡ ਪੀਈਟੀ (rPET) ਦੀ ਸ਼ੁਰੂਆਤ ਤੋਂ ਬਾਅਦ, ਇੱਕ ਸਰਕੂਲਰ ਅਰਥਵਿਵਸਥਾ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਸਾਰਥਕ ਕਦਮ ਚੁੱਕ ਰਹੀ ਹੈ। ਕੰਪਨੀ ਨੇ 250✡⬇ ਬੋਤਲਾਂ ਵਿੱਚ 100% ਰੀਸਾਈਕਲ ਕੀਤੇ ♦5“ (rPET) ਦੇ ਨਾਲ ASSP ਵਿੱਚ ਕੋਕਾ-ਕੋਲਾ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ, ਜਿਸਦੀ ਸ਼ੁਰੂਆਤ ਉੜੀਸਾ ਰਾਜ ਤੋਂ ਹੁੰਦੀ ਹੈ। ਕੋਕਾ-ਕੋਲਾ ਦੇ ਬੋਟਲਿੰਗ ਪਾਰਟਨਰ, ਹਿੰਦੁਸਤਾਨ ਕੋਕਾ-ਕੋਲਾ ਬੇਵਰੇਜਜ਼ ਪ੍ਰਾਈਵੇਟ ਲਿਮਟਿਡ (HCCBPL) ਦੁਆਰਾ ਬਣਾਇਆ ਗਿਆ, ਇਹ ਪਹਿਲਕਦਮੀ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਅਤੇ ਵਾਤਾਵਰਣ ਦੀ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦ੍ਰਤ ਕਰਕੇ ਸਥਿਰਤਾ ਲਈ ਕੰਪਨੀ ਦੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੀ ਹੈ। ASSP (ਅਫੋਰਡੇਬਲ ਸਮਾਲ ਸਪਾਰਕਲਿੰਗ ਪੈਕੇਜ) ਵਿੱਚ, ਪਰੰਪਰਾਗਤ ਵਰਜਿਨ PET ਪੈਕੇਜਿੰਗ ਦੇ ਮੁਕਾਬਲੇ, ਪੀਈਟੀ ਸਮੱਗਰੀ ਦੇ ਹਲਕੇ ਭਾਰ ਦੁਆਰਾ ਨਿਕਾਸ ਨੂੰ 36% ਤੱਕ ਘਟਾਇਆ ਜਾਂਦਾ ਹੈ। ਇਸ ਤੋਂ ਇਲਾਵਾ, ਏਐਸਐਸਪੀ ਵਿੱਚ ਵਰਜਿਨ ਪੀਈਟੀ ਤੋਂ ਰੀਸਾਈਕਲ ਕੀਤੇ ਪੀਈਟੀ ਵਿੱਚ ਤਬਦੀਲੀ ਕਾਰਬਨ ਫੁੱਟਪ੍ਰਿੰਟ ਵਿੱਚ ਹੋਰ ਕਮੀ ਵਿੱਚ ਯੋਗਦਾਨ ਪਾਉਂਦੀ ਹੈ, ਜਿਸਦੇ ਨਤੀਜੇ ਵਜੋਂ ਵਰਜਿਨ ਪੀਈਟੀ ਨਾਲ ਗੈਰ-ਏਐਸਐਸਪੀ ਪੈਕੇਜਿੰਗ ਦੀ ਤੁਲਨਾ ਵਿੱਚ ਕੁੱਲ ਮਿਲਾ ਕੇ 66% ਦੀ ਕਮੀ ਆਉਂਦੀ ਹੈ। 100% rPET ASSP ਦੀ ਸ਼ੁਰੂਆਤ ਕਰਦੇ ਹੋਏ, ਆਲੋਕ ਸ਼ਰਮਾ, ਕਾਰਜਕਾਰੀ




ਨਿਰਦੇਸ਼ਕ, ਸਪਲਾਈ ਚੇਨ, ਹਿੰਦੁਸਤਾਨ ਕੋਕਾ-ਕੋਲਾ ਬੇਵਰੇਜਜ਼ (8332) ਨੇ ਕਿਹਾ, "ASSP ਵਿੱਚ ਰੀਸਾਈਕਲ ਕੀਤੇ PET ਦੀ ਸ਼ੁਰੂਆਤ ਪਲਾਸਟਿਕ ਸਰਕੂਲਰਿਟੀ ਵੱਲ ਇੱਕ ਮਹੱਤਵਪੂਰਨ ਕਦਮ ਹੈ, ਜੋ ਸਮੁੱਚੇ ਕਾਰਬਨ ਨੂੰ ਮਹੱਤਵਪੂਰਨ ਤੌਰ 'ਤੇ ਘਟਾਏਗਾ। ਇਹ ਪਹਿਲਕਦਮੀ ਟਿਕਾਊ ਅਭਿਆਸਾਂ ਨੂੰ ਵਧਾਉਣ ਅਤੇ ਭਾਰਤ ਵਿੱਚ ਪੀਣ ਵਾਲੇ ਉਦਯੋਗ ਲਈ ਹਰੇ ਭਵਿੱਖ ਨੂੰ ਰੂਪ ਦੇਣ ਦੇ ਸਾਡੇ ਵਿਆਪਕ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ। ਕੋਕਾ-ਕੋਲਾ ਇੰਡੀਆ ਅਤੇ ਦੱਖਣ-ਪੱਛਮੀ ਏਸ਼ੀਆ ਦੇ ਤਕਨੀਕੀ ਨਵੀਨਤਾ ਅਤੇ ਸਪਲਾਈ ਚੇਨ ਦੇ ਉਪ ਪ੍ਰਧਾਨ, ਐਨਰਿਕ ਐਕਰਮੈਨ ਨੇ ਕਿਹਾ, ਭਾਰਤ ਵਿੱਚ rPET ਦਾ ਵਿਸਤਾਰ ਕਰਨ ਦੇ ਸਾਡੇ ਯਤਨਾਂ ਦਾ ਉਦੇਸ਼ ਉੱਚ-ਗੁਣਵੱਤਾ ਵਾਲੇ, ਫੂਡ-ਗਰੇਡ, ਰੀਸਾਈਕਲ ਕੀਤੇ ਪਲਾਸਟਿਕ ਦੀ ਖਪਤਕਾਰਾਂ ਲਈ ਉਪਲਬਧਤਾ ਨੂੰ ਵਧਾਉਣਾ ਹੈ। ਭਾਰਤ ਇਨ੍ਹਾਂ ਈਕੋ-ਅਨੁਕੂਲ ਬੋਤਲਾਂ ਨਾਲ ਪੈਕੇਜਿੰਗ, ਕੂੜੇ ਅਤੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਲਈ ਇੱਕ ਸਰਕੂਲਰ ਅਰਥਚਾਰੇ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਦਾ ਹੈ, ਜਿਸ ਨਾਲ 2030 ਤੱਕ 50% ਰੀਸਾਈਕਲ ਕੀਤੀ ਸਮੱਗਰੀ ਨਾਲ ਬੋਤਲਾਂ ਦਾ ਉਤਪਾਦਨ ਕੀਤਾ ਜਾ ਸਕੇ। ਕੋਕਾ-ਕੋਲਾ ਕੰਪਨੀ 40 ਤੋਂ ਵੱਧ ਬਾਜ਼ਾਰਾਂ ਵਿੱਚ 100% rPET ਬੋਤਲਾਂ ਪ੍ਰਦਾਨ ਕਰਦੀ ਹੈ। ਵਰਲਡ ਵਿਦਾਊਟ ਵੇਸਟ ਦੀ ਸ਼ੁਰੂਆਤ ਦੇ ਨਾਲ, ਇੱਕ ਅਭਿਲਾਸ਼ੀ ਟਿਕਾਊ ਪੈਕੇਜਿੰਗ ਪ੍ਰੋਗਰਾਮ, ਇਸਦਾ ਉਦੇਸ਼ 2030 ਤੱਕ ਹਰੇਕ ਬੋਤਲ ਜਾਂ ਵੇਚੀ ਜਾ ਸਕਦੀ ਹੈ ਨੂੰ ਇਕੱਠਾ ਕਰਨ ਅਤੇ ਰੀਸਾਈਕਲ ਕਰਨ ਵਿੱਚ ਮਦਦ ਕਰਨਾ ਹੈ। ਟੀਚਾ 2025 ਤੱਕ ਵਿਸ਼ਵ ਪੱਧਰ 'ਤੇ ਇਸਦੀ 100% ਪੈਕੇਜਿੰਗ ਨੂੰ ਰੀਸਾਈਕਲ ਕਰਨ ਯੋਗ ਬਣਾਉਣਾ ਅਤੇ 2030 ਤੱਕ ਇਸਦੀ ਪੈਕੇਜਿੰਗ ਵਿੱਚ ਘੱਟੋ-ਘੱਟ 50% ਰੀਸਾਈਕਲ ਕੀਤੀ ਸਮੱਗਰੀ ਦੀ ਵਰਤੋਂ।

## ਇਨਸਾਫ ਦੀ ਉਮੀਦ ਲਗਾਈ ਬੈਠੇ ਮਸਤਗੜ੍ਹ ਵਾਸੀ ਨੇ ਲਿਖਿਆ ਮੁੱਖ ਮੰਤਰੀ ਨੂੰ ਪੱਤਰ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਚੰਡੀਗੜ੍ਹ ਅਧੀਨ ਨੇੜਲੇ ਪਿੰਡ ਮਸਤਗੜ੍ਹ ਦੇ ਵਸਨੀਕ ਇੱਕ ਬਜ਼ੁਰਗ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖਕੇ ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੇ ਅਧਿਕਾਰੀਆਂ ਵਲੋਂ ਸਟੇਅ ਆਰਡਰ ਹੋਣ ਦੇ ਬਾਵਜੂਦ ਜ਼ਮੀਨ ਤੇ ਨਜਾਇਜ਼ ਕਬਜ਼ੇ ਦਾ ਕਥਿਤ ਦੋਸ਼ ਲਾਇਆ ਹੈ। ਸ਼ਿਕਾਇਤ ਪੱਤਰ ਵਿੱਚ ਬਜ਼ੁਰਗ ਸੰਤਾ ਸਿੰਘ ਪੁੱਤਰ ਮਹਿਮਾ ਸਿੰਘ ਨੇ ਦੱਸਿਆ ਕਿ ਮੇਰੇ ਨਾਂਅ ਪੰਜ ਕਨਾਲ ਜਮੀਨ ਹੈ, ਜਿਸ ਵਿਚ ਗਮਾਡਾ ਵੱਲੋਂ ਐਕਵਾਇਰ ਕਰਨ ਦੀ ਕਾਰਵਾਈ ਆਰੰਭੀ ਗਈ ਹੈ ਪਰ ਮੇਰੇ ਵੱਲੋਂ ਇਸ ਸਭ ਕਾਸੇ ਦੇ ਖਿਲਾਫ ਮਾਣਯੋਗ ਅਦਾਲਤ ਦਾ ਇਨਸਾਫ ਲਈ ਦਰਵਾਜਾ ਖੜਕਾਇਆ ਹੈ ਤੇ ਮੈਨੂੰ ਗਮਾਡਾ ਦੀ ਕਾਰਵਾਈ ਦੇ ਵਿਰੁੱਧ ਸਟੇਅ ਆਰਡਰ ਮਿਲਿਆ ਹੋਇਆ ਹੈ। ਉਸ ਨੇ ਅੱਗੇ ਦੱਸਿਆ ਕਿ ਮੇਰੀ ਖੇਤੀਬਾੜੀ ਵਾਲੀ ਜਮੀਨ ਵਿਚੋਂ ਦੀ ਗਮਾਡਾ ਵੱਲੋਂ ਸੜਕ ਕੱਢੀ ਜਾ ਰਹੀ ਹੈ, ਪਰ ਗਮਾਡਾ ਨੇ ਕੋਈ ਨੋਟਿਸ ਨਹੀਂ ਦਿੱਤਾ।

## ਕੈਮੀਕਲ ਅਤੇ ਟੀਕਿਆਂ ਨਾਲ ਪਕਾਏ ਫਲਾਂ ਦੀ ਬਾਜ਼ਾਰ ਵਿੱਚ ਭਰਮਾਰ

**ਮਾਛੀਵਾੜਾ ਸਾਹਿਬ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਸੀਂ ਆਮ ਹੀ ਸੁਣਦੇ ਹਾਂ ਕਿ ਡਾਕਟਰ ਤੰਦਰੁਸਤ ਲੋਕਾਂ ਦੇ ਨਾਲ ਨਾਲ ਮਰੀਜ਼ਾਂ ਨੂੰ ਵੀ ਕਹਿੰਦੇ ਹਨ ਕਿ ਫਲ ਖਾਓ ਅਤੇ ਸਿਹਤ ਨੂੰ ਤੰਦਰੁਸਤ ਰੱਖੋ। ਪਰ ਜਦੋਂ ਫਲ ਹੀ ਸਿਹਤ ਨੂੰ ਵਿਗਾੜਨ ਲੱਗ ਜਾਣ ਤਾਂ ਹੋਰ ਇਨਸਾਨ ਖਾਵੇ ਵੀ ਤਾਂ ਕੀ। ਜੀ ਹਾਂ ਅੱਜ ਦੇ ਮਤਲਬ ਪ੍ਰਸਤ ਯੁੱਗ ਵਿੱਚ ਲੋਕ ਪੈਸੇ ਦੇ ਇੰਨੇ ਦੀਵਾਨੇ ਹੋ ਗਏ ਹਨ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਲੱਗਿਆ ਝੱਟ ਲਾਉਂਦੇ ਹਨ। ਮਾਛੀਵਾੜਾ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਜਾ ਇਹ ਰੇੜੀ ਫੜੀ ਵਾਲੇ ਅਤੇ ਦੁਕਾਨਦਾਰ ਮੌਜੂਦ ਹਨ ਜੋ ਘਟੀਆ ਕਿਸਮ ਦੇ ਫਲ ਜੋ ਕੈਮੀਕਲਾਂ ਅਤੇ ਟੀਕਿਆਂ ਨਾਲ ਪਕਾਏ ਗਏ ਹਨ ਸ਼ਰੇਆਮ ਵੇਚ ਰਹੇ ਹਨ। ਬੀਤੇ ਕੱਲ੍ਹ ਵੀ ਮਾਛੀਵਾੜਾ ਸਾਹਿਬ ਵਿੱਚ ਇੱਕ ਦੁਕਾਨਦਾਰ ਪਾਸੋਂ ਬੀਤੇ ਕੱਲ੍ਹ ਮਾਛੀਵਾੜਾ ਸਾਹਿਬ ਵਿੱਚ ਇੱਕ ਗ੍ਰਾਹਕ ਵੱਲੋਂ ਇੱਕ ਦੁਕਾਨ ਤੋਂ ਅੰਬਾ ਦੀ ਖਰੀਦ ਕੀਤੀ ਗਈ ਜਦੋਂ ਘਰ ਜਾ ਕੇ ਉਹਨਾਂ ਅੰਬਾਂ ਨੂੰ ਧੋ ਕੇ ਖਾਣ ਲਈ ਰੱਖਿਆ ਗਿਆ ਤਾਂ ਉਹਨਾਂ ਵਿੱਚੋਂ ਖਾਣ ਲੱਗੇ ਤਾਂ ਵੈਕਸੀਨੇਸ਼ਨ ਲੱਗੇ ਰੰਗੀਨ ਪਾਣੀ ਨਿਕਲਣਾ ਸ਼ੁਰੂ ਹੋ ਗਿਆ। ਜਿਨਾਂ ਨੂੰ ਗੌਰ ਨਾਲ ਦੇਖਣ ਤੇ ਪਤਾ ਲੱਗਾ ਕਿ ਉਹਨਾਂ ਵਿੱਚ ਵੱਡੇ ਵੱਡੇ ਸੁਰਾਖ ਜੋ ਟੀਕੇ ਦੇ ਲਗਾਏ ਗਏ ਹਨ ਸਪਸ਼ਟ ਦਿਖਾਈ ਦੇ ਰਹੇ ਸਨ। ਸਿਹਤ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਸਿਹਤ ਵਿਭਾਗ ਦੀ ਟੀਮ ਨੇ ਦੁਕਾਨ ਤੇ ਰੇਡ ਕੀਤੀ ਤਾਂ ਉੱਥੇ ਹੋਰ ਵੀ ਕਾਫੀ ਮਾਤਰਾ ਵਿੱਚ ਅਜਿਹੇ ਫਲ ਬਰਾਮਦ ਹੋਏ ਜੋ ਖਾਣ ਦੇ ਯੋਗ ਨਹੀਂ ਸਨ। ਸਿਹਤ ਵਿਭਾਗ ਦੀ ਟੀਮ ਨੇ ਉਹ ਸਾਰੇ ਫਲ ਸੁੱਟਵਾ ਦਿੱਤੇ ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਸਨ। ਇਸੇ ਦੁਕਾਨਦਾਰ ਦੁਆਰਾ ਬੀਤੇ ਦਿਨੀ ਜੂਸ ਦੇ ਰੂਪ ਵਿੱਚ ਜੋ ਕੈਮੀਕਲ ਘੋਲ ਕੇ ਪਬਲਿਕ ਨੂੰ ਪਿਲਾਏ ਜਾਂਦੇ ਹਨ ਉਸ ਲਈ ਵੀ ਰੋਕਿਆ ਗਿਆ ਸੀ। ਭਾਵੇ ਕਿ ਸਿਹਤ ਵਿਭਾਗ ਨੇ ਇਸ ਦੁਕਾਨ ਤੋਂ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਫਲ ਫਰੂਟ ਸੁੱਟਵਾ ਦਿੱਤੇ ਹਨ। ਪਰ ਕੀ ਸਾਰੇ ਸ਼ਹਿਰ ਦੇ ਵਿੱਚ ਵਿਕ ਰਹੇ ਫਲ ਮਨੁੱਖੀ ਸਿਹਤ ਲਈ ਲਾਭਦਾਇਕ ਹਨ ?ਕੀ ਉਹਨਾਂ ਦੇ ਵਿੱਚ ਵਿਕ ਰਹੇ ਫਲ ਮਨੁੱਖੀ ਸਿਹਤ ਲਈ ਨੁਕਸਾਨ ਦਾਇਕ ਨਹੀਂ ਹਨ ?


# ਜ਼ਿਮਨੀ ਚੋਣਾਂ ਤੋਂ ਪਹਿਲਾਂ ਮੋਹਿੰਦਰ ਸਿੰਘ ਕੇ.ਪੀ. ਨੂੰ ਮਿਲੀ ਨਵੀਂ ਜ਼ਿੰਮੇਵਾਰੀ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਪਾਰਟੀ 'ਚ ਆਏ ਮੋਹਿੰਦਰ ਸਿੰਘ ਕੇ.ਪੀ. ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਅਕਾਲੀ ਦਲ ਨੇ ਮੋਹਿੰਦਰ ਸਿੰਘ ਕੇ.ਪੀ. ਨੂੰ ਜਲੰਧਰ ਵੈਸਟ ਲਈ ਐਲਾਨੀ ਚੋਣ ਪ੍ਰਚਾਰ ਕਮੇਟੀ ਵਿਚ ਸ਼ਾਮਲ ਕੀਤਾ ਹੈ। ਇਹ ਕਮੇਟੀ ਜ਼ਿਮਨੀ ਚੋਣ ਲਈ ਪਾਰਟੀ ਦੇ ਉਮੀਦਵਾਰ ਦੇ ਨਾਂ ਦੀ ਸਿਫ਼ਾਰਿਸ਼ ਕਰੇਗੀ। ਪਾਰਟੀ ਵੱਲੋਂ ਕੱਲ੍ਹ ਜਾਰੀ ਕੀਤੇ ਪ੍ਰੈੱਸ ਬਿਆਨ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਉਮੀਦਵਾਰ ਦੇ ਨਾਂ ਦੀ ਸਿਫਾਰਸ਼ ਕਰਨ ਅਤੇ ਪਾਰਟੀ ਦੀ ਚੋਣ ਪ੍ਰਚਾਰ ਮੁਹਿੰਮ ਨੂੰ ਸੰਭਾਲਣ ਲਈ ਬਣਾਈ ਕਮੇਟੀ ਵਿਚ ਤਿੰਨ ਮੈਂਬਰਾਂ ਦੇ ਨਾਂ ਸਨ। ਅੱਜ ਪਾਰਟੀ ਨੇ ਸੋਧਿਆ ਹੋਇਆ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਮੇਟੀ ਵਿਚ ਚਾਰ ਮੈਂਬਰ ਬੀਬੀ ਜਗੀਰ ਕੌਰ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਡਾ. ਸੁਖਵਿੰਦਰ ਸੁੱਖੀ ਅਤੇ ਮੋਹਿੰਦਰ ਸਿੰਘ ਕੇ.ਪੀ. ਦੇ ਨਾਂ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਮੋਹਿੰਦਰ ਸਿੰਘ ਕੇ.ਪੀ. ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਅਕਾਲੀ ਦਲ ਨੇ ਉਸੇ ਸਮੇਂ ਉਨ੍ਹਾਂ ਨੂੰ ਜਲੰਧਰ ਤੋਂ ਆਪਣਾ ਉਮੀਦਵਾਰ ਵੀ ਐਲਾਨ ਦਿੱਤਾ ਸੀ। ਹਾਲਾਂਕਿ ਇਨ੍ਹਾਂ ਚੋਣਾਂ ਵਿਚ ਕੇ.ਪੀ. ਆਪਣੀ ਜ਼ਮਾਨਤ ਵੀ ਨਹੀਂ ਸੀ ਬਚਾ ਪਾਏ। ਹੁਣ ਮੋਹਿੰਦਰ ਸਿੰਘ ਕੇ.ਪੀ. ਦੇ ਕਾਂਗਰਸ ਵਿਚ ਵਾਪਸ ਆਉਣ ਦੀਆਂ ਚਰਚਾਵਾਂ ਚੱਲ ਰਹੀਆਂ ਸਨ, ਪਰ ਇਸ ਵਿਚਾਲੇ ਅਕਾਲੀ ਦਲ ਨੇ ਉਨ੍ਹਾਂ ਨੂੰ ਚੋਣ ਪ੍ਰਚਾਰ ਕਮੇਟੀ ਵਿਚ ਸ਼ਾਮਲ ਕਰ ਕੇ ਫ਼ਿਲਹਾਲ ਇਨ੍ਹਾਂ ਅਟਕਲਾਂ 'ਤੇ ਰੋਕ ਲਗਾ ਦਿੱਤੀ ਹੈ।

ਕਹਾਣੀ

# ਕੌੜੇ ਰਿਸ਼ਤੇ



ਬਚਿੰਤ ਕੌਰ

ਜੀ ਬੀ ਹੋਟਲ ਦੀ ਗਹਿਮਾ-ਗਹਿਮੀ ਅੱਜ ਦੇਖਣ ਵਾਲੀ ਸੀ। ਚਾਰੋਂ ਤਰਫ ਤਾਜ਼ੇ ਫੁੱਲਾਂ ਦੀ ਖੁਸ਼ਬੋਈ ਨਾਲ ਸਾਰਾ ਹਾਲ ਮਹਿਕੇ-ਮਹਿਕੇ ਹੋਇਆ ਪਿਆ ਸੀ। ਦੋਵੇਂ ਧਿਰਾਂ ਖੁਸ਼ੀ ਵਿੱਚ ਫੁੱਲੀਆਂ ਨਹੀਂ ਸੀ ਸਮਾ ਰਹੀਆਂ। ਸੁਣਿਆ ਸੀ ਮੁੰਡੇ ਵਾਲਿਆਂ ਨੇ ਦਾਜ ਵੀ ਨਹੀਂ ਸੀ ਮੰਗਿਆ। ਅਸ਼ੋਕ ਦੀ ਹੋਣ ਵਾਲੀ ਦੁਲਹਨ ਸ਼ਬਨਮ ਜਿਵੇਂ ਸੱਚਮੁਚ ਅਰਸ਼ੋਂ ਉਤਰੀ ਕੋਈ ਪਰੀ ਹੋਵੇ। ਐਨੀ ਸੁਨੱਖੀ, ਲੰਬੂ ਬਹੂ ਤਾਂ ਅਸ਼ੋਕ ਦੇ ਖਾਨਦਾਨ ਵਿੱਚ ਅਜੇ ਤੱਕ ਨਹੀਂ ਸੀ ਆਈ। ਦੁਲਹਾ-ਦੁਲਹਨ ਸਟੇਜ ਉਤੇ ਬੈਠੇ ਸੱਚਮੁਚ ਬਹੁਤ ਜਚ ਰਹੇ ਸਨ, ਜਿਵੇਂ ਰੱਬ ਨੇ ਇਨ੍ਹਾਂ ਨੂੰ ਇਕ-ਦੂਜੇ ਦੇ ਲਈ ਹੀ ਬਣਾਇਆ ਹੋਵੇ। ਸਭ ਤੋਂ ਪਹਿਲਾਂ ਕੁੜਮਾਈ ਦੀਆਂ ਛਾਪਾਂ ਇਕ-ਦੂਜੇ ਦੀਆਂ ਉਂਗਲੀਆਂ ਵਿੱਚ ਪਾਈਆਂ ਗਈਆਂ। ਫਿਰ ਸਾਰੇ ਭੈਣ-ਭਾਈ ਅਤੇ ਰਿਸ਼ਤੇਦਾਰਾਂ ਨੇ ਗੁਲਾਬ ਦੀਆਂ ਪੱਤੀਆਂ ਦੀ ਇਸ ਨਵੀਂ ਬਣਨ ਵਾਲੀ ਜੋੜੀ ਉਤੇ ਇਉਂ ਵਰਖਾ ਕੀਤੀ, ਜਿਵੇਂ ਆਕਾਸ਼ 'ਚੋਂ ਦੇਵੀ-ਦੇਵਤੇ ਫੁੱਲ ਵਰਸਾ ਰਹੇ ਹੋਣ। ਸ਼ਬਨਮ ਦੇ ਨੈਣਾਂ 'ਚੋਂ ਝਰਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ। ਅਸ਼ੋਕ ਵੀ ਬੇਹੱਦ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਉਸ ਦੇ ਸਾਰੇ ਦੋਸਤਾਂ ਦੀਆਂ ਨਵ-ਵਿਆਹੀਆਂ ਦੁਲਹਨਾਂ 'ਚੋਂ ਸਭ ਤੋਂ ਸੋਹਣੀ-ਸੁਨੱਖੀ ਸ਼ਬਨਮ ਹੀ ਸੀ। ਇਸ ਖੁਸ਼ੀ ਵਿੱਚ ਉਹ ਫੁੱਲਿਆ ਨਹੀਂ ਸੀ ਸਮਾ ਰਿਹਾ।

ਹੁਣ ਮਾਂ-ਪਿਓ ਅਤੇ ਬਾਕੀ ਭੈਣ-ਭਾਈ ਕੁੜੀ ਵਾਲਿਆਂ ਨੇ ਲੈਣ-ਦੇਣ ਕਰਨਾ ਸੀ। ਸ਼ਬਨਮ ਦੇ ਮਾਮਾ ਜੀ ਨੇ ਸਭ ਤੋਂ ਪਹਿਲਾਂ ਅਸ਼ੋਕ ਦੀ ਮਾਤਾ ਜੀ ਨੂੰ ਦੁਲਹੇ-ਦੁਲਹਨ ਦੇ ਕੋਲ ਹੀ ਬਣੀ ਇਕ ਛੋਟੀ ਸਟੇਜ ਉਤੇ ਆਉਣ ਲਈ ਸਤਿਕਾਰ ਸਹਿਤ ਬੁਲਾਇਆ ਤੇ ਉਸ ਦੇ ਗਲ ਵਿੱਚ ਸੋਨੇ ਦੀ ਜ਼ੰਜੀਰੀ ਪਹਿਨਾਈ ਤੇ ਕੰਨਾਂ ਵਿੱਚ ਹੀਰੇ ਦੇ ਟਾਪਸ ਪਾਏ। ਫਿਰ ਇਸੇ ਤਰ੍ਹਾਂ ਅਸ਼ੋਕ ਦੇ ਪਿਤਾ ਲਖਣ ਪ੍ਰਸ਼ਾਦ ਨੂੰ ਬੁਲਾ ਕੇ ਉਸ ਦੀ ਗਭਲੀ ਉਂਗਲੀ ਵਿੱਚ ਕੁੜੀ ਦੇ ਪਿਤਾ ਨੇ ਅੱਧੇ ਤੋਲੇ ਦੀ ਮੁੰਦਰੀ ਪਹਿਨਾ ਦਿੱਤੀ। ਬਾਕੀ ਲੈਣ-ਦੇਣ ਅਜੇ ਬਾਕੀ ਸੀ ਕਿ ਅਸ਼ੋਕ ਦੇ ਪਿਤਾ ਜੀ ਨੇ ਸ਼ਬਨਮ ਦੇ ਪਿਤਾ ਦੇ ਹੱਥਾਂ ਵਿੱਚ ਹੌਲੀ ਜਿਹੀ 'ਆਈ ਕੋਨ' ਕਾਰ ਦੀਆਂ ਚਾਬੀਆਂ ਚੁੱਪ ਕੇ ਜਿਹੇ ਫੜਾ ਕੇ ਕਿਹਾ, "ਭਾਈ ਸਾਹਿਬ, ਇਹ ਅਸ਼ੋਕ ਨੂੰ ਤੁਸੀਂ ਦੇ ਦਿਓ। ਕਾਰ ਦੀ ਪਹਿਲੀ 20 ਹਜ਼ਾਰ ਰੁਪਏ ਦੀ ਕਿਸ਼ਤ ਦੇ ਦਿੱਤੀ ਹੈ। ਅਸੀਂ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਿਰਫ ਸੋਹਣੀ-ਸੁਨੱਖੀ ਵਹੁਟੀ ਹੀ ਅਸ਼ੋਕ ਨੂੰ ਨਹੀਂ ਮਿਲੀ, ਬਲਕਿ 'ਆਈ ਕੋਨ' ਕਾਰ ਵੀ ਸ਼ਬਨਮ ਦੇ ਮਾਪਿਆਂ ਨੇ ਅਸ਼ੋਕ ਨੂੰ ਮੰਗਣੀ ਵਿੱਚ ਦਿੱਤੀ ਹੈ।"

ਇਹ ਗੱਲ ਪਹਿਲਾਂ ਤਾਂ ਸ਼ਬਨਮ ਦੇ ਪਾਪਾ ਦੀ ਸਮਝ ਵਿੱਚ ਆਈ ਹੀ ਨਾ.. ਪਰ ਕੋਲ ਹੀ ਖੜੀ ਸ਼ਬਨਮ ਦੀ ਮੰਮੀ ਸਾਰੀ ਗੱਲ ਨੂੰ ਬਾਖ਼ੂਬੀ ਸਮਝ ਗਈ। ਉਸ ਨੇ ਆਪਣੇ ਪਤੀ ਨੂੰ ਓਹਲੇ ਜਿਹੇ ਵਿੱਚ ਹੋ ਕੇ ਸਮਝਾਇਆ ਕਿ ਇਹ ਕਾਰ ਦੀਆਂ ਚਾਬੀਆਂ ਅਸ਼ੋਕ ਦੇ ਪਿਤਾ ਨੇ ਤੁਹਾਨੂੰ ਅਸ਼ੋਕ ਨੂੰ ਪਕੜਾਉਣ ਲਈ ਇਸ ਲਈ ਦਿੱਤੀਆਂ ਹਨ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਇਹ ਦਿਖਾ ਸਕਣ ਕਿ ਅਸ਼ੋਕ ਦੀ ਕੁੜਮਾਈ ਵਿੱਚ ਸਾਡੇ ਵਾਲੋਂ ਕਾਰ ਵੀ ਦਿੱਤੀ ਗਈ ਹੈ।

ਸਾਰੀ ਗੱਲ ਸਮਝਣ ਪਿੱਛੋਂ ਸ਼ਬਨਮ ਦੇ ਡੈਡੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਇਸ ਦਾ ਮਤਲਬ ਹੈ ਕਿ ਉਹ ਕੁੜਮਾਈ ਵਿੱਚ ਸਾਡੇ ਕੋਲੋਂ ਕਾਰ ਮੰਗਦੇ ਹਨ। ਫਿਰ ਵਿਆਹ ਸਮੇਂ ਪਤਾ ਨਹੀਂ ਹੋਰ ਕੀ ਮੰਗ ਲੈਣ।

ਕਾਰ, ਅਸ਼ੋਕ ਦੇ ਪਿਓ ਨੇ ਕਿਸ਼ਤਾਂ ਉਤੇ ਲੈ ਕੇ ਪਹਿਲੀ ਕਿਸ਼ਤ ਆਪ ਦੇ ਦਿੱਤੀ ਸੀ, ਬਾਕੀ ਕਿਸ਼ਤਾਂ ਤਾਂ ਕੁੜੀ ਵਾਲਿਆਂ ਨੂੰ ਹੀ ਦੇਣੀਆਂ ਸਨ। ਸ਼ਬਨਮ ਨੇ ਜਦੋਂ ਆਪਣੇ ਮੰਮੀ-ਡੈਡੀ ਨੂੰ ਇਸ ਉਲਝਣ ਵਿੱਚ ਉਲਝਿਆ ਦੇਖਿਆ ਤਾਂ ਅਸ਼ੋਕ ਤੋਂ ਇਸ ਸਭ ਕੁਝ ਬਾਰੇ ਪੁੱਛਿਆ।

"ਗੱਲ ਕੁਝ ਵੀ ਨਹੀਂ ਸ਼ਬਨਮ, ਮੈਂ ਹੀ ਚਾਹੁੰਦਾ ਸੀ ਕਿ ਮੇਰੀ ਕੁੜਮਾਈ ਵਿੱਚ ਮੈਨੂੰ ਸਹੁਰਿਆਂ ਵਾਲੋਂ ਕਾਰ ਮਿਲੇ। ਸੋ ਅਸੀਂ ਕਿਸ਼ਤਾਂ ਉਤੇ ਕਾਰ ਲੈ ਕੇ ਚਾਬੀ ਤੇਰੇ ਡੈਡੀ ਦੇ ਹੱਥ ਫੜਾ ਦਿੱਤੀ ਤਾਂ ਕਿ ਲੋਕਾਂ ਸਾਹਮਣੇ ਉਹ ਇਹ ਚਾਬੀ ਮੈਨੂੰ ਸ਼ਗਨ ਵਿੱਚ ਦੇ ਦੇਣ। ਮੇਰੇ ਕਈ ਦੋਸਤਾਂ ਦੇ ਸਹੁਰਿਆਂ ਵਲੋਂ ਵੀ ਦਹੇਜ ਵਿੱਚ ਕਾਰਾਂ ਮਿਲੀਆਂ ਹਨ। ਜੋ ਮੇਰੇ ਫੂਡ ਐਂਡ ਸਪਲਾਈ ਵਿੱਚ ਅਫਸਰ ਹਨ।"

ਅਸ਼ੋਕ ਦੀ ਗੱਲ ਸੁਣ ਕੇ ਸ਼ਬਨਮ ਨੇ ਫਿਰ ਪ੍ਰਸ਼ਨ ਕੀਤਾ, "ਕਾਰ ਹੈ ਕਿੱਥੇ?"

"ਉਹ ਬਾਹਰ ਜੋ ਫੁੱਲਾਂ ਨਾਲ ਸਜੀ ਖੜੀ ਹੈ। ਮੈਂ ਘਰੋਂ ਉਸ ਵਿੱਚ ਹੀ ਤਾਂ ਬੈਠ ਕੇ ਆਇਆ ਹਾਂ।"

ਅਸ਼ੋਕ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਪਿੱਛੋਂ ਸ਼ਬਨਮ ਨੇ ਆਪਣੇ ਗਲੇ ਵਿੱਚ ਪਏ ਫੁੱਲਾਂ ਦੇ ਹਾਰ ਨੂੰ ਤੋੜ ਕੇ ਪੱਤੀ-ਪੱਤੀ ਕਰ ਸੁੱਟਿਆ ਤੇ ਥਾਉਂ ਦੀ ਥਾਉਂ ਖੜੇ ਹੋ ਕੇ ਉਸ ਨੇ ਪੇਕੇ, ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਵਿੱਚ ਐਲਾਨ ਕਰ ਦਿੱਤਾ।

ਇਹ ਸ਼ਾਦੀ ਮੈਨੂੰ ਕਬੂਲ ਨਹੀਂ। ਅਸੀਂ ਇਹ ਰਿਸ਼ਤਾ ਜੋ ਅਜੇ ਜੁੜਿਆ ਵੀ ਨਹੀਂ, ਤੋੜ ਰਹੇ ਹਾਂ..। ਫਿਰ ਉਸ ਨੇ ਆਪਣੇ ਡੈਡੀ ਹੱਥੋਂ ਕਾਰ ਦੀਆਂ ਚਾਬੀਆਂ ਲੈਂਦਿਆਂ ਅਸ਼ੋਕ ਦੇ ਹੱਥ ਵਿੱਚ ਥਮਾ ਦਿੱਤੀਆਂ ਤੇ ਸੈਂਕੜੇ ਲੋਕਾਂ ਦੇ ਸਾਹਮਣੇ ਆਪਣੀ ਉਂਗਲੀ 'ਚੋਂ ਕੁੜਮਾਈ ਦੀ ਰਿੰਗ ਉਤਾਰ ਕੇ ਅਸ਼ੋਕ ਨੂੰ ਫੜਾ ਦਿੱਤੀ ਤੇ ਅਸ਼ੋਕ ਦੀ ਉਂਗਲੀ ਵਿੱਚ ਪਹਿਨੀ ਮੁੰਦਰੀ ਉਸ ਤੋਂ ਉਤਰਵਾ ਲਈ..।

ਇਹ ਸਾਰਾ ਕਾਂਡ ਦੇਖ ਸ਼ਬਨਮ ਦੇ ਪਿਤਾ ਥਰ-ਥਰ ਕੰਬਣ ਲੱਗ ਪਏ। ਉਸ ਦੀ ਮੰਮੀ ਅਤੇ ਹੋਰ ਰਿਸ਼ਤੇਦਾਰ ਵੀ ਘਬਰਾ ਗਏ। ਦੋਵੇਂ ਧਿਰਾਂ ਨਮੋਸ਼ੀ ਦੀ ਪੰਡ ਆਪਣੇ-ਆਪਣੇ ਦਿਲਾਂ ਉਤੇ ਲੈ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ।

ਘਰ ਆ ਕੇ ਸ਼ਬਨਮ ਦੇ ਪਾਪਾ ਤਾਂ ਜਿਵੇਂ ਸੁੰਨ ਹੀ ਹੋ ਗਏ। ਨਾ ਉਹ ਹੁਣ ਕੁਝ ਖਾਂਦੇ-ਪੀਂਦੇ ਸਨ ਤੇ ਨਾ ਹੀ ਕਿਸੇ ਨਾਲ ਕੋਈ ਗੱਲਬਾਤ ਕਰ ਰਹੇ ਸਨ। ਹੁਣ ਸਾਰੇ ਟੱਬਰ ਨੂੰ ਇਕ ਡਰ ਸਤਾਉਣ ਲੱਗਿਆ ਕਿ ਕੋਈ ਅਣਹੋਣੀ ਨਾ ਵਾਪਰ ਜਾਵੇ। ਖਾਸ ਕਰਕੇ ਸ਼ਬਨਮ ਦੀ ਭੂਆ ਬਹੁਤ ਉਦਾਸ ਸੀ, ਜੋ ਆਪਣੇ ਛੋਟੇ ਵੀਰ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੀ ਸੀ। ਉਹ ਹਰ ਹਾਲ ਆਪਣੇ ਵੀਰ ਦੀ ਵੱਡੀ ਉਮਰ ਚਾਹੁੰਦੀ ਸੀ। ਪ੍ਰਮਾਤਮਾ ਅੱਗੇ ਹੱਥ ਜੋੜ ਅਰਦਾਸਾਂ ਕਰਦੀ ਨਹੀਂ ਸੀ ਥੱਕਦੀ। ਉਹ ਚਾਹੁੰਦੀ ਸੀ ਕਿਵੇਂ ਨਾ ਕਿਵੇਂ ਉਸ ਦਾ ਵੀਰ ਇਸ ਸਦਮੇ ਤੋਂ ਬਾਹਰ ਆ ਜਾਵੇ। ਆਰਮੀ ਵਿੱਚ ਬਤੌਰ ਨਰਸ ਪਿਛਲੇ ਦਸਾਂ ਵਰ੍ਹਿਅ ਤੋਂ ਨੌਕਰੀ ਕਰ ਰਹੀ ਸੀ। ਹਸਪਤਾਲ ਵਿੱਚ ਹੁਣ ਉਸ ਦਾ ਅਹੁਦਾ ਬ੍ਰਿਗੇਡੀਅਰ ਦਾ ਸੀ। ਉਸ ਨੇ ਝਟ ਆਪਣੇ ਇਕ ਸਹਿਯੋਗੀ ਕਰਨਲ ਜਸਬੀਰ ਨੂੰ ਫੋਨ ਕਰਕੇ ਪੁੱਛਿਆ,



"ਜਸਬੀਰ ਤੂੰ ਵਿਆਹ ਕਰਵਾਉਣਾ ਚਾਹੁੰਦਾ ਹੈਂ?"

"ਚਾਹੁੰਦਾ ਤਾਂ ਹਾਂ ਮੈਮ ਪਰ ਅਜੇ ਕੁੜੀ ਹੀ ਕੋਈ ਪਸੰਦ ਨਹੀਂ ਆਉਂਦੀ ਮੇਰੇ ਘਰਦਿਆਂ ਨੂੰ।"

"ਅੱਛਾ, ਮੈਂ ਸੋਮਵਾਰ ਆਪਣੀ ਡਿਊਟੀ ਜੁਆਇਨ ਕਰਾਂਗੀ, ਫਿਰ ਆਪਾਂ ਬਾਕੀ ਗੱਲਾਂ ਕਰਾਂਗੇ।"

ਕਰਨਲ ਜਸਬੀਰ ਬਾਰੇ ਉਸ ਨੇ ਸ਼ਬਨਮ ਨਾਲ ਸਾਰੀ ਗੱਲ ਕਰ ਲਈ। ਜੇ ਉਹ ਮੰਨ ਜਾਵੇ ਤਾਂ ਤੇਰੇ ਵਿਆਹ ਦੀ ਪਹਿਲਾਂ ਵਾਲੀ ਤਰੀਕ ਨੂੰ ਹੀ ਅਸੀਂ ਤੇਰਾ ਆਨੰਦ ਕਾਰਜ ਕਰ ਦਿਆਂਗੇ। ਤੁਸੀਂ ਪੈਲੇਸ ਜੋ ਸ਼ਾਦੀ ਲਈ ਬੁੱਕ ਕੀਤਾ ਸੀ ਤੇ ਹੋਰ ਜੋ ਵੀ ਵਿਆਹ ਦਾ ਅਰੇਂਜਮੈਂਟ ਕੀਤਾ ਹੋਇਆ ਹੈ, ਇਸੇ ਤਰ੍ਹਾਂ ਰਹਿਣ ਦੇਣਾ। ਜੇ ਜਸਬੀਰ ਦੇ ਘਰਦੇ ਮੰਨ ਜਾਣ ਤਾਂ ਤੇਰੀ ਸ਼ਾਦੀ ਅਸੀਂ ਅੱਠ ਮਾਰਚ ਨੂੰ ਤੇਰੇ ਵਿਆਹ ਵਾਲੀ ਤਰੀਕ ਉਤੇ ਹੀ ਕਰ ਦਿਆਂਗੇ। ਮੈਂ ਚਾਹੁੰਦੀ ਹਾਂ ਤੇਰੇ ਪਾਪਾ ਇਸ ਸਦਮੇ ਤੋਂ ਛੇਤੀ ਹੀ ਬਾਹਰ ਆ ਜਾਣ। ਨਾਲੇ ਜਸਬੀਰ ਬਹੁਤ ਅੱਛਾ ਲੜਕਾ ਹੈ। ਮੈਂ ਉਸ ਦੀ ਜਿੰਨੀ ਵੀ ਤਾਰੀਫ ਕਰਾਂ ਓਨੀ ਹੀ ਘੱਟ ਤੇ ਹੈ ਵੀ ਆਪਣੀ ਬਰਾਦਰੀ ਵਿੱਚੋਂ ਹੀ। ਸ਼ਬਨਮ ਨੂੰ ਆਪਣੀ ਭੂਆ ਉਤੇ ਬਹੁਤ ਵਿਸ਼ਵਾਸ ਸੀ। ਇਸ ਲਈ ਉਹ ਜਸਬੀਰ ਨਾਲ ਵਿਆਹ ਕਰਾਉਣ ਲਈ ਪੂਰੀ ਤਰ੍ਹਾਂ ਸਹਿਮਤ ਸੀ।

ਬ੍ਰਿਗੇਡੀਅਰ ਮਨਪ੍ਰੀਤ ਕੌਰ ਨੇ ਜਦੋਂ ਦਿੱਲੀ ਜਾ ਕੇ ਆਪਣੀ ਡਿਊਟੀ ਜੁਆਇਨ ਕੀਤੀ ਤਾਂ ਸਭ ਤੋਂ ਪਹਿਲਾਂ ਕਰਨਲ ਜਸਬੀਰ ਨਾਲ ਸਾਰੀ ਗੱਲ ਕੀਤੀ ਕਿ ਕੁੜੀ ਬਹੁਤ ਸੋਹਣੀ-ਸੁਨੱਖੀ ਹੈ ਅਤੇ ਐਫ ਐਮ ਰੇਡੀਓ ਉਤੇ ਪਿਛਲੇ ਪੰਜ ਵਰ੍ਹਿਆਂ ਤੋਂ ਅਨਾਊਂਸਰ ਲੱਗੀ ਹੋਈ ਹੈ। ਐ ਲੈ ਉਸ ਦੀ ਤਸਵੀਰ ਆਪਣੇ ਮਾਪਿਆਂ ਨੂੰ ਦਿਖਾ ਦੇ ਕੁੜੀ ਤੇਰੇ ਨਾਲ ਬਹੁਤ ਫੱਬੇਗੀ।

ਜਸਬੀਰ ਨੇ ਬ੍ਰਿਗੇਡੀਅਰ ਮਨਪ੍ਰੀਤ ਤੋਂ ਤਸਵੀਰ ਲੈਂਦਿਆਂ ਉਸ ਵੱਲ ਤੱਕਿਆ। ਕੁੜੀ ਦੇ ਨੈਣ-ਨਕਸ਼ ਭੂਆ ਨਾਲ ਕਾਫੀ ਮਿਲਦੇ ਲੱਗੇ। ਭੂਆ ਮਨਪ੍ਰੀਤ ਨੇ ਅਜੇ ਤੱਕ ਸ਼ਾਦੀ ਨਹੀਂ ਸੀ ਕੀਤੀ। ਜਦ ਕਿ ਸਾਰੇ ਹਸਪਤਾਲ ਦੀਆਂ ਨਰਸਾਂ 'ਚੋਂ ਉਹ ਸਭ ਤੋਂ ਸੋਹਣੀ ਸੀ। ਉਹ ਚਾਹੁੰਦੀ ਸੀ ਕਿ ਮੇਰੇ ਵੀਰ ਦੇ ਸਿਰ ਚਾਰ-ਚਾਰ ਧੀਆਂ ਦੀ ਜ਼ਿੰਮੇਵਾਰੀ ਹੈ, ਪਹਿਲਾਂ ਮੈਂ ਇਸ ਦਾ ਬੋਝ ਕੁਝ ਹਲਕਾ ਕਰ ਲਵਾਂ। ਫਿਰ ਆਪਣੇ ਬਾਰੇ ਸੋਚਾਂਗੀ।

ਕਰਨਲ ਜਸਬੀਰ ਨੇ ਤਸਵੀਰ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਕਿ ਕੁੜੀ ਕਾਫੀ ਸੁਨੱਖੀ ਹੈ। ਫਿਰ ਉਸ ਨੇ ਇਕ ਨਜ਼ਰ ਆਪਣੇ ਉਤੇ ਵੀ ਪਾਈ। ਉਸ ਨੂੰ ਲੱਗਿਆ ਕਿ ਲੱਗਦਾ ਇਉਂ ਹੈ ਕਿ ਸਾਡੀ ਜੋੜੀ ਖੂਬ ਜਚੇਗੀ। ਉਸ ਨੇ ਝੱਟ ਕੰਪਿਊਟਰ ਉਤੇ ਸ਼ਬਨਮ ਦੀ ਫੋਟੋ ਆਪਣੀ ਵੱਡੀ ਭੈਣ ਜਸਵੰਤ ਨੂੰ ਭੇਜ ਦਿੱਤੀ, ਕਿਉਂਕਿ ਜਸਬੀਰ ਦੇ ਪਰਿਵਾਰ ਵਿੱਚ ਜਸਵੰਤ ਭੈਣ ਦੀ ਗੱਲ ਕੋਈ ਨਹੀਂ ਸੀ ਮੋੜਦਾ।

ਜਸਵੰਤ ਕੌਰ ਨੇ ਜਦੋਂ ਸ਼ਬਨਮ ਦੀ ਤਸਵੀਰ ਦੇਖੀ ਤਾਂ ਜਿਵੇਂ ਉਹ ਤਾਂ ਮੰਤਰ-ਮੁਗਧ ਹੀ ਹੋ ਗਈ। ਲੰਬਾ ਸਰੂ ਦੇ ਬੂਟੇ ਵਰਗਾ ਕੱਦ। ਲੰਬੇ ਕੇਸ, ਨੈਣ-ਨਕਸ਼ ਵੀ ਬਹੁਤ ਪਿਆਰੇ ਲੱਗੇ ਸ਼ਬਨਮ ਦੇ ਜਸਵੰਤ ਕੌਰ ਨੂੰ। ਜਸਬੀਰ ਜਾਣਦਾ ਸੀ ਕਿ ਜੇ ਜਸਵੰਤ ਭੈਣ ਨੂੰ ਕੁੜੀ ਜਚ ਗਈ ਤਾਂ ਉਸ ਦੇ ਬੇਬੇ, ਬਾਪੂ ਰਿਸ਼ਤਾ ਲੈਣ ਵਿੱਚ ਢਿੱਲ ਨਹੀਂ ਕਰਨਗੇ।

ਜਸਵੰਤ ਕੌਰ ਨੇ ਸ਼ਬਨਮ ਦੀ ਤਸਵੀਰ ਆਪਣੀ ਧੀ ਸਤਵੰਤ ਨੂੰ ਦਿਖਾਉਣ ਪਿੱਛੋਂ ਆਪਣੇ ਪਤੀ ਪ੍ਰੀਤਮ ਸਿੰਘ ਨੂੰ ਵੀ ਦਿਖਾਈ ਤੇ ਸਾਰੇ ਪਰਿਵਾਰ ਦਾ ਪਿਛੋਕੜ ਵੀ ਪ੍ਰੀਤਮ ਸਿੰਘ ਨੂੰ ਦੱਸਿਆ। ਸਾਰੀ ਗੱਲਬਾਤ ਪਿੱਛੋਂ ਪ੍ਰੀਤਮ ਸਿੰਘ ਨੇ ਸੌ ਦੀ ਇਕੋ ਕਹਿ ਸੁਣਾਈ ਕਿ ਚੰਗੇ ਕੰਮ ਵਿੱਚ ਢਿੱਲ ਨਹੀਂ ਕਰਨੀ ਚਾਹੀਦੀ। ਇਹ ਗੱਲ ਤਾਂ ਜਿਵੇਂ ਪ੍ਰੀਤਮ ਸਿੰਘ ਨੇ ਜਸਵੰਤ ਕੌਰ ਦੇ ਦਿਲ ਦੀ ਹੀ ਕਹਿ ਦਿੱਤੀ ਸੀ।

ਜਸਵੰਤ ਕੌਰ ਨੇ ਫੋਨ ਉਤੇ ਮਨਪ੍ਰੀਤ ਨਾਲ ਸਾਰੀ ਗੱਲ ਖੋਲ੍ਹ ਲਈ ਤੇ ਮਨਪ੍ਰੀਤ ਨੇ ਜਸਵੰਤ ਕੌਰ ਨੂੰ ਸ਼ਬਨਮ ਦੇ ਟੁੱਟ ਚੁੱਕੇ ਰਿਸ਼ਤੇ ਬਾਰੇ ਸੱਚ-ਸੱਚ ਸਭ ਕੁਝ ਦੱਸ ਦਿੱਤਾ ਤਾਂ ਕਿ ਕਿਸੇ ਗੱਲ ਦਾ ਕੋਈ ਲੁਕੋ-ਛੁਪੋ ਨਾ ਰਹਿ ਜਾਵੇ। ਇਥੋਂ ਤੱਕ ਕਿ ਟੈਲੀਫੋਨ ਉਤੇ ਜਸਵੰਤ ਕੌਰ ਨਾਲ ਸ਼ਬਨਮ ਦੀ ਗੱਲ ਵੀ ਕਰਵਾ ਦਿੱਤੀ।

ਹੁਣ ਸ਼ਬਨਮ ਖੁਸ਼ ਸੀ। ਉਸ ਦੇ ਮਾਪਿਆਂ ਦੀ ਲਾਜ ਵੀ ਰਹਿ ਜਣੀ ਸੀ। ਮੁੰਡਾ ਵੀ ਪਹਿਲੇ ਮੁੰਡੇ ਨਾਲੋਂ ਚੰਗਾ ਮਿਲ ਗਿਆ ਸੀ। ਮਨਪ੍ਰੀਤ ਦੇ ਭਰਾ ਨੇ ਮੈਰਿਜ ਪੈਲੇਸ ਵਾਲਿਆਂ ਨੂੰ ਅਤੇ ਖਾਣੇ ਵਾਲਿਆਂ ਨੂੰ ਸਾਈ ਪਹਿਲੋਂ ਹੀ ਫੜਾਈ ਹੋਈ ਸੀ। ਸਭ ਕੁਝ ਪਿਛਲੀ ਮਿਥੀ ਤਰੀਕ ਉਤੇ ਕਰਨਾ ਹੀ ਉਹ ਮੰਨ ਗਏ ਸਨ। ਕਰਨਲ ਜਸਬੀਰ ਸਿੰਘ ਦੇ ਮਾਤਾ-ਪਿਤਾ ਭਲੇ ਬੰਦੇ ਸਨ।

ਮਨਪ੍ਰੀਤ ਨੇ ਆਪਣੇ ਭਰਾ ਦੀ ਸੁੱਖ ਮਨਾਉਂਦਿਆਂ ਵਿਆਹ ਦੀ ਸਾਰੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਕੇ ਦੂਜੀ ਵਾਰ ਕਾਜ ਆਰੰਭ ਕਰਨ ਲਈ ਆਪਣੀ ਪੂਰੀ ਵਾਹ ਲਾ ਛੱਡੀ ਸੀ। ਸ਼ਬਨਮ ਦੇ ਚਿਹਰੇ ਉਤੇ ਵੀ ਖੇੜਾ ਆ ਗਿਆ ਸੀ। ਉਸ ਦਾ ਡੈਡੀ ਵੀ ਇਸ ਨਵੇਂ ਰਿਸ਼ਤੇ ਅਤੇ ਜਸਬੀਰ ਬਾਰੇ ਜਾਣ ਕੇ ਹੁਣ ਖੁਸ਼ ਨਜ਼ਰ ਆ ਰਿਹਾ ਸੀ।

ਮਨਪ੍ਰੀਤ ਸਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਪੱਲਿਓਂ ਪੈਸੇ ਖਰਚਣ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੀ। ਸ਼ੁੱਕਰਵਾਰ ਨੂੰ ਘਰ ਵਿੱਚ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੋਵਾਂ ਧਿਰਾਂ ਵੱਲੋਂ ਪੱਕੀ ਕਰਕੇ ਸੋਮਵਾਰ ਵਾਲੇ ਦਿਨ ਬਰਾਤ ਕੁੜੀ ਵਾਲਿਆਂ ਦੇ ਘਰ ਢੁਕਣੀ ਸੀ।

ਸ਼ਬਨਮ ਬੇਹੱਦ ਖੁਸ਼ ਸੀ। ਉਸ ਦਾ ਪਿਤਾ ਵੀ ਬੇਟੀ ਦੀ ਸ਼ਾਦੀ ਵਿੱਚ ਖੁਸ਼ ਨਜ਼ਰ ਆ ਰਿਹਾ ਸੀ, ਪਰ ਉਸ ਦੀ ਮੰਮੀ ਦੇ ਚਿਹਰੇ ਉਤੇ ਵਿਆਹ ਦੀ ਖੁਸ਼ੀ ਦੇ ਕੋਈ ਹਾਵ-ਭਾਵ ਨਹੀਂ ਸਨ ਨਜ਼ਰ ਆ ਰਹੇ। ਇਹ ਸਭ ਦੇਖ ਸ਼ਬਨਮ ਨੇ ਆਪਣੀ ਮੰਮੀ ਨੂੰ ਪੁੱਛਿਆ।

"ਮੰਮੀ ਜੀ ਤੁਸੀਂ ਖੁਸ਼ ਨਹੀਂ ਇਸ ਸ਼ਾਦੀ ਤੋਂ?"

ਉਸ ਦੀ ਮੰਮੀ ਨੇ ਸ਼ਬਨਮ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸ਼ਬਨਮ ਨੇ ਫਿਰ ਪਿਆਰ ਜਿਹੇ ਵਿੱਚ ਆ ਕੇ ਪੁੱਛਿਆ, "ਮੰਮੀ ਤੁਹਾਨੂੰ ਕਰਨਲ ਜਸਬੀਰ ਪਸੰਦ ਨਹੀਂ?"

"ਮੈਂ ਕੌਣ ਹੁੰਦੀ ਹਾਂ ਪਸੰਦ, ਨਾ-ਪਸੰਦ ਬਾਰੇ ਕੁਝ ਕਹਿਣ ਵਾਲੀ।"

ਸ਼ਬਨਮ ਆਪਣੀ ਮੰਮੀ ਦੇ ਚਿਹਰੇ ਉਤਲੀ ਮਾਯੂਸੀ ਦਾ ਕਾਰਨ ਸਮਝ ਨਾ ਸਕੀ।

"ਮੰਮੀ ਕੋਈ ਗੱਲ ਤਾਂ ਮੈਨੂੰ ਦੱਸੋ। ਜਸਬੀਰ ਦੇ ਮਾਪਿਆਂ ਦੀ ਤਾਂ ਕੋਈ 'ਮੰਗ' ਵੀ ਨਹੀਂ। ਫਿਰ ਉਸੇ ਤਰੀਕ ਨੂੰ ਵਿਆਹ ਕਰਨਾ ਵੀ ਜਸਬੀਰ ਨੇ ਕਬੂਲ ਕਰ ਲਿਆ। ਉਨ੍ਹਾਂ ਨੇ ਸਾਡਾ ਕਿੰਨਾ ਖਰਚਾ ਬਚਾ ਦਿੱਤਾ ਹੈ। ਇਹ ਸਭ ਭੂਆ ਜੀ ਦੀ ਮਿਹਰਬਾਨੀ ਨਾਲ ਹੀ ਹੋ ਸਕਿਆ ਹੈ। ਹੁਣ ਤੁਸੀਂ ਕਿਉਂ ਇਸ ਰਿਸ਼ਤੇ ਵਿੱਚ ਖੁਸ਼ ਨਹੀਂ ਹੋ?"

"ਮੈਂ ਕੀ ਦੱਸਾਂ ਸ਼ਬੋ, ਮੈਨੂੰ ਪੁੱਛਦਾ ਹੀ ਕੌਣ ਹੈ? ਸ਼ਬਨਮ ਦੀ ਮੰਮੀ ਬਹੁਤ ਪ੍ਰੇਸ਼ਾਨ ਸੀ।

"ਸ਼ਬੋ ਜੋ ਕੁਝ ਹੈ ਤੇਰੀ ਭੂਆ ਹੀ ਹੈ। ਤੇਰਾ ਡੈਡੀ ਤਾਂ ਉਸ ਦੇ ਕਹੇ ਹੀ ਚੱਲਦਾ ਹੈ। ਸਭ ਕੁਝ ਉਹੀ ਕਰਦੀ ਹੈ।"

"ਚੰਗੀ ਗੱਲ ਵਿੱਚ ਤਾਂ ਚੱਲਣਾ ਬਣਦਾ ਹੀ ਹੈ ਮੰਮੀ ਜੀ, ਨਾਲੇ ਦਹੇਜ ਦੇ ਲੋਭੀਆਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਧੀਆਂ ਵਿਕਾਊ ਨਹੀਂ ਹੁੰਦੀਆਂ। ਜੋ ਉਹ ਮੁੰਡਾ ਫੂਡ ਐਂਡ ਸਪਲਾਈ ਵਿੱਚ ਲੱਗਿਆ ਹੋਇਆ ਸੀ ਤਾਂ ਮੈਂ ਵੀ ਪਿਛਲੇ ਪੰਜਾਂ ਸਾਲਾਂ ਤੋਂ ਮੀਡੀਆ ਦੇ ਕੰਮ ਨਾਲ ਜੁੜੀ ਹੋਈ ਹਾਂ। ਉਸ ਤੋਂ ਘੱਟ ਨਹੀਂ ਕਮਾਉਂਦੀ ਸੀ।"

"ਪਰ ਤੇਰੀ ਨਾਰਾਜ਼ਗੀ ਭੂਆ ਨਾਲ ਕਿਉਂ ਹੈ। ਇਹ ਗੱਲ ਮੇਰੀ ਸਮਝ ਤੋਂ ਬਾਹਰ ਦੀ ਹੈ ਮੰਮੀ।"

"ਮੇਰੀ ਨਾਰਾਜ਼ਗੀ ਇਹ ਹੈ ਸ਼ਬੋ ਕਿ ਸ਼ੁਰੂ ਤੋਂ ਹੀ ਤੇਰੀ ਭੂਆ ਨੇ ਸਾਡੀ ਜ਼ਿੰਦਗੀ ਵਿੱਚ ਦਖਲ ਦਿੱਤਾ ਹੈ। ਤੇਰਾ ਪਿਓ ਲਾਈਲੱਗ ਅੱਜ ਤੱਕ ਉਸੇ ਦੀ ਸੁਣਦਾ ਆ ਰਿਹਾ ਹੈ। ਮੈਂ ਜਿਵੇਂ ਘਰ ਵਿੱਚ ਕੁਝ ਵੀ ਨਹੀਂ। ਮੈਂ ਜਨਮ ਦਿੱਤਾ ਹੈ ਤੈਨੂੰ। ਮੈਨੂੰ ਵੀ ਪੁੱਛ ਲੈਣਾ ਚਾਹੀਦਾ ਸੀ।" ਇਹ ਕਹਿੰਦੀ ਹੋਈ ਸ਼ਬਨਮ ਦੀ ਮੰਮੀ ਟਪ-ਟਪ ਹੰਝੂ ਕੇਰਨ ਲੱਗ ਪਈ।

ਮਾਂ ਦੀ ਗੱਲ ਸੁਣ ਕੇ ਸ਼ਬਨਮ ਨੇ ਮਾਂ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। "ਮੰਮੀ ਅਸਲ ਵਿੱਚ ਮੇਰੀ ਮਾਂ ਤਾਂ ਤੂੰ ਹੀ ਰਹਿਣਾ ਹੈ। ਭੂਆ ਤਾਂ ਭੂਆ ਹੀ ਹੈ। ਮੇਰਾ ਰਿਸ਼ਤਾ ਜਸਬੀਰ ਨਾਲ ਕਰਵਾ ਕੇ ਇਸ ਨੇ ਸਾਡਾ ਭਲਾ ਹੀ ਕੀਤਾ ਹੈ। ਬੁਰਾ ਤਾਂ ਕੁਝ ਨਹੀਂ ਕੀਤਾ। ਹੁਣ ਤੂੰ ਵਿਆਹ ਵਿੱਚ ਰੁਕਾਵਟ ਨਾ ਪਾ। ਮੈਂ ਭੂਆ ਨੂੰ ਕਹੂੰਗੀ ਕਿ ਉਹ ਤੇਰੇ ਕੋਲੋਂ ਮੁਆਫੀ ਮੰਗ ਲਵੇ।"

"ਠੀਕ ਹੈ ਸ਼ਬੋ ਮੇਰੀ ਗੱਲ ਧਿਆਨ ਨਾਲ ਸੁਣ। ਮੇਰੀ ਇਕ ਸ਼ਰਤ ਹੋਰ ਹੈ। ਮੈਂ ਇਹ ਵਿਆਹ ਜਸਬੀਰ ਨਾਲ ਤਾਂ ਹੋਣ ਦੇਵਾਂਗੀ ਜੇ ਤੇਰੀ ਭੂਆ ਮੁੜ ਮੇਰੇ ਘਰ ਪੈਰ ਨਾ ਪਾਉਣ ਦੀ ਸਹੁੰ ਖਾਵੇ। ਇਹ ਗੱਲ ਨੂੰ ਆਪਣੇ ਡੈਡੀ ਨੂੰ ਵੀ ਸਾਫ-ਸਾਫ ਕਹਿ ਦੇਵੀਂ।"

ਆਪਣੀ ਮਾਂ ਦੀਆਂ ਬੇਵਕੂਫੀ ਵਾਲੀਆਂ ਗੱਲਾਂ ਸੁਣ, ਜਿਵੇਂ ਸ਼ਬਨਮ ਰੋਣ-ਹਾਕੀ ਹੋ ਗਈ ਸੀ। ਆਖਿਰ ਉਸ ਦੀ ਭੂਆ ਨੇ ਮਾੜਾ ਕੀ ਕੀਤਾ ਸੀ? ਇਕ ਤਾਂ ਆਪਣੀ ਜ਼ਿੰਮੇਵਾਰੀ ਉਤੇ ਉਸ ਨੇ ਪੁਰਾਣੀ ਤਰੀਕ ਉਤੇ ਹੀ ਵਿਆਹ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ, ਦੂਜਾ ਕਰਨਲ ਜਸਬੀਰ, ਅਸ਼ੋਕ ਤੋਂ ਕਿਤੇ ਵੱਧ ਕਾਬਲੀਅਤ ਵਾਲਾ ਅਤੇ ਬਾਂਕਾ-ਗੱਭਰੂ ਹੈ। ਫਿਰ ਮੇਰੀ ਮੰਮੀ?

ਸਾਰੀ ਰਾਤ ਸ਼ਬਨਮ ਆਪਣੇ ਪਲੰਘ ਉਤੇ ਇਕੱਲੀ-ਕਾਰੀ ਲੇਟੀ ਇਹੀ ਸੋਚਦੀ ਰਹੀ ਕਿ ਸੰਸਾਰ ਭਰ ਵਿੱਚ ਸੱਸ-ਨੂੰਹ, ਦਰਾਣੀ-ਜਠਾਣੀ, ਨਨਦ-ਭਰਜਾਈ ਅਤੇ ਸਹੁਰੇ ਪਰਿਵਾਰ ਨਾਲ ਰਿਸ਼ਤੇ ਐਨੇ ਕੌੜੇ ਕਿਉਂ ਹੁੰਦੇ ਹਨ। ਉਸ ਦੀ ਸਮਝ ਵਿੱਚ ਕੁਝ ਵੀ ਨਹੀਂ ਸੀ ਆ ਰਿਹਾ।

# ਜੀਐੱਮ ਜੀਵ: ਜ਼ਹਿਰ ਜਾਂ ਵਰਦਾਨ

ਮੈਡੀਕਲ ਅਤੇ ਲੱਗਭੱਗ ਹਰ ਖੇਤਰ ਵਿਚ ਮੱਲਾਂ ਮਾਰਦਾ ਹੈ ਪਰ ਇਸ ਸਨਅਤੀ ਪੈਦਾਵਾਰ ਦੇ ਯੁੱਗ ਜਿਸ ਨੂੰ ਸਰਮਾਏਦਾਰੀ ਕਿਹਾ ਜਾਂਦਾ ਹੈ, ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਅਧੀਨ ਜੋ ਵੀ ਵਸਤ ਪੈਦਾ ਕੀਤੀ ਜਾਂਦੀ ਹੈ, ਜਿਣਸ ਹੁੰਦੀ ਹੈ ਜਿਸ ਨੇ ਮੰਡੀ ਵਿਚ ਵਿਕਣਾ ਹੁੰਦਾ ਹੈ ਅਤੇ ਸਰਮਾਏਦਾਰ ਉਸ ਨੂੰ ਵੇਚ ਕੇ ਲਾਭ ਕਮਾਉਂਦਾ ਹੈ। ਇਸ ਪੈਦਾਵਾਰ ਦੀਆਂ ਦੋ ਵੱਡੀਆਂ ਕਮੀਆਂ ਹਨ ਜੋ ਸਮਾਜਿਕ ਤਾਣ-ਬਾਣੇ ਨੂੰ ਉਲਝਾਂ ਦਿੰਦੀਆਂ ਹਨ: ਪਹਿਲੀ, ਪੈਦਾਵਾਰ ਉੱਤੇ ਕੋਈ ਲਗਾਮ ਨਹੀਂ ਜਿਸ ਨਾਲ ਪੈਦਾਵਾਰ ਦੇ ਖੇਤਰ ਵਿਚ ਅਰਾਜਕਤਾ ਫੈਲਦੀ ਹੈ; ਦੂਜੀ, ਸਰਮਾਏਦਾਰ ਲਈ ਪੈਦਾ ਕੀਤੀ ਹਰ ਜਿਣਸ ਮੁਨਾਫੇ ਦੇ ਸਾਧਨ ਤੱਕ ਸੀਮਤ ਹੋ ਜਾਂਦੀ ਹੈ। ਮਤਲਬ, ਪੈਦਾਵਾਰ ਵਧਾਉਣ ਲਈ ਕਿਸਾਨ ਫਸਲ ਨੂੰ ਕੀਟਨਾਸ਼ਕਾਂ ਨਾਲ ਲੱਦ ਸਕਦਾ ਹੈ ਜੋ ਖਾਣ ਵਾਲੇ ਦੀ ਥਾਲੀ ਵਿਚ ਜ਼ਹਿਰ ਵਾਂਗ ਪਰੋਸੇ ਜਾਂਦੇ ਹਨ। ਸਰਮਾਏਦਾਰਾ ਪੈਦਾਵਾਰ ਦੀ ਅਰਾਜਕਤਾ ਮਨੁੱਖ ਨੂੰ ਮਾਨਸਿਕ ਤੌਰ 'ਤੇ ਝੰਬਦੀ ਹੈ ਜਿਸ ਵਿਚ ਮਨੁੱਖ ਆਪਣਾ ਸਕੂਨ ਤੱਕ ਗੁਆ ਦਿੰਦਾ ਹੈ। ਸਰਮਾਏਦਾਰਾ ਪੈਦਾਵਾਰ ਮਿਲਾਵਟ ਅਤੇ ਜ਼ਹਿਰਪਰੋਸੀ ਦੀ ਸ਼ਿਕਾਰ ਹੈ।

ਕੀ ਜੀਐੱਮ ਫਸਲਾਂ ਸਿਹਤ ਲਈ ਖ਼ਤਰਨਾਕ ਹਨ?

ਇਹ ਸਵਾਲ ਬਹੁਤ ਜਾਇਜ਼ ਹੈ ਪਰ ਇਸ ਪਿੱਛੇ ਕੁਝ ਹੋਰ ਹੈ ਜੋ ਖ਼ਤਰਨਾਕ ਹੈ। ਵਿਗਿਆਨਕ ਖੋਜਾਂ ਨਾਲ ਦੋਵੇਂ ਰੁਝਾਨ ਜੁੜੇ ਹੁੰਦੇ ਹਨ। ਇਹ ਮਨੁੱਖ ਅਤੇ ਕੁਦਰਤ ਲਈ ਫਾਇਦੇਮੰਦ ਵੀ ਹੁੰਦੀਆਂ ਹਨ ਤੇ ਨੁਕਸਾਨਦਾਇਕ ਵੀ। ਕਿਸੇ ਖੋਜ ਵਿਚ ਜੋ ਵੀ ਨੁਕਸਾਨਦਾਇਕ ਹੈ, ਉਸ ਨੂੰ ਖ਼ਤਮ ਕਰਨਾ ਜਾਂ ਘਟਾਉਣਾ ਹੁੰਦਾ ਹੈ ਅਤੇ ਜੋ ਫਾਇਦੇਮੰਦ ਹੁੰਦਾ ਹੈ, ਉਸ ਨੂੰ ਅੱਗੇ ਵਧਾਉਣਾ ਹੁੰਦਾ ਹੈ। ਜੀਐੱਮਓ ਵਿਚ ਵੀ ਦੋਵੇਂ ਤਰ੍ਹਾਂ ਦੇ ਅੰਗ ਦੇਖਣ ਨੂੰ ਮਿਲੇ ਹਨ। ਸੁਨਹਿਰੀ ਚੌਲ (golden rice) ਜਿਸ ਦਾ ਜ਼ਿਕਰ ਉੱਪਰ ਆਇਆ ਹੈ, ਇਸ ਲਈ ਤਿਆਰ ਕੀਤੇ ਗਏ ਸੀ ਤਾਂ ਕਿ ਆਮ ਲੋਕਾਂ ਨੂੰ ਵਿਟਾਮਿਨ ਵਾਲੀ ਖ਼ੁਰਾਕ ਮਿਲ ਸਕੇ ਪਰ ਜਦੋਂ ਇਹ ਚੌਲ ਤਿਆਰ ਹੋ ਗਏ ਤਾਂ ਇਸ ਦੀ ਕੀਮਤ ਗਰੀਬ ਆਬਾਦੀ ਦੀ ਪਹੁੰਚ ਤੋਂ ਬਾਹਰ ਸੀ। ਇਸ ਨੂੰ ਉਹੀ ਖਾ ਸਕਦੇ ਹਨ ਜਿਨ੍ਹਾਂ ਕੋਲ ਪੈਸਾ ਹੈ ਪਰ ਇਹ ਜੀਐੱਮਓ ਫਸਲਾਂ ਵਿਚ ਪ੍ਰਾਪਤੀ ਹੈ ਕਿ ਜਿਸ ਫਸਲ ਵਿਚ ਵਿਟਾਮਿਨ ਏ ਨਹੀਂ ਸੀ, ਉਹ ਹੁਣ ਵਿਟਾਮਿਨ ਏ ਪੈਦਾ ਕਰ ਰਹੀ ਹੈ।

ਸਭ ਤੋਂ ਪਹਿਲੀ ਜੀਐੱਮਓ ਫਸਲ ਟਮਾਟਰ ਸੀ ਜਿਸ ਨੂੰ ਫਲਾਵਰ ਸਾਵਰ (flavr savr) ਟਮਾਟਰ ਕਿਹਾ ਜਾਂਦਾ ਹੈ ਇਸ ਵਿਚ ਜੋ ਬਦਲਾਉ ਕੀਤੇ ਗਏ ਸਨ, ਉਹ ਇਸ ਪ੍ਰਕਾਰ ਸਨ: ਜਦੋਂ ਕੋਈ ਵੀ ਫਲ ਪੱਕਦਾ ਹੈ ਤਾਂ ਇਸ ਦੇ ਪ੍ਰੋਟੀਨ ਐਨਜ਼ਾਈਮ ਇਸ ਦੇ ਸੈੱਲਾਂ ਨੂੰ ਤੋੜਨਾ ਸ਼ੁਰੂ ਕਰ ਦਿੰਦੇ ਹਨ, ਸੈੱਲਾਂ ਦੀ ਬਾਹਰੀ ਕੰਧ ਟੁੱਟਣ ਨਾਲ ਫਲ ਪੋਲਾ ਅਤੇ ਨਰਮ ਹੋ ਜਾਂਦਾ ਹੈ ਪਰ ਟਮਾਟਰ ਵਿਚਲੇ ਇਸ ਦੇ ਜੀਨ ਬਦਲਣ ਤੋਂ ਬਾਅਦ ਇਹ ਐਨਜ਼ਾਈਮ ਬਣਨੋਂ ਹਟ ਗਏ ਅਤੇ ਟਮਾਟਰ ਪੋਲਾ ਹੋਣ ਦੀ ਥਾਂ ਆਮ ਵਰਗਾ ਹੀ ਰਹਿੰਦਾ ਹੈ ਜਿਸ ਨਾਲ ਇਸ ਦੀ ਵਰਤੋਂ ਤੇ ਆਵਾਜਾਈ ਸੁਖਾਲੀ ਹੋ ਗਈ। ਜੇ ਕਪਾਹ (BT Cotton) ਦੀ ਗੱਲ ਕਰੀਏ ਜਿਸ ਵਿਚ ਅਜਿਹਾ ਜੀਨ ਪਾਇਆ ਗਿਆ ਜਿਸ ਨਾਲ ਜ਼ਹਿਰੀਲਾ ਪ੍ਰੋਟੀਨ ਤਿਆਰ ਹੁੰਦਾ ਹੈ ਅਤੇ ਜਦੋਂ ਇਸ ਨੂੰ ਕੀੜੇ-ਮਕੌੜੇ ਖਾਂਦੇ ਹਨ ਤਾਂ ਮਰ ਜਾਂਦੇ ਹਨ। ਇਸ ਨਾਲ ਇਹ ਦੇਖਿਆ ਗਿਆ ਕਿ ਇਸ ਦੇ ਮਨੁੱਖੀ ਸਿਹਤ ਉੱਤੇ ਵੀ ਮਾੜੇ ਅਸਰ ਹੁੰਦੇ ਹਨ ਜੋ ਅਜੇ ਚਰਚਾ ਦਾ ਵਿਸ਼ਾ ਹੈ। ਉਂਝ, ਸਵਾਲ ਹੈ ਕਿ ਜੇ ਇਹ ਖ਼ਤਰਨਾਕ ਹੈ ਤਾਂ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਨੂੰ ਬੰਦ ਕਰਨ ਦੇ ਨੁਕਸਾਨ ਮੋਨਸੈਂਟੋ ਕੰਪਨੀ ਨੂੰ ਹੋਣੇ ਹਨ ਅਤੇ ਇਹ ਇਸ ਨੂੰ ਬੰਦ ਨਹੀਂ ਹੋਣ ਦੇਣਾ ਚਾਹੁੰਦੀ। ਅਨੁਵੰਸ਼ਕੀ ਸੋਧ ਵਿਚ ਵੀ ਅਜਿਹੀਆਂ ਫਸਲਾਂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜੋ ਕੀਟਨਾਸ਼ਕ-ਪ੍ਰਤੀਰੋਧੀ ਹੋਣ; ਮਤਲਬ, ਅਜਿਹੀਆਂ ਫਸਲਾਂ ਜਿਨ੍ਹਾਂ ਨੂੰ ਕੀਟਨਾਸ਼ਕਾਂ ਦਾ ਅਸਰ ਨਾ ਹੋਵੇ ਪਰ ਇਹ ਕੁਦਰਤ ਦੇ ਦਵੰਦਵਾਦ ਨੂੰ ਅੱਖੋਂ ਓਹਲੇ ਕਰਨ ਦੀ ਕੋਸ਼ਿਸ਼ ਸੀ ਜੋ ਨਾਕਾਮ ਸਾਬਿਤ ਹੋਈ। ਵਿਗਾਸ ਦਾ ਸਿਧਾਂਤ ਇਹ ਪ੍ਰੋੜਤਾ ਕਰਦਾ ਹੈ ਕਿ ਜੀਵ ਬਦਲਦੇ ਹੋਏ ਵਾਤਾਵਰਨ ਨਾਲ ਆਪਣੇ ਆਪ ਨੂੰ ਬਦਲ ਲੈਂਦੇ ਹਨ। ਇਹ ਕੀਟ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਨਾਲ ਲੜਨ ਲਈ ਵਿਕਸਤ ਹੋ ਗਏ ਅਤੇ ਨਵੀਆਂ ਪੀੜ੍ਹੀਆਂ ਵਿਚ ਇਹ ਕੀਟਨਾਸ਼ਕਾਂ ਬੇਅਸਰ ਹੋ ਗਈਆਂ। ਫਿਰ ਇਹਨਾਂ ਦੀ ਮਾਤਰਾ ਵਧਾਉਣੀ ਪਈ ਪਰ ਕਿੰਨੀ ਕੁ ਮਾਤਰਾ ਵਧਾਈ ਜਾਵੇ? ਇਹਨਾਂ ਕੀਟਾਂ ਨੇ ਫਿਰ ਤੋਂ ਵਿਕਸਤ ਹੋ ਜਾਣਾ ਹੈ। ਇਸ ਲਈ ਇਸ ਅਨੁਵੰਸ਼ਕੀ ਸੋਧ ਨੇ ਕੀਟਨਾਸ਼ਕ-ਪ੍ਰਤੀਰੋਧ ਦੇ ਨਾਮ 'ਤੇ ਖੇਤੀ ਵਿਚ ਜ਼ਹਿਰ ਨੂੰ ਹੁਲਾਰਾ ਦਿੱਤਾ।

ਸਵਾਲ ਹੈ:ਕੀ ਕੀੜੇ-ਮਕੌੜੇ ਖਤਮ ਕੀਤੇ ਜਾ ਸਕਦੇ ਹਨ? ਇਸ ਸਵਾਲ ਦੇ ਦੋ ਪਹਿਲੂ ਹਨ; ਪਹਿਲਾ ਹਾਂ ਜਾਂ ਨਾਂਹ ਜਵਾਬ ਮੰਗਦਾ ਹੈ ਤਾਂ ਇੱਥੇ ਬਿਲਕੁਲ ਨਾਂਹ ਹੈ। ਕੀੜੇ-ਮਕੌੜਿਆਂ ਨੂੰ ਕਦੇ ਵੀ ਖਤਮ ਨਹੀਂ ਕੀਤਾ ਜਾ ਸਕਦਾ। ਦੂਜਾ ਪਹਿਲੂ ਹੈ ਕਿ ਕੀ ਕੀਟਾਂ ਬਿਨਾ ਖੇਤੀ ਹੋ ਸਕਦੀ ਹੈ? ਅੱਜ ਤੱਕ ਮਨੁੱਖ ਜਦੋਂ ਖੇਤੀ ਕਰਦਾ ਆਇਆ ਹੈ ਤਾਂ ਸਾਡੇ ਕਣਕ ਜਾਂ ਹੋਰ ਫਸਲਾਂ ਬੀਜਦੇ ਹੋਏ ਮੁੱਠੀਆਂ ਭਰ ਕੇ ਖੇਤਾਂ ਵਿਚ ਦਾਣੇ ਖਿੰਡਾਏ ਜਾਂਦੇ ਸਨ ਜਿਹਨਾਂ ਨਾਲ ਇਹ ਬੋਲ ਵੀ ਬੋਲੇ ਜਾਂਦੇ ਸਨ ਕਿ ਇੱਕ ਹਿੱਸਾ ਚਿੜੀਆਂ ਦਾ, ਇੱਕ ਹਿੱਸਾ ਕੀੜੇ-ਮਕੌੜਿਆਂ ਦਾ, ਇੱਕ ਹਿੱਸਾ ਪਸ਼ੂਆਂ ਦਾ ਆਦਿ ਪਰ ਅੱਜ ਮੁਨਾਫਾ ਕੇਂਦਰਤ ਖੇਤੀ ਵਿਚ ਅਸੀਂ ਦਾਣਾ ਦਾਣਾ ਮੰਡੀ ਲੈ ਕੇ ਜਾਣਾ ਚਾਹੁੰਦੇ ਹਾਂ ਤਾਂ ਜੋ ਇਸ ਦੀ ਕੀਮਤ ਮਿਲ ਸਕੇ। ਇਸ ਲਈ ਅਸੀਂ ਸਪਰੇਅ ਕਰਦੇ ਹੋਏ ਜੀਵਾਂ ਤੋਂ ਉਹਨਾਂ ਦਾ ਹਿੱਸਾ ਖੋਹ ਰਹੇ ਹਾਂ ਪਰ ਕੁਦਰਤ ਵਿਚ ਦੋ-ਤਰਫਾ ਲੈਣ-ਦੇਣ ਹੈ: ਕੀਟ ਜਦੋਂ ਫਸਲਾਂ ਤੋਂ ਭੋਜਨ ਲੈਂਦੇ ਹਨ ਤਾਂ ਬਦਲੇ ਵਿਚ ਉਹ ਪੌਦਿਆ ਨੂੰ ਪ੍ਰਾਗਣ ਕਰਵਾਉਂਦੇ ਹਨ ਜਿਸ ਤੋਂ ਬਿਨਾ ਬੀਜ ਬਣ ਨਹੀਂ ਸਕਦਾ; ਮਤਲਬ, ਪੌਦਿਆਂ ਦੀ ਕਲਪਨਾ ਕੀਟਾਂ ਬਗੈਰ ਕੀਤੀ ਹੀ ਨਹੀਂ ਜਾ ਸਕਦੀ।

ਅਸੀਂ ਪੜ੍ਹਿਆ ਹੀ ਹੈ ਕਿ ਜੀਐੱਮਓ ਕਪਾਹ (BT Cotton) ਵਿਚ ਕ੍ਰਿਸਟਲ ਪ੍ਰੋਟੀਨ ਹੁੰਦਾ ਹੈ ਜੋ ਕੀਟ ਅੰਦਰ ਜਾ ਕੇ ਉਸ ਨੂੰ ਮਾਰ ਦਿੰਦਾ ਹੈ। ਇਸ ਕਪਾਹ ਨੂੰ ਖਾਣ ਅਤੇ ਪ੍ਰਾਗਣ ਲਈ ਹਰ ਤਰ੍ਹਾਂ ਦੇ ਕੀਟ ਆਉਂਦੇ ਹਨ ਜਿਨ੍ਹਾਂ ਵਿਚ ਤਿਤਲੀਆਂ, ਮਧੂਮੱਖੀਆਂ ਵੀ ਸ਼ਾਮਲ ਹਨ। ਅਸੀਂ ਆਮ ਫਸਲਾਂ ਵੀ ਬੀਜਦੇ ਹਾਂ ਅਤੇ ਉਹਨਾਂ ਉੱਤੇ ਆਉਣ ਵਾਲੇ ਕੀਟਾਂ ਨੂੰ ਕਾਬੂ ਕਰਨ ਲਈ ਕੀਟਨਾਸ਼ਕਾਂ ਦੀ ਸਪਰੇਅ ਕਰਦੇ ਹਾਂ। ਇਹ ਸਪਰੇਅ ਹਰ ਤਰ੍ਹਾਂ ਦੇ ਕੀਟ, ਤਿਤਲੀਆਂ ਅਤੇ ਮਧੂਮੱਖੀਆਂ ਨੂੰ ਮਾਰ ਦਿੰਦੀ ਹੈ। ਪੈਸਟ ਮੈਨੇਜਮੈਂਟ ਦਾ ਕੋਈ ਵੀ ਅਜਿਹਾ ਤਰੀਕਾ ਨਹੀਂ ਹੈ ਜੋ ਸਾਡੀਆਂ ਫਸਲਾਂ ਦੇ ਮਿੱਤਰ ਅਤੇ ਦੁਸ਼ਮਣ ਕੀਟਾਂ ਵਿਚ ਫਰਕ ਕਰ ਸਕੇ। ਇਹਨਾਂ ਕੀਟਾਂ ਨੂੰ ਬਚਾਉਣ ਲਈ ਪੈਦਾਵਾਰ ਦੇ ਢੰਗ ਬਦਲਣ ਦੀ ਲੋੜ ਹੈ ਅਤੇ ਜੇ ਬੀਟੀ ਕਪਾਹ ਇਸ ਲਈ ਜ਼ਿੰਮੇਵਾਰ ਹੈ ਤਾਂ ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਜੇ ਪੈਦਾਵਾਰ ਦਾ ਢੰਗ ਹੀ ਅਰਾਜਕ ਹੋਵੇ ਅਤੇ ਇਸ ਦੇ ਨਿਸ਼ਾਨੇ ਸਿਰਫ ਮੁਨਾਫੇ ਤੱਕ ਸੀਮਤ ਹੋਣ, ਫਿਰ ਇਹ ਮਨੁੱਖ ਅਤੇ ਕੁਦਰਤ ਦੇ ਹੋਣ ਵਾਲੇ ਨੁਕਸਾਨ ਨੂੰ ਅੱਖੋਂ ਓਹਲੇ ਕਰ ਦਿੰਦਾ ਹੈ ਅਤੇ ਸਿਰਫ ਮੁਨਾਫੇ ਨੂੰ ਹੀ ਤਰਜੀਹ ਦਿੰਦਾ ਹੈ। ਇਥੇ ਇਹ ਸਮਝਣ ਦੀ ਲੋੜ ਹੈ ਕਿ ਇਸ ਸਮੇਂ ਸਭ ਤੋਂ ਵੱਧ ਖ਼ਤਰਨਾਕ ਸਰਮਾਏਦਾਰਾ ਪ੍ਰਬੰਧ ਹੈ ਜਿਸ ਅਧੀਨ ਪੈਦਾਵਾਰ ਮਨੁੱਖ ਲਈ ਹੋ ਹੀ ਨਹੀਂ ਰਹੀ। ਇਸ ਲਈ ਕੀਟਨਾਸ਼ਕਾਂ ਰਾਹੀਂ ਜਾਂ ਜੀਐੱਮ ਸੋਧਾਂ ਰਾਹੀਂ ਕੀਟ ਖ਼ਤਮ ਕਰਨ ਦਾ ਦਾਅਵਾ ਕਰਨਾ ਗੈਰ-ਵਿਗਿਆਨਕ ਅਤੇ ਨੁਕਸਾਨਦਾਇਕ ਹੈ।

ਕੀ ਜੀਐੱਮਓ ਕੁਦਰਤ ਨਾਲ ਛੇੜਛਾੜ ਹੈ?

ਆਧੁਨਿਕ ਮਨੁੱਖ (ਹੋਮੋ ਸੇਪੀਅਨ) ਲੱਗਭੱਗ 2.5 ਕੁ ਲੱਖ ਸਾਲ ਪਹਿਲਾਂ ਹੋਂਦ ਵਿਚ ਆਇਆ ਜਿਸ ਨੇ 10,000 ਕੁ ਸਾਲ ਪਹਿਲਾਂ ਖੇਤੀ ਕਰਨੀ ਸਿੱਖੀ। ਮਨੁੱਖ ਜੰਗਲ ਸਾੜ ਕੇ ਜ਼ਮੀਨ ਤਿਆਰ ਕਰਦਾ ਸੀ ਅਤੇ ਇਸ ਨੂੰ ਵਰਤ ਕੇ ਉਹ ਅੱਗੇ ਵਧ ਜਾਂਦਾ ਸੀ ਅਤੇ ਫਿਰ ਹੋਰ ਜੰਗਲ ਸਾੜਦਾ ਸੀ। ਖੇਤੀ ਕਰਦੇ ਮਨੁੱਖ ਨੇ ਫਸਲਾਂ ਦੀਆਂ ਨਸਲਾਂ ਸੁਧਾਰਨੀਆਂ ਸਿੱਖੀਆਂ ਜਿਸ ਲਈ ਉਹ ਕਿਸੇ ਫਸਲ ਦੇ ਖਾਸ ਗੁਣ ਨੂੰ ਚੁਣਦਾ ਹੋਇਆ ਉਹਨਾਂ ਨੂੰ ਅਗਲੇ ਸਾਲ ਲਈ ਬੀਜਣ ਲਈ ਰੱਖ ਲੈਂਦਾ ਸੀ ਅਤੇ ਬਾਕੀ ਫਸਲ ਖਾ ਲੈਂਦਾ ਸੀ। ਪੀੜ੍ਹੀ-ਦਰ-ਪੀੜ੍ਹੀ ਫਸਲਾਂ, ਫਲ ਤੇ ਸਬਜ਼ੀਆਂ ਦੀਆਂ ਬਦਲੀਆਂ ਹੋਈਆਂ ਪ੍ਰਜਾਤੀਆਂ ਤਿਆਰ ਹੋ ਗਈਆਂ ਜੋ ਪਹਿਲਾਂ ਕੁਦਰਤ ਵਿਚ ਕਿਤੇ ਵੀ ਮੌਜੂਦ ਨਹੀਂ ਸਨ। ਜਿਹੜੀ ਕਣਕ ਅੱਜ ਅਸੀਂ ਖਾ ਰਹੇ ਹਾਂ (ਟ੍ਰਿਟੀਕਮ ਐਸਟਾਈਵਮ), ਇਹ ਵੀ ਮਨੁੱਖ ਨੇ ਜੰਗਲੀ ਪ੍ਰਜਾਤੀਆਂ (ਟ੍ਰਿਟੀਕਮ ਮੋਨੋਕੋਕਮ, ਟ੍ਰਿਟੀਕਮ ਡਿਊਰਮ ਆਦਿ) ਤੋਂ ਵਿਕਸਤ ਕੀਤੀ ਹੈ। ਜੋ ਮੱਕੀ ਅੱਜ ਅਸੀਂ ਖਾ ਰਹੇ ਹਾਂ, ਇਹ ਵੀ ਕੁਦਰਤੀ ਤੌਰ 'ਤੇ ਪਹਿਲਾਂ ਮੌਜੂਦ ਨਹੀਂ ਸੀ। ਲੱਗਭੱਗ 8000 ਸਾਲ ਪਹਿਲਾਂ ਮੈਕਸਿਕੋ ਕੋਲ ਟਿਓਸਿੰਟੇ ਨਾਮ ਦੀ ਜੰਗਲੀ ਘਾਹ ਉੱਗਦੀ ਸੀ ਜਿਸ ਨੂੰ ਸਾਡੇ ਪੁਰਖਿਆਂ ਨੇ ਬਦਲਿਆ। ਇਸੇ ਤਰ੍ਹਾਂ ਡਾਰਵਿਨ ਨੇ ਇਹੋ ਗੱਲ ਲਿਖੀ ਹੈ ਕਿ ਮਨੁੱਖ ਜੋ ਵੀ ਫਲ, ਸਬਜ਼ੀਆਂ ਅਤੇ ਫਸਲਾਂ ਉਗਾ ਰਿਹਾ ਹੈ, ਇਹ ਸਭ ਇਸ ਨੇ ਖੁਦ ਆਪਣੀ ਚੋਣ ਨਾਲ ਬਦਲੀਆਂ ਹਨ। ਫਿਰ ਇੱਕ ਸਮੇਂ ਬਾਅਦ ਮਨੁੱਖ ਹਾਈਬ੍ਰਿਡ ਫਸਲਾਂ ਅਤੇ ਜਾਨਵਰ ਵੀ ਤਿਆਰ ਕਰਨੇ ਸਿੱਖ ਗਿਆ ਜਿਸ ਵਿਚ ਦੋ ਅਲੱਗ ਨਸਲਾਂ/ਪ੍ਰਜਾਤੀਆਂ ਦਾ ਪ੍ਰਜਣਨ ਕਰਵਾਉਣ ਨਾਲ ਨਵੀਂ ਤਰ੍ਹਾਂ ਦਾ ਜੀਵ ਤਿਆਰ ਹੋ ਜਾਂਦਾ ਸੀ। ਇਸ ਤਰ੍ਹਾਂ ਮਨੁੱਖ ਸਦੀਆਂ ਤੋਂ ਕੁਦਰਤ ਨਾਲ ਛੇੜਛਾੜ ਕਰਦਾ ਆਇਆ ਹੈ ਪਰ ਸਰਮਾਏਦਾਰਾ ਪ੍ਰਬੰਧ ਅਧੀਨ ਕੁਝ ਮੁੱਠੀ ਭਰ ਲੋਕ ਆਪਣੇ ਮੁਨਾਫੇ ਲਈ ਕੁਦਰਤ ਨੂੰ ਤਬਾਹ ਕਰ ਰਹੇ ਹਨ। ਹੁਣ ਇੱਥੇ ਚਰਚਾ ਦਾ ਵਿਸ਼ਾ ਕਦੇ ਵੀ ਇਹ ਨਹੀਂ ਬਣਦਾ ਕਿ ਪੈਦਾਵਾਰ ਦਾ ਸਰਮਾਏਦਾਰਾ ਪ੍ਰਬੰਧ ਚੰਗਾ ਹੈ ਜਾਂ ਮਾੜਾ ਸਗੋਂ ਵਿਗਿਆਨਕ ਲੱਭਤਾਂ ਨੂੰ ਨਿਸ਼ਾਨੇ 'ਤੇ ਲੈ ਕੇ ਸਵਾਲ ਭਟਕਾਇਆ ਜਾਂਦਾ ਹੈ। ਜੀਐੱਮਓ ਵਿਚ ਜੋ ਚੰਗਾ ਹੈ, ਉਸ ਨੂੰ ਅੱਗੇ ਵਧਾਇਆ ਜਾਵੇ ਅਤੇ ਜੋ ਮਾੜਾ ਹੈ, ਉਸ ਨੂੰ ਰੱਦ ਕੀਤਾ ਜਾਵੇ ਪਰ ਇਹ ਫੈਸਲੇ ਤਾਂ ਇਸੇ ਪ੍ਰਬੰਧ ਨੇ ਕਰਨੇ ਹਨ ਜੋ ਖੁਦ ਮਨੁੱਖ ਦੋਖੀ ਹੈ।

*ਸਹਾਇਕ ਪ੍ਰੋਫੈਸਰ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।ਸੰਪਰਕ: 96533-59244


# ਪਰਬਤ ਮਾਤਾ

ਮਾਂ ਤੇਰੀਆਂ ਬਰਫੀਲੀਆਂ ਚੋਟੀਆਂ 'ਚੋਂ
ਵਗੇ ਗੰਗਾ ਮਾਈ
ਵਗਣ ਅਨੇਕਾਂ ਨਦੀਆਂ
ਪਲਣ ਅਨੰਤ ਜੰਗਲ ਬੇਲੇ
ਜੀਵ ਜੰਤੂ
ਤੇਰੀਆ ਚੋਟੀਆਂ ਤੋਂ ਚੱਲੇ
ਸਭ ਲਈ ਅੰਮ੍ਰਿਤ ਧਾਰਾ
ਵਗਣ ਹਵਾਵਾਂ
ਨਸ਼ਿਆਉਂਦੀਆਂ

ਅਸੀਂ ਤੇਰੇ ਅਸੱਭਿਅਕ ਤੇ ਹੰਕਾਰੀ ਬੱਚੇ
ਰਤਾ ਨਹੀਂ ਝਿਜਕਦੇ
ਤੇਰੀ ਦੇਹ ਤੇ ਕਰਨੋਂ ਅਨਰਥ
ਖਾ-ਪੀ ਕੇ ਸੁੱਟਦੇ ਪਲਾਸਟਿਕ
ਤੇ ਹਰ ਤਰਾਂ ਦਾ ਗੰਦ ਮੰਦ
ਕਰਦੇ ਅਨੰਤ ਹੀਲੇ
ਪਿਘਲਾਉਣ ਲਈ ਤੇਰੀਆਂ
ਚੋਟੀਆਂ ਦੁੱਧ ਚਿੱਟੀਆਂ
ਪਾਣੀਆਂ ਵਿੱਚ ਘਾਣੀਆਂ
ਕੱਟ ਕੱਟ ਰੁੱਖਾਂ ਨੂੰ
ਤੇਰੇ ਜਿਸਮ ਤੋਂ ਰੰਗ ਬਰੰਗੇ ਕੱਪੜੇ ਲਾਹੇ
ਬਾਲੀ ਅੱਗ ਪਰਦੂਸ਼ਣ ਵਾਲੀ
ਫੈਲਾਇਆ ਧੂੰਆਂ ਧੁੰਦੂਕਾਰ
ਰੁੱਖ ਜੀਵ ਤੇ ਮਾਨਸ ਸਾਰੇ
ਕਰਦੇ ਹਾਹਾਕਾਰ...

ਅਸੀਂ ਤੇਰੇ ਬੱਚੇ
ਅਕ੍ਰਿਤਘਣ ਤੇ ਬਦਕਾਰ... ...
ਕਵਿਤਾ ਤਾਂ ਮੰਗੇ
ਕਵਿਤਾ ਨਾ ਮੰਗੇ
ਫ਼ੀਤਾ ਮਿਣਨ ਲਈ
ਕੈਂਚੀ ਕੱਟਣ ਲਈ
ਸਾਹਲ- ਗੁਣੀਆਂ ਕੋਨੇ ਸਿੱਧੇ ਕਰਨ ਲਈ
ਤੇਸਾ ਘੜਨ ਲਈ
ਕਰੰਡੀ ਚਿਣਨ ਲਈ...

# ਸਵਰਨਜੀਤ ਸਵੀ ਦੀਆਂ ਕਵਿਤਾਵਾਂ





# ਨਾਨਕਾ

ਨਾਨਕੇ ਪਿੰਡ ਦੀ
ਪਗਡੰਡੀ ਟੱਪਦਿਆਂ ਹੀ
ਬੱਚੇ ਬੱਚੇ ਜਵਾਨ ਹਮਉਮਰ ਸੱਭ
ਮਾਮੇ ਮਾਮੀਆਂ ਮਾਸੀਆਂ ਨਾਨੇ
ਨਾਨੀਆਂ
ਵਿੱਚ ਤਬਦੀਲ ਹੋ ਜਾਂਦੇ

ਮਨ 'ਚ ਸੱਭ ਤੋਂ ਪਹਿਲਾਂ
ਨਾਨੀ ਉਭਰਦੀ ਹੈ
ਮੇਰੀ ਨਾਨੀ-ਘੜਾਨੀ
ਖੁਸ਼ੀਆਂ ਦਾ ਦਰੁਲੱਭ ਖਜ਼ਾਨਾ !

ਹੱਸਦੀ ਖੇਡਦੀ
ਡੰਡੇ ਲੈ ਕੇ ਮਗਰ ਭੱਜਦੀ
ਲਾਡ ਲਡਾਉਂਦੀ
ਘਿਉ ਸ਼ੱਕਰ ਖੁਆਉਂਦੀ

ਫਿਰ ਨਾਨਾ ਤੇ ਮਾਮਾ ਆਤਮਾ
ਜਦੋਂ ਵੀ ਦੇਖੋ ਭੱਠੀ 'ਚੋਂ ਗਰਮਾ-ਗਰਮ
ਲੋਹਾ ਕੱਢ
ਨਾਨਾ ਸੰਨ੍ਹੀ 'ਚ ਫੱੜਕੇ ਆਰਨ ਤੇ
ਰੱਖਦਾ
ਮਾਮਾ ਘਣ ਲੈ
ਉਹਨੂੰ ਕੁੱਟਦਾ ਤੋੜਦਾ ਮਰੋੜਦਾ
ਪਤਾ ਨਹੀਂ
ਕਿਹੜੇ ਜਨਮਾਂ ਦੀ ਦੁਸ਼ਮਣੀ ਕੱਢਦੇ

ਫਿਰ ਤੋੜ ਮਰੋੜ ਕੇ
ਕਦੇ ਫਾਲ੍ਹ
ਕਦੇ ਦਾਤੀ
ਕਦੇ ਤਵੀ
ਕਦੇ ਛੈਣੀ
ਹੋਰ ਪਤਾ ਨਹੀਂ ਕੀ ਕੀ ਬਣਾਉਂਦੇ
ਰਹਿੰਦੇ

ਨਾਨਾ ਤਾਂ ਡਾਕਟਰੀ ਵੀ ਕਰਦਾ
ਕਿਸੇ ਦਾ ਦੰਦ ਹੁੰਦਾ ਕੱਢਣ ਵਾਲਾ
ਦੁਖਦਾ
ਆ ਬੈਠਦਾ
ਨਾਨਾ ਜਬੂੜੇ 'ਚ ਪਾ ਜਮੂਰ
ਦੰਦ ਦਾੜ ਜੋ ਵੀ ਦੁਖਦਾ
ਕੱਢ ਅਗਲੇ ਦੇ ਹੱਥ ਫੜਾਉਂਦਾ
ਨਾ ਕੋਈ ਆ..ਹ ਨਾ ਉ..ਹ
ਬੱਸ ਹੱਥ 'ਤੇ ਪਏ
ਅੱਧ ਗਲੇ ਦੰਦ ਨੂੰ ਦੇਖਦਾ
ਤੇ ਉੱਠਕੇ ਤੁਰ ਜਾਂਦਾ
ਤੇ ਇੰਜ ਹੀ ਇੱਕ ਦਿਨ ਨਾਨਾ ਤੁਰ
ਗਿਆ

ਫਿਰ ਲਾਲ ਰੰਗ ਦੀਆਂ ਲਾਟਾਂ ਮੂਹਰੇ
ਭੱਖਦੇ ਚਿਹਰੇ ਵਾਲਾ ਮੇਰਾ ਮਾਮਾ
ਕੁੱਟਦਾ ਤੋੜਦਾ ਮਰੋੜਦਾ ਰਿਹਾ ਲੋਹੇ ਨੂੰ
ਮਾਮਾ ਕੰਮ ਕਰਦਾ ਤਾਂ ਲੋਕ ਕਹਿੰਦੇ
ਗਰਮ ਲੋਹਾ ਤਾਂ ਅਤਮੇ ਮੂਹਰੇ ਰੋਂਦੈ...

ਜਿਉਂ ਕਸਾਈ ਮੂਹਰੇ ਬੱਕਰਾ
ਤੇ ਮਾਮਾ ਕਹਿੰਦਾ
ਆਤਮੇ ਦੀ ਕੀਤੀ ਵੈਲਡਿੰਗ ਕੂਲੀ ਗੱਲ੍ਹ
ਅਰਗੀ
ਭਾਵੇਂ ਕੋਈ ਜੀਭ ਫੇਰ ਲਵੇ ਸਾਰੀ
ਟਰਾਲੀ ਤੇ
ਜਾ ਖਾਂ ਜੀਭ ਨੂੰ ਰੱੜਕ ਜਾਵੇ

ਤੇ ਇਉਂ ਹੀ
ਭਾਣਜੀ ਦੇ ਭੋਗ ਤੇ ਭੁੱਬੀਂ ਰੋਂਦਾ ਮਾਮਾ
ਅਗਲੇ ਦਿਨ ਪਿੰਡ ਜਾਂਦਾ ਹੀ ਚਲੇ
ਗਿਆ
ਬਿਨਾਂ ਰੱੜਕੇ ਜੀਭ ਤੇ

ਛੱਡ ਗਿਆ ਪਿੱਛੇ ਇਕੋ ਹੀ ਗੱਲ
ਬਈ ਆਤਮੇ ਮੂਹਰੇ ਤਾਂ ਲੋਹਾ ਰੋਂਦਾ
ਸੀ ਰੋਂਦਾ
ਕੰਮ ਤਾਂ ਉਹਦੇ ਮੂਹਰੇ ਭੱਜਿਆ
ਫਿਰਦਾ ਸੀ

# ਅਲਵਿਦਾ ਮਾਂ !

ਮਾਂ ਤੈਨੂੰ ਵਿਦਾ ਕਰਨ ਲਈ
ਲਿਜਾਂਦਿਆਂ ਤੇਰੀ ਚਾਰ ਤੱਤਾਂ ਦੀ ਦੇਹ
ਨਾਲ ਨਾਲ ਤੁਰ ਰਿਹਾ ਸੀ
ਤਾਉਮਰ ਤੇਰੇ ਦਿੱਤੇ ਪਿਆਰ ਦਾ
ਪਲ ਪਲ ਕਦਮ ਦਰ ਕਦਮ
ਤੇ ਯਕੀਨ ਕਰਨ ਲਈ
ਕਿ ਤੂੰ ਜਾ ਰਲਣਾ ਹੈ ਪੰਜ ਤੱਤਾਂ 'ਚ
ਪਾਣੀ ਦਾ ਘੜਾ ਲੈ ਕਰਦਾ ਹਾਂ ਤੇਰੀ ਪਰਕਰਮਾ
ਟੁੱਟਦੇ ਘੜੇ ਦੀ ਆਵਾਜ਼
ਤੇ ਡੁੱਲਦੇ ਪਾਣੀ ਨਾਲ
ਯਾਦ ਆਇਆ ਵਿਆਹ ਵੇਲੇ
ਖੁਸ਼ੀ 'ਚ ਖੀਵੀ ਹੋ ਹੋ
ਮੇਰੇ ਸਿਰੋਂ ਵਾਰ ਕੇ ਪੀਣਾ ਪਾਣੀ

ਤੂੰ ਜਿਸ ਨਿੱਘੀ ਛਾਤੀ ਨਾਲ ਲਾ ਲਾ ਰੱਖਦੀ
ਸੀ ਮੈਨੂੰ
ਉਸ ਨਰਮ ਦੇਹ ਤੇ ਰੱਖ ਰਿਹਾ ਹਾਂ
ਲੱਕੜ ਦੇ ਮਣ ਮਣ ਭਾਰੇ ਮੁੱਢ
ਤੇਰੀ ਚਿਤਾ ਨੂੰ ਦੇਣ ਲੱਗਿਆਂ ਅਗਨ
ਮੈਂ ਕੰਬਦੇ ਹੱਥਾਂ ਨੂੰ ਸਮਝਾਉਂਦਾ ਰਿਹਾ
ਕਿ ਤੂੰ ਵੱਡਾ ਪੁੱਤ ਹੈਂ ਮਾਂ ਦਾ
ਹੁਣ ਵੱਡਾ ਹੋ ਜਾ

ਤੇਜ਼ ਲੱਪਟਾਂ ਕੋਲੋਂ ਸੱਭ ਚਲੇ ਗਏ ਦੂਰ
ਤੇ ਮੈਨੂੰ ਲੱਪਟਾਂ ਦੇ ਸੇਕ 'ਚੋਂ ਵੀ
ਤੇਰੀ ਗੋਦ ਦਾ ਨਿੱਘ ਮਿਲਦਾ ਰਿਹਾ
ਬੁੱਕਲ ਦੀ ਛਾਂ ਮਿਲਦੀ ਰਹੀ

ਤੇ ਸਵੇਰੇ
ਚੁਗ ਰਿਹਾ ਸਾਂ ਅਸਤੀਆਂ
ਪਾ ਰਿਹਾ ਸਾਂ ਦੁੱਧ ਵਾਲੇ ਬੱਠਲ ਵਿਚ
ਫਿਰ ਧੋ ਕੇ ਕੱਢ ਰਿਹਾ ਸਾਂ
ਤਾਂ ਮਨ 'ਚ ਤੁਰੀ ਫਿਰਦੀ ਸੀ ਤੂੰ
ਗਲੀ 'ਚੋਂ ਚੁੱਕ ਭਰਤ ਦਾ ਟੋਕਰਾ
ਸਿੱਟ ਰਹੀ ਸੀ ਡੂੰਘੇ ਪਲਾਟ ਵਿਚ
ਅੱਖਾਂ 'ਚ ਘਰ ਦੇ ਸੁਪਨੇ ਵਸਾਈ
ਤੇਰੇ ਉਹ ਸਖਤ ਜਾਨ ਹੱਡ
ਤੇ ਤੇਰਾ ਹੱਠ
ਸਭ ਕੁੱਝ ਠੀਕ ਕਰ ਲੈਣ ਦਾ

ਹੱਥਾਂ 'ਚ ਤੇਰੇ ਸਿਰ ਦਾ ਇੱਕ ਹਿੱਸਾ ਆਇਆ
ਹੈ
ਮਾਸੀਆਂ ਮਾਮੀਆਂ ਭੈਣਾਂ ਕਹਿੰਦੀਆਂ
ਆਹ ਦੇਖ ਬਿੱਧ ਮਾਤਾ ਦੇ ਲੇਖ
ਜਿਵੇਂ ਹਸਪਤਾਲ 'ਚ

ਆਕਸੀਜਨ ਦਿੰਦਿਆਂ
ਮੋਨੀਟਰ ਤੇ ਹਰੀ ਲਾਈਟ
ਉੱਪਰ ਹੇਠਾਂ ਗ੍ਰਾਫ ਬਣਾਉਂਦੀ
ਉਵੇਂ ਹੀ ਕੁੱਝ ਲਿਖਿਆ ਸੀ
ਬਿੱਧ ਮਾਤਾ ਨੇ ਸ਼ਾਇਦ
ਤਾਂ ਹੀ ਸਾਰੀ ਉਮਰ ਤੂੰ
ਜੇ ਦੋ ਦਿਨ ਖੁਸ਼ੀ 'ਚ ਉੱਡੂੰ ਉੱਡੂੰ ਕਰਦੀ
ਫਿਰ ਕਈ ਦਿਨ ਖਾਮੋਸ਼ ਅੱਖੋਂ 'ਚ
ਉਦਾਸੀ ਜਹੀ ਤੈਰਦੀ ਰਹਿੰਦੀ ਤੇਰੇ
ਕਿੰਨੀ ਕੰਜੂਸੀ ਨਾਲ
ਖੁਸ਼ੀ ਲਿਖੀ ਸੀ
ਬਿੱਧ ਮਾਤਾ ਨੇ ਤੇਰੇ ਲਈ
ਇੱਕ ਪਲ ਖੁਸ਼ੀ ਦਾ ਕੀ ਦਿੰਦੀ
ਲੱਖਾਂ ਪਲ ਬੰਨ੍ਹ ਦਿੰਦੀ ਕਸ਼ਟ ਦੇ
ਦੁੱਖਾਂ ਦੇ ਪਹਾੜ ਬੁਣਦੀ ਰਹਿੰਦੀ
ਤੇਰੇ ਲਈ ਬਿੱਧ ਮਾਤਾ!

ਹੁਣ ਬੈਠਾ ਹਾਂ
ਗੰਗਾ ਦੇ ਤੇਜ਼ ਪਾਣੀ ਅੱਗੇ
ਲੈ ਕੇ
ਪੂਰੀ ਜ਼ਿੰਦਗੀ 'ਚੋਂ ਬਚੇ
ਦੋ ਕਿੱਲੋ ਹੱਡੀਆਂ ਦੇ ਚਾਰ ਕੁ ਬੁੱਕ
ਲਿਖਵਾ ਕੇ ਆਇਆ ਹਾਂ
ਪ੍ਰੋਹਿਤ ਦੀ ਵਹੀ ਤੇ
ਤੇਰਾ ਨਾਮ
ਆਪਣੀਆਂ ਸਾਰੀਆਂ ਪੀੜੀਆਂ ਦੇ ਨਾਲ
ਪ੍ਰੋਹਿਤ ਨੇ ਦੱਸਿਆ ਹੈ
ਕਿ ਕਿਵੇਂ ਤੇ ਕਦ
ਪਿਛਲੀਆਂ ਪੀੜੀਆਂ ਆਈਆਂ ਏਥੇ
ਤੇ ਪਹੁੰਚੀਆਂ ਹਰ ਕੀ ਪੌੜੀ

ਮੈਂ ਬੁੱਕ ਬੁੱਕ ਕਰਕੇ
ਵਹਾ ਰਿਹਾ ਹਾਂ ਅਸਤੀਆਂ
ਹਰ ਕੀ ਪੌੜੀ ਦੇ ਤੇਜ਼ ਪਾਣੀ 'ਚ
ਪਰੋਹਿਤ ਕਹਿੰਦਾ
ਇੱਥੇ ਅਸਤੀਆਂ ਅੱਠਤਾਲੀ ਘੰਟਿਆਂ 'ਚ
ਰੇਤ ਬਣ ਜਾਂਦੀਆਂ
ਵਹਿ ਜਾਂਦੀਆਂ ਨੇ ਗੰਗਾ ਮਾਈ ਦੇ
ਵਰਦਾਨ ਭਰੇ ਪਾਣੀ 'ਚ

ਸੋਚ ਰਿਹਾਂ ਮਾਂ
ਕਿ ਤੂੰ ਕੁਝ ਪਲ ਹੈਂ ਮੇਰੇ ਹੱਥਾਂ 'ਚ
ਫਿਰ ਪਤਾ ਨਹੀਂ ਕਿੱਥੇ ਹੋਵੇਂਗੀ
ਤੂੰ ਵੀ ਜਾ ਰਲੇਂਗੀ
ਸਦੀਆਂ ਤੋਂ ਚੱਲੀ ਆ ਰਹੀ
ਟਿਮਟਿਮਾਉਂਦੇ ਤਾਰਿਆਂ ਦੀ ਲੰਬੀ ਕਤਾਰ
ਵਿੱਚ

ਤੂੰ ਨਹੀਂ
ਤੇਰੀ ਨਿੱਘੀ ਬੁੱਕਲ ਦਾ
ਅਹਿਸਾਸ ਰਹਿ ਜਾਵੇਗਾ
ਇਨ੍ਹਾਂ ਹੱਥੋਂ ਨਿਕਲਦੀਆਂ
ਅਸਤੀਆਂ ਤੋਂ ਬਾਦ
ਮੇਰੇ ਹੱਥਾਂ 'ਚ...

# ਕਿਤਾਬਾਂ ਦਾ ਲਾਜਵਾਬ ਤੇ ਲਾਸਾਨੀ ਨਿੱਘ

ਪੁਸਤਕਾਂ ਦਾ ਨੇੜ ਉਦਰੇਵੇਂ ਉਦਾਸੀਆਂ ਭਜਾਵੇ
ਪੁਸਤਕਾਂ ਦੇ ਨਿਹੁੰ ਵਿਚ ਬੰਦਾ ਮਾਨਵੀ ਹੋਣਾ ਚਾਹਵੇ

ਪੜ੍ਹਨ ਨਾਲ ਮਾਨਸਿਕ, ਬੌਧਿਕ ਤੇ ਸਰੀਰਕ ਤਾਕਤ ਮਿਲਦੀ ਹੈ। ਬੁਰਾਈਆਂ ਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ। ਪੜ੍ਹਨ ਦੀ ਘਟ ਰਹੀ ਰੁਚੀ ਅਜੋਕੀਆਂ ਬੇਦਿਲੀਆਂ, ਬੇਈਮਾਨੀਆਂ ਤੇ ਬਦੀਆਂ ਦੀ ਜੜ੍ਹ ਹੈ। ਡਿਗਰੀਆਂ ਦੀ ਪੜ੍ਹਾਈ ਦੇ ਨਾਲ ਨਾਲ ਪੜ੍ਹਨ ਦੀ ਅੰਦਰੂਨੀ ਰੁਚੀ ਵੀ ਵਿਕਸਿਤ ਹੋ ਜਾਵੇ ਤਾਂ ਤੁਸੀਂ ਚੰਗੇ ਮਨੁੱਖਵਾਦੀ ਅਧਿਆਪਕ, ਡਾਕਟਰ, ਪ੍ਰਸ਼ਾਸਕ ਤੇ ਕਰਮਚਾਰੀ ਬਣ ਸਕਦੇ ਹੋ। ਘਰਾਂ ਵਿਚ ਪੁਸਤਕਾਂ ਦਾ ਭੰਡਾਰ ਰੱਖੋ। ਸੋਫਿਆਂ ਬਰਤਨਾਂ ਦੀ ਥਾਂ ਪੁਸਤਕਾਂ ਨੂੰ ਜ਼ਿਆਦਾ ਅਹਿਮੀਅਤ ਦਿਓ। ਮੇਰੇ ਜ਼ਿਲ੍ਹੇ ਦੇ ਸੀਨੀਅਰ ਪੁਲੀਸ ਕਪਤਾਨ ਨੇ ਇੰਟਰਵਿਊ ਦਿੰਦਿਆਂ ਕਿਹਾ ਕਿ ਮੈਂ ਬਹੁਤ ਮੁਸ਼ਕਲਾਂ ਵਿਚ ਪੜ੍ਹਾਈ ਕੀਤੀ। ਮੇਰੇ ਕੋਲ ਰਜਾਈ ਨਹੀਂ ਸੀ। ਮੇਰੇ ਪਿਤਾ ਆਏ। ਉਹ ਮੈਨੂੰ ਫਰਸ਼ 'ਤੇ ਬਿਨਾ ਰਜਾਈ ਲੇਟੇ ਦੇਖ ਕੇ ਬਹੁਤ ਦੁਖੀ ਹੋਏ। ਮੈਂ ਕਿਹਾ, ਪਿਤਾ ਜੀ ਕਿਤਾਬਾਂ ਦਾ ਨਿੱਘ ਰਜਾਈ ਨਾਲੋਂ ਜ਼ਿਆਦਾ ਹੈ। ਪੜ੍ਹਨ ਨੂੰ ਇਸ਼ਟ ਤੇ ਇਮਾਨ ਸਮਝਣ ਵਾਲੇ ਅਜਿਹੇ ਲੋਕ ਹੀ ਮਹਾਨ ਰੁਤਬਿਆਂ ਤੇ ਰੂਹਾਂ ਦੇ ਮਾਲਕ ਬਣਦੇ ਹਨ। ਕਿਤਾਬਾਂ ਦਾ ਨਿੱਘ ਲਾਜਵਾਬ ਤੇ ਲਾਸਾਨੀ ਹੈ।

# ਵਿੱਤ ਮੰਤਰਾਲਾ 'ਚ ਚੱਲ ਰਿਹੈ ਬਜਟ ਦੀਆਂ ਵਿਵਸਥਾਵਾਂ 'ਤੇ ਮੰਥਨ, ਟੈਕਸਾਂ 'ਚ ਰਾਹਤ ਦੇ ਸਕਦੀ ਹੈ ਸਰਕਾਰ

ਏਜੰਸੀਆਂ

ਨਵੀਂ ਦਿੱਲੀ 20 ਜੂਨ। ਮੋਦੀ ਸਰਕਾਰ ਤੀਸਰੇ ਕਾਰਜਕਾਲ ਦੌਰਾਨ ਦੇਸ਼ ਦੀ ਅਰਥਵਿਵਸਥਾ 'ਚ ਮੰਗ ਵਧਾਉਣ ਲਈ ਟੈਕਸਾਂ 'ਚ ਰਾਹਤ ਦਾ ਰਸਤਾ ਅਪਣਾ ਸਕਦੀ ਹੈ। ਬਜਟ ਬਣਾਉਣ 'ਚ ਰੁੱਝੀ ਵਿੱਤ ਮੰਤਰਾਲਾ ਦੀ ਟੀਮ ਦੇ ਸੂਤਰਾਂ ਮੁਤਾਬਕ ਅਰਥਵਿਵਸਥਾ 'ਚ ਮੰਗ




ਨੂੰ ਵਧਾਉਣਾ ਇਕ ਵੱਡੀ ਚੁਣੌਤੀ ਹੈ ਅਤੇ ਇਸ ਮੰਗ ਨੂੰ ਵਧਾਏ ਬਿਨਾਂ ਲੰਮੀ ਮਿਆਦ ਲਈ ਵਾਧਾ ਦਰ ਨੂੰ ਬਣਾਈ ਰੱਖਣਾ ਬਹੁਤ ਮੁਸ਼ਕਿਲ ਹੈ। ਲਿਹਾਜਾ ਟੈਕਸਾਂ 'ਚ ਰਾਹਤ ਦੇ ਕੇ ਮੰਗ ਨੂੰ ਵਧਾਇਆ ਜਾਵੇਗਾ। ਦੇਸ਼ 'ਚ ਇਸ ਸਮੇਂ 3 ਲੱਖ ਰੁਪਏ ਤੱਕ ਦੀ ਆਮਦਨ 'ਤੇ ਕੋਈ ਟੈਕਸ ਨਹੀਂ ਹੈ ਅਤੇ 3 ਲੱਖ ਤੋਂ ਵੱਧ ਦੀ ਆਮਦਨ 'ਤੇ 5 ਫ਼ੀਸਦੀ ਟੈਕਸ ਲੱਗਦਾ ਹੈ ਪਰ ਜੇ ਅਸੀਂ ਇਨਕਮ ਟੈਕਸ ਦੀ ਅਪਰ ਬਰੈਕੇਟ ਦੀ ਗੱਲ ਕਰੀਏ ਤਾਂ 15 ਲੱਖ ਦੀ ਆਮਦਨ ਵਾਲਿਆਂ 'ਤੇ 30 ਫ਼ੀਸਦੀ ਟੈਕਸ ਲਾਇਆ ਜਾਂਦਾ ਹੈ। ਅਜਿਹੇ 'ਚ 15 ਲੱਖ ਦੀ ਸਾਲਾਨਾ ਕਮਾਈ ਵਾਲੇ ਦੀ ਆਮਦਨ ਤਾਂ 3 ਲੱਖ ਦੀ ਆਮਦਨ ਵਾਲੇ ਦੇ ਮੁਕਾਬਲੇ 5 ਗੁਣਾ ਵੱਧ ਹੁੰਦੀ ਹੈ ਪਰ ਉਸ ਦੇ ਟੈਕਸ 'ਚ 6 ਗੁਣਾ ਦਾ ਵਾਧਾ ਹੋ ਜਾਂਦਾ ਹੈ। ਟੈਕਸ ਦੀ ਇਹ ਦਰ ਅਪਰ ਟੈਕਸ ਬਰੈਕੇਟ ਵਾਲਿਆਂ ਨੂੰ ਬਹੁਤ ਪ੍ਰੇਸ਼ਾਨ ਕਰ ਰਹੀ ਹੈ, ਲਿਹਾਜਾ ਬਜਟ 'ਚ ਸਰਕਾਰ ਆਮਦਨ ਟੈਕਸ 'ਚ ਬਦਲਾਅ ਕਰ ਕੇ ਆਮ ਆਦਮੀ ਨੂੰ ਰਾਹਤ ਦੇ ਸਕਦੀ ਹੈ। ਜੇ ਸਰਕਾਰ ਟੈਕਸਾਂ 'ਚ ਕਟੌਤੀ ਕਰਦੀ ਹੈ ਤਾਂ ਇਸ ਨਾਲ ਆਮ ਆਦਮੀ ਕੋਲ ਜ਼ਿਆਦਾ ਪੈਸਾ ਬਚੇਗਾ ਅਤੇ ਇਹ ਪੈਸਾ ਸਿੱਧਾ ਅਰਥਵਿਵਸਥਾ 'ਚ ਆਵੇਗਾ, ਕਿਉਂਕਿ ਜ਼ਿਆਦਾ ਪੈਸਾ ਹੋਣ ਕਾਰਨ ਲੋਕ ਜ਼ਿਆਦਾ ਖਰਚਾ ਕਰਨਗੇ। ਜੇ ਲੋਕਾਂ ਦਾ ਖਰਚਾ ਵਧੇਗਾ ਤਾਂ ਇਸ ਨਾਲ ਅਰਥਵਿਵਸਥਾ ਵਧੇਗੀ। ਮੰਗ ਵਧਣ ਨਾਲ ਐੱਫ. ਐੱਮ. ਸੀ. ਜੀ. ਕੰਪਨੀਆਂ ਤੋਂ ਇਲਾਵਾ ਹੋਰ ਕੰਪਨੀਆਂ ਨੂੰ ਵੀ ਫਾਇਦਾ ਹੋਵੇਗਾ। ਇਨ੍ਹਾਂ ਦੀ ਵਿਕਰੀ ਵਧੇਗੀ ਤਾਂ ਸਰਕਾਰ ਨੂੰ ਇਨ੍ਹਾਂ ਦੇ ਵਧੇ ਮਾਲੀਏ 'ਚੋਂ ਜੀ. ਐੱਸ. ਟੀ. ਦੇ ਰੂਪ 'ਚ ਟੈਕਸ ਵਧ ਕੇ ਮਿਲ ਜਾਵੇਗਾ। ਟੈਕਸਾਂ 'ਚ ਕਮੀ ਦਾ ਸਿੱਧਾ ਸੰਦੇਸ਼ ਅੰਤਰਰਾਸ਼ਟਰੀ ਨਿਵੇਸ਼ਕਾਂ ਨੂੰ ਵੀ ਜਾਂਦਾ ਹੈ। ਜਦੋਂ ਅੰਤਰਰਾਸ਼ਟਰੀ ਨਿਵੇਸ਼ਕਾਂ ਨੂੰ ਇਹ ਲੱਗੇਗਾ ਕਿ ਭਾਰਤ 'ਚ ਘੱਟ ਟੈਕਸਾਂ ਕਾਰਨ ਮੰਗ 'ਚ ਵਾਧਾ ਹੋ ਸਕਦਾ ਹੈ ਤਾਂ ਇਸ ਨਾਲ ਪ੍ਰਤੱਖ ਵਿਦੇਸ਼ੀ ਨਿਵੇਸ਼ ਵਧੇਗਾ, ਜਿਸ ਦਾ ਸਿੱਧਾ ਫਾਇਦਾ ਵਧ ਰਹੀਆਂ ਨੌਕਰੀਆਂ ਦੇ ਰੂਪ 'ਚ ਹੋਵੇਗਾ। ਸਰਕਾਰ ਵੈਸੇ ਵੀ ਬੇਰੋਜਗਾਰੀ ਦੀ ਸਮੱਸਿਆ ਨਾਲ ਜੂਝ ਰਹੀ ਹੈ। ਲਿਹਾਜਾ ਟੈਕਸ ਘੱਟ ਕਰਨ ਦੇ ਇਕ ਕਦਮ ਨਾਲ ਉਹ ਨਾ ਸਿਰਫ ਮੱਧ ਵਰਗ ਨੂੰ ਸਿੱਧਾ ਫਾਇਦਾ ਪਹੁੰਚਾਏਗੀ,

# ਹਰਸੁਖਵਿੰਦਰ ਸਿੰਘ ਬੱਬੀ ਬਾਦਲ ਨੇ ਕਿਸਾਨਾਂ ਦੇ ਹੱਕ 'ਚ ਕੀਤੀ ਅਹਿਮ ਪ੍ਰੈੱਸ ਕਾਨਫਰੰਸ

ਸਰਦੂਲ ਸਿੰਘ

ਚੰਡੀਗੜ੍ਹ 20 ਜੂਨ। ਹਰਸੁਖਵਿੰਦਰ ਸਿੰਘ ਬੱਬੀ ਬਾਦਲ ਨੇ ਕਿਸਾਨਾਂ ਦੇ ਹੱਕ 'ਚ ਪ੍ਰੈੱਸ ਕਾਨਫਰੰਸ ਕੀਤੀ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਕੋਸ਼ਿਸ਼ ਕਰਦੀਆਂ ਰਹੀਆਂ ਕਿ ਸਾਨੂੰ ਐੱਮ. ਐੱਸ. ਪੀ. 'ਤੇ ਕਾਨੂੰਨ ਬਣਾ ਕੇ ਦਿਓ ਅਤੇ ਕਿਹਾ ਕਿ ਜੇਕਰ ਐੱਮ. ਐੱਸ. ਪੀ. ਤੋਂ ਹੇਠਾਂ ਕੋਈ ਵੀ ਫਸਲ ਵਿਕਦੀ ਹੈ ਤਾਂ ਉਸ 'ਤੇ ਕਾਨੂੰਨੀ ਕਾਰਵਾਈ ਹੋਵੇ। ਉਨ੍ਹਾਂ ਕਿਹਾ ਭਾਰਤ ਸਰਕਾਰ ਐੱਮ. ਐੱਸ. ਪੀ. 5 ਤੋਂ 7 ਫੀਸਦੀ ਵਧਾ ਰਹੀ ਅਤੇ ਕਹਿ ਰਹੀ ਕਿ ਬਹੁਤ ਵੱਡਾ ਅਹਿਸਾਨ ਕੀਤਾ ਹੈ। ਉਨ੍ਹਾਂ ਕਿਹਾ ਪਿਊਸ਼ ਗੋਇਲ ਨੇ ਖੁਦ ਮਨਿਆ ਹੈ ਕਿ 83 ਫੀਸਦੀ ਫਸਲ ਇਸ ਦੇਸ਼ 'ਚ ਐੱਮ. ਐੱਸ. ਪੀ. ਤੋਂ ਘੱਟ ਵਿਕਦੀ ਹੈ। ਉਨ੍ਹਾਂ ਕਿਹਾ ਜਿਥੇ 50 ਫੀਸਦੀ ਵਾਧਾ ਹੋਣਾ ਚਾਹੀਦਾ ਸੀ ਉੱਥੇ ਇਹ 5 ਤੋਂ 7 ਫੀਸਦੀ ਕਰ ਰਹੇ ਹਨ। ਇਸ ਦੌਰਾਨ ਹਰਸੁਖਵਿੰਦਰ ਸਿੰਘ ਨੇ ਜਾਖੜ ਨੇ ਤੰਜ ਕੱਸਦਿਆਂ ਕਿਹਾ ਜਾਖੜ ਸਾਬ੍ਹ ਕਦੇ ਤਾਂ ਕਿਸਾਨ ਦਾ ਪੁੱਤ ਬਣਨ ਦਾ ਫਰਜ ਅਦਾ ਕਰ ਦਿਓ। 2013 'ਚ ਕਿਹਾ ਸੀ ਕਿਸਾਨਾਂ ਦੀ ਆਮਦਨ ਦੁੱਗਣੀ ਹੋਵੇਗੀ ਪਰ ਇਸ ਦੀ ਜਗ੍ਹਾ ਕਿਸਾਨਾਂ ਦੀਆਂ ਖੁਦਕੁਸ਼ੀਆਂ, ਮਹਿੰਗਾਈ, ਪੈਟਰੋਲ ਦੀਆਂ ਕੀਮਤਾਂ ਦੁੱਗਣੀਆਂ ਹੋਈਆਂ ਹਨ। ਉਨ੍ਹਾਂ ਕਿਹਾ ਜੇਕਰ ਅਡਾਨੀ ਅੰਬਾਨੀ ਦੀਆਂ ਇੰਡਸਟਰੀ ਪਾਲਸੀਆਂ ਬਣ ਸਕਦੀਆਂ ਹਨ ਤਾਂ ਕਿਸਾਨ ਜਥੇਬੰਦੀਆਂ ਨੂੰ ਕੋਲ ਬੁਲਾ ਕੇ ਭਾਜਪਾ ਕਿਸਾਨਾਂ ਦੀਆਂ ਪਾਲਸੀਆਂ ਕਿਉਂ ਨਹੀਂ ਬਣਾ ਰਹੀ। ਉਨ੍ਹਾਂ ਕਿਹਾ ਮੈਂ ਭਾਜਪਾ ਨੂੰ ਕਹਾਂਗਾ ਜੇਕਰ ਕਿਸਾਨਾਂ ਨਾਲ ਹੀ ਧੋਖਾ ਕਰੋਗੇ ਤਾਂ ਦੇਸ਼ ਕਦੇ ਤਾਕਤਵਰ ਨਹੀਂ ਬਣ ਸਕਦਾ। ਉਨ੍ਹਾਂ ਕਿਹਾ ਭਾਜਪਾ ਦੀ ਵਿਚਾਰ ਧਾਰਾ ਪਤਾ ਲੱਗੀ ਹੈ ਕਿ ਜਦੋਂ ਕਿਸਾਨ ਦਿੱਲੀ ਗਏ ਤਾਂ ਉਨ੍ਹਾਂ ਨਾਲ ਗੱਲ ਨਹੀਂ ਕੀਤੀ ਗਈ ਸਗੋਂ ਖੇਤਾਂ 'ਚ ਕੰਮ ਕਰ ਰਿਹਾ ਹੈ ਪਰ ਇਨ੍ਹਾਂ ਦਾ ਮੁਲ ਮੰਡੀ 'ਚ ਕੋਈ ਅਫਸਰ ਕਰ ਜਾਂਦਾ ਹੈ ਅਤੇ ਕਈ ਖਾਮੀਆਂ ਵੀ




ਇਸ ਵਾਰ ਉਨ੍ਹਾਂ ਦੇ ਜੁਲਮ ਵੀ ਕੀਤਾ ਗਿਆ ਹੈ। ਭਾਜਪਾ ਦੀ ਸਿਆਸਤ ਇਹ ਹੈ ਕਿ ਭੋਜਨ ਕਿਸਾਨ ਪੈਦਾ ਕਰੇ ਪਰ ਮੁਨਾਫਾ ਬਿਚੌਲੀਏ ਕਮਾਉਣ। ਉਨ੍ਹਾਂ ਕਿਹਾ ਇੰਨੀ ਗਰਮੀ 'ਚ ਜਿਥੇ ਲੋਕ ਏ. ਸੀ. 'ਚ ਬੈਠ ਰਹੇ ਹਨ ਪਰ ਉਥੇ ਕਿਸਾਨ ਕੱਢਦੇ ਹਨ। ਉਨ੍ਹਾਂ ਕਿਹਾ ਪੰਜਾਬ ਲੀਡਰਸ਼ਿਪ ਭਾਜਪਾ ਨੂੰ ਕਹਾਂਗੇ ਕਿ ਡਰਾਮਾ ਛੱਡ ਕੇ ਕਿਸਾਨਾਂ ਦੇ ਜਖਮਾ ਦੇ ਨਮਕ ਨਾ ਛਿੜਕੋ। ਆਮ ਆਦਮੀ ਪਾਰਟੀ ਚਾਹੁੰਦੀ ਹੈ ਕਿ ਕਿਸਾਨਾਂ ਨਾਲ ਬੈਠ ਕੇ ਪਾਲਸੀਆਂ ਬਣਨ।

## ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਨੂੰ ਨੱਥ ਪਾਉਣ ਲਈ ਪੰਜਾਬ ਪੁਲਸ ਨੇ ਜਲੰਧਰ ਰੇਂਜ 'ਚ ਚਲਾਇਆ ਆਪ੍ਰੇਸ਼ਨ ਕਾਸੋ

ਜਲੰਧਰ/ਚੰਡੀਗੜ੍ਹ 20 ਜੂਨ। ਨਸ਼ਿਆਂ ਦੀ ਸਮੱਗਲਿੰਗ ਦੇ ਵਿਆਪਕ ਮੁੱਦੇ ਨਾਲ ਨਜਿੱਠਣ ਲਈ ਪੰਜਾਬ ਪੁਲਸ, ਜਲੰਧਰ ਰੇਂਜ ਨੇ ਐਤਵਾਰ ਜਲੰਧਰ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀ. ਆਈ. ਜੀ.) ਹਰਮਨਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਵਿਆਪਕ ਮੁਹਿੰਮ 'ਆਪ੍ਰੇਸਨ ਕਾਸੋ' ਚਲਾਇਆ, ਜਿਸ ਨੇ ਖਾਸ ਤੌਰ 'ਤੇ ਜਲੰਧਰ ਦਿਹਾਤੀ, ਕਪੂਰਥਲਾ ਅਤੇ ਹੁਸ਼ਿਆਰਪੁਰ ਦੇ ਨਸਾ ਪ੍ਰਭਾਵਿਤ ਖੇਤਰਾਂ ਨੂੰ ਨਿਸਾਨਾ ਬਣਾਇਆ। ਡੀ. ਜੀ. ਪੀ. ਗੌਰਵ ਯਾਦਵ ਨੇ ਹਾਲ ਹੀ 'ਚ ਵੀਡੀਓ ਕਾਨਫਰੰਸ ਰਾਹੀਂ ਸਾਰੇ ਉੱਚ ਪੁਲਸ ਅਧਿਕਾਰੀਆਂ ਨੂੰ ਆਪੋ-ਆਪਣੇ ਖੇਤਰਾਂ 'ਚ ਨਸ਼ਿਆਂ ਨੂੰ ਖਤਮ ਕਰਨ ਲਈ ਵਿਸੇਸ ਮੁਹਿੰਮ ਚਲਾਉਣ ਦੇ ਨਿਰਦੇਸ ਦਿੱਤੇ ਸਨ। ਇਸ ਆਪ੍ਰੇਸਨ 'ਚ ਸਾਮਲ ਪੁਲਸ ਮੁਲਾਜਮਾਂ ਦੇ ਹੌਸਲੇ ਬੁਲੰਦ ਕਰਨ ਲਈ ਜਲੰਧਰ ਰੇਂਜ ਦੇ ਡਿਪਟੀ ਇੰਸ. ਜਨ. ਪੁਲਸ ਹਰਮਨਬੀਰ ਸਿੰਘ ਗਿੱਲ ਨੇ ਖੁਦ ਪਿੰਡ ਗੰਨਾ, ਥਾਣਾ ਫਿਲੌਰ ਤੇ ਹੋਰ ਥਾਵਾਂ ਦਾ ਦੌਰਾ ਕੀਤਾ। ਉਨ੍ਹਾਂ ਦੀ ਮੌਜੂਦਗੀ ਨੇ ਇਲਾਕੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਪੁਲਸ ਫੋਰਸ ਦੀ ਵਚਨਬੱਧਤਾ ਨੂੰ ਰੇਖਾਂਕ੍ਤਿ ਕੀਤਾ। ਰੇਂਜ ਪੁਲਸ ਵੱਲੋਂ ਚਲਾਏ ਗਏ ਇਸ ਆਪ੍ਰੇਸਨ 'ਚ ਮਿਸਨ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਵਿਆਪਕ ਪੁਲਸ ਬਲ ਅਤੇ ਸਰੋਤਾਂ ਦੀ ਤਾਇਨਾਤੀ ਕੀਤੀ ਗਈ। ਮੁੱਖ ਉਦੇਸ ਇਨ੍ਹਾਂ ਖੇਤਰਾਂ 'ਚ ਕੰਮ ਕਰ ਰਹੇ ਨਸਾ ਸਮੱਗਲਰਾਂ ਦੇ ਨੈੱਟਵਰਕ ਦੀ ਪਛਾਣ ਕਰਨਾ, ਫੜਨਾ ਤੇ ਨਸਟ ਕਰਨਾ ਸੀ। ਆਪ੍ਰੇਸਨ ਦੌਰਾਨ, ਨਸੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀਆਂ ਲਈ ਜਾਣੇ ਜਾਂਦੇ ਵੱਖ-ਵੱਖ ਹੌਟਸਪੌਟਸ 'ਚ ਕਈ ਤਲਾਸੀ ਤੇ ਜਬਤ ਗਤੀਵਿਧੀਆਂ ਕੀਤੀਆਂ ਗਈਆਂ। ਪੁਲਸ ਟੀਮਾਂ ਨੇ ਇਨ੍ਹਾਂ ਇਲਾਕਿਆਂ 'ਚ ਬਾਰੀਕੀ ਨਾਲ ਤਲਾਸੀ ਲਈ, ਜਿਸ ਦੇ ਨਤੀਜੇ ਵਜੋਂ ਕਈ ਵਿਅਕਤੀਆਂ ਨੂੰ ਨਸੇ ਵਾਲੇ ਪਦਾਰਥਾਂ ਦੀ ਸਮੱਗਲਿੰਗ 'ਚ ਸਾਮਲ ਹੋਣ ਦੇ ਸੱਕ 'ਚ ਹਿਰਾਸਤ 'ਚ ਲਿਆ ਗਿਆ। ਤਲਾਸੀ ਦੌਰਾਨ ਵੱਡੀ ਮਾਤਰਾ 'ਚ ਨਸੇ ਵਾਲੇ ਪਦਾਰਥ ਵੀ ਬਰਾਮਦ ਕੀਤੇ ਗਏ।

## ਅੱਤ ਦੀ ਗਰਮੀ ਨੇ ਲੋਕਾਂ ਨੂੰ ਕੀਤਾ ਬੇਹਾਲ

ਗੁਰਦਾਸਪੁਰ 20 ਜੂਨ। ਅਸਮਾਨ ਤੋਂ ਪੈ ਰਹੀ ਅੱਤ ਦੀ ਗਰਮੀ ਨੇ ਅੱਜ ਕੰਮਕਾਜ ਠੱਪ ਕਰ ਕੇ ਰੱਖ ਦਿੱਤਾ, ਇਸ ਤੇਜ ਗਰਮੀ ਦਾ ਸਭ ਤੋਂ ਵੱਧ ਅਸਰ ਮਜਦੂਰ ਵਰਗ 'ਤੇ ਪਿਆ, ਕਿਉਂਕਿ ਗਰਮੀ ਕਾਰਨ ਉਸਾਰੀ ਦਾ ਕੰਮ ਲਗਭਗ ਠੱਪ ਹੋ ਗਿਆ ਹੈ। ਮੌਸਮ ਵਿਭਾਗ ਅਨੁਸਾਰ ਜ਼ਿਲਾ ਗੁਰਦਾਸਪੁਰ ਸਮੇਤ ਪੰਜਾਬ ਦੇ ਲੋਕਾਂ ਨੂੰ ਇਸ ਹਫਤੇ ਸਖਤ ਗਰਮੀ ਦਾ ਸਾਹਮਣਾ ਕਰਨਾ ਪਵੇਗਾ। ਰੋਜਾਨਾ ਦਿਹਾੜੀ ਦੀ ਭਾਲ 'ਚ ਸਥਾਨਕ ਲਾਇਬ੍ਰੇਰੀ ਚੌਕ ਵਿਚ ਆਉਣ ਵਾਲੇ ਮਜਦੂਰਾਂ ਅਤੇ ਮਿਸਤਰੀਆਂ ਦਾ ਕਹਿਣਾ ਹੈ ਕਿ ਮੰਗ ਜ਼ਿਆਦਾ ਹੋਣ ਕਾਰਨ ਲੋਕਾਂ ਨੇ ਉਸਾਰੀ ਦਾ ਕੰਮ ਬੰਦ ਕਰ ਦਿੱਤਾ ਹੈ। ਜੇਕਰ ਕਿਤੇ ਕੰਮ ਮਿਲਦਾ ਹੈ ਤਾਂ ਤੇਜ ਗਰਮੀ ਕਾਰਨ ਲੋਹੇ ਦੇ ਔਜਾਰ ਇੰਨੇ ਗਰਮ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਫੜਿਆ ਨਹੀਂ ਜਾ ਸਕਦਾ।ਦੂਜਾ ਤੇਜ ਗਰਮੀ ਕਾਰਨ ਕੰਮ ਕਰਨਾ ਵੀ ਔਖਾ ਹੈ। ਕਈ ਮਜਦੂਰ ਕੰਮ ਕਰਦਿਆਂ ਬੇਹੋਸ ਹੋ ਗਏ ਹਨ। ਇਸ ਸਥਿਤੀ ਵਿੱਚ ਸਰਕਾਰ ਨੂੰ ਸਾਡੀ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੇ ਪਰਿਵਾਰ ਚਲਾ ਸਕੀਏ। ਇਸੇ ਤਰ੍ਹਾਂ ਸਿਹਤ ਵਿਭਾਗ ਨੇ ਗਰਮੀ ਤੋਂ ਬਚਣ ਲਈ ਐਡਵਾਈਜਰੀ ਜਾਰੀ ਕੀਤੀ ਹੈ। ਇਸ ਦੇ ਮੁਤਾਬਕ ਗਰਮੀ ਤੋਂ ਬਚਣ ਲਈ ਨੀਬੂ ਪਾਣੀ ਪੀਣਾ ਚਾਹੀਦਾ ਹੈ। ਜੇਕਰ ਤੁਸੀਂ ਦਿਲ, ਗੁਰਦੇ ਜਾਂ ਜਿਗਰ ਦੀਆਂ ਬੀਮਾਰੀਆਂ ਤੋਂ ਪੀੜਤ ਹੋ ਅਤੇ ਪਾਣੀ ਘੱਟ ਪੀਂਦੇ ਹੋ ਤਾਂ ਅਜਿਹੇ ਲੋਕਾਂ ਨੂੰ ਡਾਕਟਰ ਦੀ ਸਲਾਹ ਤੋਂ ਬਾਅਦ ਤਰਲ ਪਦਾਰਥਾਂ ਦਾ ਸੇਵਨ ਵਧਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਘਰ ਦੇ ਬਣੇ ਤਰਲ ਪਦਾਰਥ ਜਿਵੇਂ ਕਿ ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਆਦਿ ਦਾ ਸੇਵਨ ਕੀਤਾ ਜਾ ਸਕਦਾ ਹੈ, ਨਾਲ ਹੀ, ਬਾਹਰ ਜਾਣ ਸਮੇਂ ਹਮੇਸਾ ਹਲਕੇ ਰੰਗ ਦੇ ਕੱਪੜੇ ਪਹਿਨੋ। ਘਰ ਤੋਂ ਬਾਹਰ ਨਿਕਲਦੇ ਸਮੇਂ ਆਪਣੇ ਸਿਰ ਅਤੇ ਹੱਥਾਂ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ। ਟੋਪੀ ਅਤੇ ਛਤਰੀ ਦੀ ਵਰਤੋਂ ਕਰੋ। ਅੱਖਾਂ ਦੀ ਸੁਰੱਖਿਆ ਲਈ ਸਨਸਕ੍ਰੀਨ ਅਤੇ ਚਮੜੀ ਦੀ ਸੁਰੱਖਿਆ ਲਈ ਸਨਸਕ੍ਰੀਨ ਦੀ ਵਰਤੋਂ ਕਰੋ।

## ਚੋਰੀ ਦਾ ਮੋਟਰਸਾਈਕਲ ਵੇਚਣ ਜਾ ਰਹੇ ਭਰਾਵਾਂ 'ਤੇ ਪੁਲਸ ਦੀ ਦਬਿਸ਼

ਲੁਧਿਆਣਾ 20 ਜੂਨ। ਥਾਣਾ ਜੋਧੇਵਾਲ ਦੀ ਪੁਲਸ ਨੇ ਚੋਰੀ ਦੇ ਮੋਟਰਸਾਈਕਲ ਸਮੇਤ ਇਕ ਮੁਲਜਮ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਉਸ ਦਾ ਦੂਸਰਾ ਸਾਥੀ ਫਰਾਰ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਗੁਰਦਿਆਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ 2 ਨੌਜਵਾਨ ਚੋਰੀ ਦਾ ਮੋਟਰਸਾਈਕਲ ਵੇਚਣ ਲਈ ਲੁਧਿਆਣਾ ਵੱਲ ਜਾ ਰਹੇ ਹਨ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੌਕੇ 'ਤੇ ਮੋਹਿਤ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ

# ਲੱਦਾਖ ਤੋਂ ਝਾਰਖੰਡ ਤੱਕ, ਉੱਤਰ-ਪੱਛਮੀ ਭਾਰਤ 'ਚ ਗਰਮੀ ਦਾ ਪ੍ਰਕੋਪ

ਕਿਸ਼ਨ ਪਾਲ

ਨਵੀਂ ਦਿੱਲੀ 20 ਜੂਨ। ਲੱਦਾਖ ਤੋਂ ਲੈ ਕੇ ਝਾਰਖੰਡ ਅਤੇ ਉੱਤਰ-ਪੱਛਮੀ ਭਾਰਤ ਦਾ ਵੱਡਾ ਹਿੱਸਾ ਭਿਆਨਕ ਗਰਮੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਉੱਤਰ ਪ੍ਰਦੇਸ ਦੇ ਪ੍ਰਯਾਗਰਾਜ 'ਚ ਵੱਧ ਤੋਂ ਵੱਧ ਤਾਪਮਾਨ 47.6 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਮੌਸਮ ਵਿਭਾਗ ਨੇ ਕਿਹਾ ਕਿ ਉੱਤਰ ਪ੍ਰਦੇਸ, ਹਰਿਆਣਾ, ਚੰਡੀਗੜ੍ਹ, ਦਿੱਲੀ, ਉੱਤਰਾਖੰਡ, ਹਿਮਾਚਲ ਪ੍ਰਦੇਸ, ਮੱਧ ਪ੍ਰਦੇਸ, ਝਾਰਖੰਡ ਅਤੇ ਬਿਹਾਰ ਵਿੱਚ ਜ਼ਿਆਦਾਤਰ ਥਾਵਾਂ 'ਤੇ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ (5.1 ਡਿਗਰੀ ਸੈਲਸੀਅਸ ਜਾਂ ਵੱਧ) ਰਿਹਾ। ਰਾਸਟਰੀ ਰਾਜਧਾਨੀ ਵਿੱਚ ਵੱਧ ਤੋਂ ਵੱਧ ਤਾਪਮਾਨ 45 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ ਸੱਤ ਡਿਗਰੀ ਵੱਧ ਹੈ। ਉੱਤਰਾਖੰਡ ਦੇ ਦੇਹਰਾਦੂਨ ਵਿੱਚ ਵੱਧ ਤੋਂ ਵੱਧ ਤਾਪਮਾਨ 43.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਮੌਸਮ ਦੇ ਆਮ ਨਾਲੋਂ 9.5 ਡਿਗਰੀ ਵੱਧ ਹੈ, ਜਦੋਂ ਕਿ ਹਿਮਾਚਲ ਪ੍ਰਦੇਸ ਦੇ ਊਨਾ ਵਿੱਚ ਵੱਧ ਤੋਂ ਵੱਧ ਤਾਪਮਾਨ 44 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਔਸਤ ਨਾਲੋਂ 6.7 ਡਿਗਰੀ ਸੈਲਸੀਅਸ ਵੱਧ ਹੈ। ਜੰਮੂ-ਕਸਮੀਰ ਦੇ ਕਟੜਾ 'ਚ ਵੱਧ ਤੋਂ ਵੱਧ ਤਾਪਮਾਨ 40.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 5.7 ਡਿਗਰੀ ਸੈਲਸੀਅਸ ਵੱਧ ਹੈ, ਜਦਕਿ ਜੰਮੂ 'ਚ ਪਾਰਾ



44.3 ਡਿਗਰੀ ਸੈਲਸੀਅਸ 'ਤੇ ਪਹੁੰਚ ਗਿਆ ਹੈ। ਝਾਰਖੰਡ ਦੇ ਡਾਲਟਨਗੰਜ ਵਿੱਚ ਵੱਧ ਤੋਂ ਵੱਧ ਤਾਪਮਾਨ 46 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 9.1 ਡਿਗਰੀ ਵੱਧ ਸੀ। ਮੌਸਮ ਵਿਭਾਗ ਨੇ ਅਗਲੇ 24 ਘੰਟਿਆਂ ਦੌਰਾਨ ਉੱਤਰ-ਪੱਛਮੀ ਭਾਰਤ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ ਕੋਈ ਬਦਲਾਅ ਨਹੀਂ ਹੋਣ ਦੀ ਭਵਿੱਖਬਾਣੀ ਕੀਤੀ ਹੈ। ਇਸ ਤੋਂ ਬਾਅਦ ਤਾਪਮਾਨ ਦੋ ਡਿਗਰੀ ਸੈਲਸੀਅਸ ਹੇਠਾਂ ਆਉਣ ਦੀ ਸੰਭਾਵਨਾ ਹੈ। ਹਾਲਾਂਕਿ, ਮੱਧ ਅਤੇ ਪੂਰਬੀ ਭਾਰਤ ਅਗਲੇ ਤਿੰਨ ਦਿਨਾਂ ਤੱਕ ਉੱਚ ਤਾਪਮਾਨ ਨਾਲ ਜੂਝਦਾ ਰਹੇਗਾ ਅਤੇ ਇਸ ਤੋਂ ਬਾਅਦ ਕੁਝ ਰਾਹਤ ਦੀ ਉਮੀਦ ਹੈ। ਪੰਜਾਬ ਅਤੇ ਹਰਿਆਣਾ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਗਰਮੀ ਵਿੱਚ ਕੋਈ ਕਮੀ ਨਹੀਂ ਆਈ ਹੈ ਅਤੇ ਬਠਿੰਡਾ ਵਿੱਚ ਤਾਪਮਾਨ 46.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਸਥਾਨਕ ਮੌਸਮ ਕੇਂਦਰ ਦੇ ਅਨੁਸਾਰ, ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 44.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਰਾਜਸਥਾਨ 'ਚ ਸੋਮਵਾਰ ਨੂੰ ਹੀਟ ਵੇਵ ਦੀਆਂ ਸਥਿਤੀਆਂ ਤੇਜ ਹੋ ਗਈਆਂ, ਕਈ ਥਾਵਾਂ 'ਤੇ ਵੱਧ ਤੋਂ ਵੱਧ ਤਾਪਮਾਨ ਪਿਛਲੇ ਦਿਨ ਨਾਲੋਂ ਇਕ ਤੋਂ ਛੇ ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿੱਚ ਜ਼ਿਆਦਾਤਰ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਆਮ ਨਾਲੋਂ 2 ਤੋਂ 8.1 ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ।

## ਖੁਦਕੁਸ਼ੀ ਕਰਨ ਲਈ ਲੁਧਿਆਣਾ ਰੇਲਵੇ ਸਟੇਸ਼ਨ ਦੇ ਪੁਲ 'ਤੇ ਚੜ੍ਹੀ ਕੁੜੀ !

ਲੁਧਿਆਣਾ 20 ਜੂਨ। ਲੁਧਿਆਣਾ ਰੇਲਵੇ ਸਟੇਸ਼ਨ 'ਤੇ ਅੱਜ ਉਸ ਵੇਲੇ ਹੰਗਾਮਾ ਹੋ ਗਿਆ ਜਦੋਂ ਇਕ ਕੁੜੀ ਪਲੇਟਫਾਰਮ 'ਤੇ ਬਣੇ ਪੁਲ 'ਤੇ ਜਾ ਚੜ੍ਹੀ ਅਤੇ ਉੱਥੋਂ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਨ ਲੱਗ ਪਈ। ਉੱਥੇ ਮੌਜੂਦ ਲੋਕਾਂ ਨੇ ਉਸ ਨੂੰ ਵੇਖਿਆ ਤਾਂ ਰੌਲਾ ਪਾ ਦਿੱਤਾ। ਇਸ ਮਗਰੋਂ ਮੌਕੇ 'ਤੇ ਪਹੁੰਚੀ ਪੁਲਸ ਨੇ ਕੁੜੀ ਨੂੰ ਹੇਠਾਂ ਉਤਾਰਿਆ ਤੇ ਮਾਮਲਾ ਸ਼ਾਂਤ ਕੀਤਾ। ਜਾਣਕਾਰੀ ਮੁਤਾਬਕ ਅੱਜ ਇਕ ਕੁੜੀ ਰੇਲਵੇ ਸਟੇਸ਼ਨ 'ਤੇ ਪਲੇਟਫਾਰਮ ਨੰਬਰ 6 'ਤੇ ਬਣੇ ਪੁਲ 'ਤੇ ਖੁਦਕੁਸ਼ੀ ਕਰਨ ਲਈ ਜਾ ਚੜ੍ਹੀ। ਉੱਥੇ ਮੌਜੂਦ ਲੋਕਾਂ ਨੇ ਉਸ ਨੂੰ ਦੇਖਿਆਂ ਤਾਂ ਰੇਲਵੇ ਸਟੇਸ਼ਨ 'ਤੇ ਭਾਜੜਾਂ ਪੈ ਗਈਆਂ। ਲੋਕਾਂ ਦੇ ਸ਼ੋਰ ਸ਼ਰਾਬੇ ਮਗਰੋਂ ਥਾਣਾ ਜੀ.ਆਰ.ਪੀ. ਦੀ ਪੁਲਸ ਮੌਕੇ 'ਤੇ ਪਹੁੰਚੀ। ਇਸ ਮਗਰੋਂ ਬੜੀ ਮੁਸ਼ੱਕਤ ਤੋਂ ਬਾਅਦ ਕੁੜੀ ਨੂੰ ਹੇਠਾਂ ਉਤਾਰਿਆ ਗਿਆ।

## ਵਿਆਹੁਤਾ ਨੂੰ ਵਿਦੇਸ਼ ਲੈ ਜਾਣ ਤੇ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਕੀਤਾ ਗੈਂਗਰੇਪ

ਭਵਾਨੀਗੜ੍ਹ 20 ਜੂਨ। ਵਿਆਹੁਤਾ ਨਾਲ ਗੈਂਗਰੇਪ ਕਰਨ, ਉਸ ਦੀ ਅਸ਼ਲੀਲ ਵੀਡੀਓ ਬਣਾਉਣ ਤੇ ਉਸਦੀ ਕੁੱਟ-ਮਾਰ ਕਰਨ ਦੇ ਲਾਏ ਦੋਸ਼ਾਂ ਤਹਿਤ ਪੁਲਸ ਵੱਲੋਂ ਉਕਤ ਵਿਅਕਤੀ ਸਮੇਤ ਉਸਦੇ ਤਿੰਨ ਤੋਂ ਵੱਧ ਦੋਸਤਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਵਿਆਹੁਤਾ ਨੇ ਦੱਸਿਆ ਕਿ ਉਸਦੇ ਗੁਆਂਢ 'ਚ ਰਹਿੰਦੇ ਇਕ ਵਿਆਹੇ ਵਿਅਕਤੀ ਲਾਡੀ ਨੇ ਉਸ ਨੂੰ ਮਲੇਸ਼ੀਆ ਲੈ ਜਾਣ ਅਤੇ ਉਸ ਨਾਲ ਵਿਆਹ ਕਰਵਾਉਣ ਦਾ ਕਥਿਤ ਝਾਂਸਾ ਦਿੱਤਾ। ਉਹ ਉਸਦੀਆਂ ਗੱਲਾਂ 'ਚ ਆ ਕੇ ਆਪਣੇ ਘਰੋਂ 25 ਤੋਲੇ ਚਾਂਦੀ, 2 ਤੋਲੇ ਸੋਨਾ ਅਤੇ 2 ਲੱਖ ਰੁਪਏ ਦੀ ਨਕਦੀ ਲੈ ਕੇ ਉਕਤ ਵਿਅਕਤੀ ਨੂੰ ਮਿਲਣ ਲਈ ਬੱਸ ਅੱਡੇ 'ਤੇ ਚਲੀ ਗਈ। ਜਿਥੋਂ ਲਾਡੀ ਅਤੇ ਉਸਦੇ ਦੋਸਤ ਦੀਪਕ, ਸ਼ੌਕੀ, ਭਗਤੂ ਅਤੇ ਕੁਝ ਹੋਰ ਜਿਨ੍ਹਾਂ ਦੇ ਉਹ ਨਾਂ ਨਹੀਂ ਜਾਣਦੀ ਉਸ ਨੂੰ ਕਿਸੇ ਅਣਪਛਾਤੀ ਜਗ੍ਹਾ 'ਤੇ ਲੈ ਗਏ ਅਤੇ ਉਥੇ ਇਕ ਕਮਰੇ 'ਚ ਉਸਦੇ ਹੱਥ ਪੈਰ ਬੰਨ੍ਹ ਕੇ ਉਸ ਨੂੰ ਕੈਦ ਕਰ ਕੇ ਰੱਖ ਲਿਆ। ਇਸ ਦੌਰਾਨ ਲਾਡੀ ਨੇ ਮੇਰੇ ਨਾਲ ਜਬਰ-ਜਨਾਹ ਕੀਤਾ ਅਤੇ ਫਿਰ ਉਸਦੇ ਸਾਰੇ ਦੋਸਤਾਂ ਨੇ ਕੋਲਡ ਡਰਿੰਕ 'ਚ ਕੋਈ ਨਸ਼ੇ ਵਾਲੀ ਚੀਜ ਮਿਲਾ ਕੇ ਪਿਲਾ ਕੇ ਉਸ ਨਾਲ ਗੈਂਗਰੇਪ ਕੀਤਾ। ਔਰਤ ਨੇ ਦੋਸ਼ ਲਾਇਆ ਕਿ ਲਾਡੀ ਆਪਣੇ ਦੋਸ਼ਤਾਂ ਨਾਲ ਮਿਲ ਕੇ ਰੇਪ ਕਰਦੇ ਸਮੇਂ ਉਸ ਦੀਆਂ ਅਸ਼ਲੀਲ ਵੀਡੀਓ ਬਣਾਉਂਦਾ ਸੀ ਅਤੇ ਉਸਦੀ ਕੁੱਟ-ਮਾਰ ਕਰ ਕੇ ਵਾਰ-ਵਾਰ ਉਸ ਨਾਲ ਜਬਰ-ਜਨਾਹ ਕਰਦਾ ਸੀ। ਉਸਨੇ ਦੱਸਿਆ ਕਿ ਇਸ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਉਸ ਦੇ ਭਰਾ ਨੂੰ ਲੱਗਣ 'ਤੇ ਉਸ ਦੇ ਭਰਾ ਨੇ ਉਸ ਨੂੰ ਉਕਤ ਵਿਅਕਤੀ ਤੋਂ ਬਚਾਇਆ ਅਤੇ ਉਸ ਨੂੰ ਆਪਣੇ ਨਾਲ ਉਸ ਦੇ ਘਰ ਲੈ ਗਿਆ। ਹੁਣ ਉਹ ਡਰਦੀ ਆਪਣੇ ਪਤੀ ਨਾਲ ਆਪਣੇ ਪੇਕੇ ਘਰ ਹੀ ਰਹਿ ਰਹੀ ਹੈ

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਪਰਮਿੰਦਰ ਚਿੜੀ ਸਣੇ ਦੋ ਦਾ ਐਨਕਾਊਂਟਰ

ਫਰੀਦਕੋਟ 20 ਜੂਨ।ਲੁੱਟ-ਖੋਹ ਅਤੇ ਫਿਰੌਤੀ ਦੇ ਮਾਮਲੇ ਵਿਚ ਲੋੜੀਂਦੇ ਮੁਲਜਮਾਂ ਦਾ ਪੁਲਸ ਵਲੋਂ ਐਨਕਾਊਂਟਰ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਮੁਲਜਮਾਂ ਬਾਰੇ ਸੂਚਨਾ ਮਿਲਣ ਤੋਂ ਬਾਅਦ ਪੁਲਸ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਪਹੁੰਚੀ ਹੋਈ ਸੀ। ਇਸ ਦੌਰਾਨ ਮੁਲਜਮਾਂ ਨੇ ਪੁਲਸ 'ਤੇ ਫਾਇਰਿੰਗ ਕਰ ਦਿੱਤੀ। ਇਸ 'ਤੇ ਪੁਲਸ ਵੱਲੋਂ ਵੀ ਜਵਾਬੀ ਕਾਰਵਾਈ ਕੀਤੀ ਗਈ। ਇਸ ਮੁਕਾਬਲੇ ਦੌਰਾਨ ਦੋ ਮੁਲਜਮਾਂ ਦੀਆਂ ਲੱਤਾਂ ਵਿਚ ਗੋਲੀਆਂ ਲੱਗਣ ਕਾਰਨ ਉਹ ਜਖਮੀ ਹੋ ਗਏ। ਦੂਜੇ ਪਾਸੇ ਡੀ. ਐੱਸ. ਪੀ. ਸਮਸੇਰ ਸਿੰਘ ਸੇਰਗਿੱਲ ਅਨੁਸਾਰ ਸੱਕੀ ਵਿਅਕਤੀਆਂ ਦੀ ਸੂਚਨਾ ਮਿਲਣ 'ਤੇ ਪੁਲਸ ਉਨ੍ਹਾਂ ਨੂੰ ਕਾਬੂ ਕਰਨ ਲਈ ਪੁੱਜੀ ਸੀ।

## ਭਿਆਨਕ ਹਾਦਸੇ ਨੇ ਉਜਾੜਿਆ ਪਰਿਵਾਰ, 22 ਸਾਲਾ ਨੌਜਵਾਨ ਪੁੱਤ ਦੀ ਮੌਤ

ਫਿਰੋਜ਼ਪੁਰ 20 ਜੂਨ। ਫਿਰੋਜ਼ਪੁਰ ਦੇ ਪਿੰਡ ਲਹਿਰਾ ਬੇਟ ਵਿਚ ਇਕ ਬੋਲੈਰੋ ਪਿਕਅੱਪ ਗੱਡੀ ਵੱਲੋਂ ਤੇਜ ਰਫਤਾਰ ਅਤੇ ਲਾਪਰਵਾਹੀ ਨਾਲ ਗੱਡੀ ਚਲਾਉਂਦੇ ਹੋਏ 22 ਮੋਟਰਸਾਈਕਲ ਚਾਲਕ ਨੂੰ ਦਰੜ ਕੇ ਮਾਰ ਦਿੱਤਾ ਅਤੇ ਇਸ ਹਾਦਸੇ ਨੂੰ ਲੈ ਕੇ ਥਾਣਾ ਮਖੂ ਦੀ ਪੁਲਸ ਨੇ ਬੋਲੈਰੋ ਪਿਕਅੱਪ ਗੱਡੀ ਨੰਬਰ ਪੀ.ਬੀ.10ਬੀ.ਆਰ.5939 ਦੇ ਅਣਪਛਾਤੇ ਚਾਲਕ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਥਾਣਾ ਮਖੂ ਦੇ ਏ.ਐੱਸ.ਆਈ ਬਲਵੰਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁਦੱਈ ਮੰਗਾ ਸਿੰਘ ਪੁੱਤਰ ਸਰਦਾਰਾ ਸਿੰਘ ਵਾਸੀ ਧਰਮਕੋਟ ਨੇ ਪੁਲਸ ਨੂੰ ਬਿਆਨ ਦਿੱਤਾ ਹੈ ਕਿ ਉਸ ਦਾ ਲੜਕਾ ਅਮਨਦੀਪ ਸਿੰਘ (22) ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਧਰਮਕੋਟ ਤੋਂ ਆਪਣੇ ਮਾਸੜ ਮੁਨਸ਼ੀ ਸਿੰਘ ਨੂੰ ਮਿਲਣ ਲਈ ਪਿੰਡ ਸੂਦਾਂ ਵੱਲ ਜਾ ਰਿਹਾ ਸੀ। ਇਸ ਦੌਰਾਨ ਜਦੋਂ ਉਹ ਪਿੰਡ ਲਹਿਰਾ ਬੇਟ ਨੇੜੇ ਪਹੁੰਚਿਆ ਤਾਂ ਇਕ ਤੇਜ਼ ਰਫਤਾਰ ਅਤੇ ਲਾਪਰਵਾਹੀ ਦੇ ਨਾਲ ਜਾ ਰਹੀ ਪਿਕਅੱਪ ਗੱਡੀ ਨੇ ਉਸ ਨੂੰ ਦਰੜ ਦਿੱਤਾ। ਇਸ ਹਾਦਸੇ ਨੂੰ ਲੈ ਕੇ ਪੁਲਸ ਵੱਲੋਂ ਅਣਪਛਾਤੇ ਡਰਾਈਵਰ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਸਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ

ਏਜੰਸੀਆਂ

ਅੰਮ੍ਰਿਤਸਰ 20 ਜੂਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਦੇ ਨਾਲ-ਨਾਲ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ 450 ਸਾਲਾ ਸ਼ਤਾਬਦੀਆਂ ਸਬੰਧੀ ਲੋਗੋ ਅਤੇ ਹੋਰ ਸਮੱਗਰੀ ਵੀ ਜਾਰੀ ਕੀਤੀ ਗਈ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਤੰਬਰ ਮਹੀਨੇ ਦੋ ਸ਼ਤਾਬਦੀਆਂ ਵੱਡੇ ਪੱਧਰ 'ਤੇ ਮਨਾਈਆਂ ਜਾਣੀਆਂ ਹਨ, ਜਿਸ ਦੀਆਂ ਤਿਆਰੀ ਲਗਪਗ ਮੁਕੰਮਲ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ ਕੀਤਾ ਜਾ ਰਿਹਾ ਹੈ। ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥਿਆਂ ਵੱਲੋਂ ਪਿੰਡ-ਪਿੰਡ ਤੱਕ ਪਹੁੰਚ ਕਰਕੇ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ ਅਤੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਹਲਕਾ ਪੱਧਰ 'ਤੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਇਕੱਤਰਤਾ 'ਚ ਲਏ ਇਕ ਹੋਰ ਫੈਸਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤਧਾਰੀ ਸਿੱਖ ਬੱਚੀਆਂ ਨੂੰ ਮੁਫ਼ਤ ਵਿਦਿਆ ਦੇਣ ਦਾ



ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵਿਖੇ ਗੁਰਸਿੱਖ ਬੱਚੀਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ। ਇਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 100 ਬੱਚੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਜਿਸ ਦਾ ਵਿਸਥਾਰ ਕਰਦੇ ਇਹ ਸੀਟਾਂ 150 ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬੀਤੇ ਦਿਨੀਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਵਿਖੇ ਗ੍ਰੰਥੀ ਸਿੰਘ ਦੀ ਬੇਟੀ ਨਾਲ ਵਾਪਰੀ ਘਟਨਾ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਤੇਜਿੰਦਰਪਾਲ ਸਿੰਘ ਲਾਡਵਾ ਨੂੰ ਭੇਜਿਆ ਗਿਆ ਸੀ, ਜਿਨ੍ਹਾਂ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਮਦਦ ਦਾ ਭਰੋਸਾ ਦਿਵਾਇਆ। ਸ਼੍ਰੋਮਣੀ ਕਮੇਟੀ ਦੇ ਇਸ ਵਫ਼ਦ ਨੇ ਪ੍ਰਸ਼ਾਸਨ ਨਾਲ ਵੀ ਸੰਪਰਕ ਕਰਕੇ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਫ਼ਸੋਸ ਹੈ ਕਿ ਇਸ ਮੰਦਭਾਗੀ ਘਟਨਾ ਦੇ ਦੋਸ਼ੀਆਂ ਵਿੱਚੋਂ ਦੋ ਵਿਅਕਤੀ ਸਤਾਧਾਰੀ ਪਾਰਟੀ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਦੇ ਸਾਰੇ ਦੋਸ਼ੀ ਤੁਰੰਤ ਗ੍ਰਿਫ਼ਤਾਰ ਕੀਤੇ ਜਾਣ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਵਾਇਆ ਜਾਵੇ। ਇਕੱਤਰਤਾ 'ਚ ਧਰਮ ਪ੍ਰਚਾਰ ਕਮੇਟੀ ਨਾਲ ਸਬੰਧਤ ਹੋਰ ਮਾਮਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

# ਆਸਮਾਨ ਤੋਂ ਵਰਨ ਲੱਗੀ ਅੱਗ, ਅੱਤ ਦੀ ਗਰਮੀ ਕਾਰਨ ਮਨੁੱਖੀ ਜੀਵਨ 'ਚ ਆਈ ਖੜੋਤ

ਏਜੰਸੀਆਂ

ਸੁਲਤਾਨਪੁਰ ਲੋਧੀ 20 ਜੂਨ। ਅੱਤ ਦੀ ਗਰਮੀ ਅਤੇ ਲੂ ਨੇ ਮਨੁੱਖੀ ਜੀਵਨ 'ਚ ਖੜੋਤ ਲਿਆ ਦਿੱਤੀ ਹੈ। ਹਾਲੇ ਵੀ ਕੁਝ ਦਿਨਾਂ ਤੱਕ ਕੋਈ ਵੀ ਰਾਹਤ ਮਿਲਣ ਦੀ ਆਸ ਨਹੀਂ ਹੈ। ਕਿਸੇ ਕੰਮ ਲਈ ਘਰੋਂ ਬਾਹਰ ਨਿਕਲਣ ਸਮੇਂ ਇੰਝ ਲੱਗ ਰਿਹਾ ਹੈ ਕਿ ਜਿਵੇਂ ਆਸਮਾਨ ਤੋਂ ਅੱਗ ਵਰ ਰਹੀ ਹੈ। ਪਾਵਨ ਨਗਰੀ ਸੁਲਤਾਨਪੁਰ ਲੋਧੀ ਵੀ ਬੀਤੇ 4-5 ਦਿਨਾਂ ਤੋਂ ਭੱਠੀ ਵਾਂਗ ਤਪ ਰਹੀ ਹੈ। ਅੱਜ ਤਾਪਮਾਨ 47 ਡਿਗਰੀ ਨੂੰ ਵੀ ਪਾਰ ਕਰ ਗਿਆ, ਜਿਸ ਨਾਲ ਜਿੱਥੇ ਲੋਕਾਂ ਦੀਆਂ ਮੁਸਕਿਲਾਂ ਹੋਰ ਆਉਣ ਵਾਲੇ ਦਿਨਾਂ 'ਚ ਵਧਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਾਹਿਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਲੋਕਾਂ ਨੂੰ ਇਸ ਤੋਂ ਹੋਰ ਤੇਜ ਗਰਮੀ ਕਾਰਨ ਇਹ ਕਹਿਰ ਹੋਰ ਵੀ ਰੁਲੇਗਾ। ਦੱਸਣਯੋਗ ਹੈ ਕਿ ਜਿੱਥੇ ਇਕ ਪਾਸੇ ਤੇਜ ਗਰਮੀ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ, ਉੱਥੇ ਜ਼ਿਲ੍ਹਾ ਪ੍ਰਸਾਸਨ ਅਤੇ ਸਿਹਤ ਵਿਭਾਗ ਵੱਲੋਂ ਪਹਿਲਾਂ ਹੀ ਐਡਵਾਈਜਰੀ ਜਾਰੀ ਕਰਕੇ ਲੋਕਾਂ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਆਪਣੇ ਘਰਾਂ 'ਚੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ। ਇਸ ਦੌਰਾਨ ਉਨ੍ਹਾਂ ਨੂੰ ਕੋਈ ਜਰੂਰੀ ਕੰਮ ਹੋਣ 'ਤੇ ਹੀ ਬਾਹਰ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਅੱਤ ਦੀ ਗਰਮੀ ਕਾਰਨ ਡੀ ਹਾਈਡਰੇਸਨ ਅਤੇ ਹੀਟ ਸਟਰੋਕ ਦੇ ਮਾਮਲਿਆਂ ਵਿਚ ਵੀ ਲਗਾਤਾਰ ਵਾਧਾ ਹੁੰਦਾ ਦੇਖਿਆ ਜਾ ਰਿਹਾ ਹੈ। ਗਰਮੀ ਕਾਰਨ ਜਿੱਥੇ ਸਥਾਨਕ ਲੋਕ ਘਰਾਂ ਦੇ ਅੰਦਰ ਹੀ ਰਹਿਣ ਲਈ ਮਜਬੂਰ ਹਨ, ਉੱਥੇ ਹੀ ਪਾਵਨ ਨਗਰੀ ਵਿਚ ਇਤਿਹਾਸਿਕ ਗੁਰੂ ਧਾਮਾਂ ਦੇ ਦਰਸਨ ਲਈ ਪੁੱਜ ਰਹੀਆਂ ਸੰਗਤਾਂ ਨੂੰ ਵੀ ਅੱਤ ਦੀ ਗਰਮੀ ਕਾਰਨ ਪ੍ਰੇਸ਼ਾਨੀ ਝਲਣੀ ਪੈ ਰਹੀ ਹੈ। ਜਿਹੜੀਆਂ ਸੜਕਾਂ ਦਿਨ ਭਰ ਆਵਾਜਾਈ ਨਾਲ ਭਰੀਆਂ ਰਹਿੰਦੀਆਂ ਸਨ। ਅੱਜਕਲ੍ਹ ਲਗਭਗ ਪੂਰੀ ਤਰ੍ਹਾਂ ਸੁੰਨਸਾਨ ਵਿਖਾਈ ਦਿੰਦੀਆਂ ਹਨ। ਇਸ ਦੇ ਨਾਲ ਹੀ ਤੇਜ ਗਰਮੀ ਦੇ ਨਾਲ-ਨਾਲ ਤੇਜ ਗਰਮ ਹਵਾਵਾਂ ਲੂ ਦਾ ਵੀ ਬੁਰੀ ਤਰ੍ਹਾਂ ਪ੍ਰਭਾਵ ਪਿਆ ਹੈ। ਸਥਿਤੀ ਇਸ ਪੱਧਰ 'ਤੇ ਪਹੁੰਚ ਗਈ ਹੈ ਕਿ ਕਾਰਾਂ ਵਿਚ ਲੱਗੇ ਏ. ਸੀ. ਪੂਰੀ ਤਰ੍ਹਾਂ ਫੇਲ ਸਾਬਤ ਹੋ ਰਹੇ ਹਨ। ਲੋਕ ਚਿੰਤਤ ਹਨ ਕਿ ਜੇਕਰ ਹਾਲਾਤ ਪਹਿਲਾਂ ਹੀ ਇੰਨੇ ਭਿਆਨਕ ਬਣ ਚੁੱਕੇ ਹਨ ਤਾਂ ਆਉਣ ਵਾਲੇ ਦਿਨਾਂ ਵਿਚ ਸਥਿਤੀ ਕੀ ਹੋਵੇਗੀ। ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਐੱਸ. ਐੱਮ. ਓ. ਡਾਕਟਰ ਰਵਿੰਦਰ ਪਾਲ ਸ਼ੁਭ ਨੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਗਰਮੀ ਅਤੇ ਲੂ ਤੋਂ ਬਚਾਅ ਲਈ ਤੰਦਰੁਸਤ ਰਹਿਣ ਲਈ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਗਰਮ ਹਵਾਵਾਂ ਸਾਡੀ ਤ੍ਰੇ ਪਿਆਸ ਵਧਾਉਣ ਦੇ ਨਾਲ-ਨਾਲ ਸਾਡੇ ਸਰੀਰ ਖਾਸ ਕਰ ਕੇ ਅੱਖਾਂ ਤੇ ਚਮੜੀ ਨੂੰ ਵੀ ਪੂਰੀ ਤਰ੍ਹਾਂ ਚਲਸਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਆਦਾ ਗਰਮੀ ਹੋਣ 'ਤੇ ਸਾਡਾ ਸਰੀਰ ਪਸੀਨੇ ਦੇ ਰੂਪ ਵਿਚ ਗਰਮੀ ਬਾਹਰ ਕੱਢਦਾ ਹੈ ਅਤੇ ਤਾਪਮਾਨ ਨੂੰ



ਕੰਟਰੋਲ ਵਿਚ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸਾਵਧਾਨੀਆਂ ਨੂੰ ਅਮਲ 'ਚ ਲਿਆ ਕੇ ਘਰ ਵਿਚ ਰਹੋ, ਸੁਰੱਖਿਆਤ ਰਹੋ ਅਤੇ ਸਵਾਸਥ ਰਹੋ। ਸੂਬੇ ਵਿਚ ਅੱਤ ਦੀ ਪੈ ਰਹੀ ਗਰਮੀ ਕਾਰਨ ਲੋਕਾਂ ਦਾ ਪਹਾੜੀ ਇਲਾਕਿਆਂ ਵਿਚ ਜਾਣ ਦਾ ਰੁਝਾਨ ਵੱਧ ਗਿਆ ਹੈ ਅਤੇ ਗਰਮੀ ਤੋਂ ਥੋੜੀ ਰਾਹਤ ਪਾਉਣ ਲਈ ਲੋਕ ਠੰਢੇ ਪਹਾੜੀ ਇਲਾਕਿਆਂ ਵਿਚ ਜਿੱਥੇ ਘੁੰਮਣ ਲਈ ਜਾ ਰਹੇ ਹਨ, ਉੱਥੇ ਮੌਸਮ ਦਾ ਵੀ ਆਨੰਦ ਮਾਣ ਰਹੇ ਹਨ। ਗਰਮੀ ਤੋਂ ਬਚਾਅ ਲਈ ਲੋਕਾਂ ਨੇ ਹਿਮਾਚਲ ਪ੍ਰਦੇਸ ਦੇ ਪ੍ਰਸਿੱਧ ਹਿਲ ਸਟੇਸਨ ਮਨਾਲੀ, ਸ਼ਿਮਲਾ, ਕੁਫਰੀ, ਧਰਮਸਾਲਾ, ਮਕਲੋਡਗੰਜ ਦਾ ਰੁੱਖ ਕੀਤਾ ਹੋਇਆ ਹੈ। ਇਕ ਅਨੁਮਾਨ ਮੁਤਾਬਕ 6 ਲੱਖ ਤੋਂ ਵੀ ਵੱਧ ਸੈਲਾਨੀ ਪਹਾੜੀ ਖੇਤਰਾਂ ਵਿਚ ਪਹੁੰਚ ਕੇ ਜਿੱਥੇ ਗਰਮੀ ਤੋਂ ਰਾਹਤ ਮਹਿਸੂਸ ਕਰ ਰਹੇ ਹਨ, ਉੱਥੇ ਛੁੱਟੀਆਂ ਦਾ ਵੀ ਆਨੰਦ ਲੈ ਰਹੇ ਹਨ। ਇਸ ਤੋਂ ਇਲਾਵਾ ਲੋਕ ਹਿਮਾਚਲ ਪ੍ਰਦੇਸ ਵਿਚ ਸਥਿਤ ਧਾਰਮਿਕ ਅਸਥਾਨਾਂ ਦੀ ਯਾਤਰਾ ਦੇ ਨਾਲ-ਨਾਲ ਗਰਮੀ ਤੋਂ ਛੁਟਕਾਰਾ ਪਾਉਣ ਲਈ ਆਪਣੇ ਪਰਿਵਾਰ ਸਮੇਤ ਜਾ ਰਹੇ ਹਨ। ਉੱਤਰਾਖੰਡ ਵਿਚ ਮਨਸੂਰੀ, ਹਰਿਦੁਆਰ, ਨੈਨੀਤਾਲ ਵਿਚ ਵੀ ਸਲਾਨੀਆਂ ਦੀ ਕਾਫੀ ਆਮਦ ਹੋ ਗਈ ਹੈ।

## ਤੇਜ ਰਫਤਾਰ ਗੱਡੀ ਨੇ ਪਰਿਵਾਰ 'ਤੇ ਢਾਹਿਆ ਕਹਿਰ ! ਮੋਟਰਸਾਈਕਲ 'ਤੇ ਜਾ ਰਹੇ ਪਿਓ-ਪੁੱਤ ਨੂੰ ਮਾਰੀ ਟੱਕਰ

ਸਮਰਾਲਾ 20 ਜੂਨ। ਬੀਤੀ ਸਾਮ ਸਮਰਾਲਾ ਦੇ ਨੇੜੇ ਪਿੰਡ ਬਾਲਿਓ ਦੇ ਕੋਲ ਇਕ ਮੋਟਰਸਾਈਕਲ ਤੇ ਮਹਿੰਦਰਾ ਪਿਕ-ਅੱਪ ਦੀ ਟੱਕਰ ਹੋ ਗਈ ਜਿਸ ਵਿਚ ਮੋਟਰਸਾਈਕਲ 'ਤੇ ਸਵਾਰ ਪਿਤਾ ਅਤੇ ਪੁੱਤਰ 'ਚੋਂ ਪਿਤਾ ਬਲਜੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪੁੱਤਰ ਸੁਖਰਾਜ ਸਿੰਘ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਗੰਭੀਰ ਰੂਪ ਵਿਚ ਜਖਮੀ ਹੋਏ ਨੌਜਵਾਨ ਨੂੰ ਸਮਰਾਲਾ ਦੇ ਹਸਪਤਾਲ ਵਿਚ ਲਿਆਂਦਾ ਗਿਆ ਜਿੱਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਲੁਧਿਆਣਾ ਦੇ ਫੋਰਟਿਸ ਹਸਪਤਾਲ ਦੇ ਵਿਚ ਰੈਫਰ ਕਰ ਦਿੱਤਾ ਗਿਆ। ਪੀੜਤ ਪਰਿਵਾਰ ਵੱਲੋਂ ਮ੍ਰਿਤਕ ਬਲਜੀਤ ਸਿੰਘ ਦੀ ਮੌਤ ਦਾ ਕਾਰਨ ਦੇਰੀ ਨਾਲ ਐਂਬੂਲੈਂਸ ਦਾ ਹਸਪਤਾਲ ਵਿਚ ਆਉਣਾ ਦੱਸਿਆ ਗਿਆ। ਪੀੜਤ ਪਰਿਵਾਰ ਨੇ ਇਲਜਾਮ ਲਗਾਇਆ ਕਿ ਜੇਕਰ ਹਸਪਤਾਲ ਵਿਚ ਐਂਬੂਲੈਂਸ ਸਮੇਂ 'ਤੇ ਹਾਜਰ ਹੁੰਦੀ ਤਾਂ ਬਲਜੀਤ ਸਿੰਘ ਦੀ ਜਾਨ ਬਚ ਜਾਣੀ ਸੀ। ਸਿਵਲ ਹਸਪਤਾਲ ਵਿਚ ਪੀੜਤ ਪਰਿਵਾਰ ਵਲੋਂ ਐਂਬੂਲੈਂਸ ਚਾਲਕ ਨਾਲ ਹੰਗਾਮਾ ਵੀ ਹੋਇਆ। ਮੌਕੇ 'ਤੇ ਮੌਜੂਦ ਵਿੱਕੀ ਨੇ ਦੱਸਿਆ ਕਿ ਤੇਜ ਰਫਤਾਰ ਮਹਿੰਦਰਾ ਪਿਕ-ਅੱਪ ਵਿਚ ਚਾਰ ਵਿਅਕਤੀ ਹੁੱਲੜਬਾਜੀ ਕਰਦੇ ਸਮਰਾਲਾ ਤੋਂ ਮਾਛੀਵਾੜਾ ਸਾਹਿਬ ਵੱਲ ਨੂੰ ਜਾ ਰਹੇ ਸੀ। ਬਲਜਿੰਦਰ ਸਿੰਘ ਆਪਣੇ ਬੇਟੇ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਾਲੇ ਤੋਂ ਸਮਰਾਲਾ ਵੱਲ ਨੂੰ ਆ ਰਿਹਾ ਸੀ ਤਾਂ ਰਸਤੇ ਵਿਚ ਮਹਿੰਦਰਾ ਪਿਕ-ਅੱਪ ਤੇ ਮੋਟਰਸਾਈਕਲ ਦੀ ਜੋਰਦਾਰ ਟੱਕਰ ਹੋ ਗਈ। ਵਿੱਕੀ ਨੇ ਦੱਸਿਆ ਚਾਲਕ ਤੋਂ ਗੱਡੀ ਦਾ ਸਟੇਰਿੰਗ ਦੂਸਰੀ ਸਾਈਡ ਹੋ ਗਿਆ, ਜਿਸ ਨਾਲ ਇਹ ਹਾਦਸਾ ਵਾਪਰ ਗਿਆ।